
ਸ਼ਾਮ ਸਿੰਘ
ਵਕਤ ਦੇ ਸਫ਼ੇ ਤੇ
ਸ਼ਾਮ ਸਿੰਘ
ਵਕਤ ਦੇ ਸਫ਼ੇ ਤੇ
ਵਕਤ ਦਾ ਸਫ਼ਾ ਏਨਾ ਖੁੱਲ੍ਹਾ ਹੈ ਕਿ ਉਸ ਉੱਤੇ ਜੋ ਮਰਜ਼ੀ ਲਿਖੀ ਜਾਈਏ ਉਹ ਕਿਸੇ ਵੀ ਸ਼ਬਦ ਤੋਂ ਮੁਨਕਰ ਨਹੀਂ ਹੁੰਦਾ। ਇਹ ਲਿਖਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਸਮੇਂ ਦਾ ਸੱਚ ਲਿਖਣਾ ਹੈ, ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਲਿਖਣਾ ਹੈ, ਸਮੇਂ ਦੇ ਹਾਣ ਦਾ ਹੋ ਕੇ, ਸਮੇਂ ਤੋਂ ਅੱਖ ਬਚਾ ਕੇ ਜਾਂ ਫੇਰ ਸਮੇਂ ਤੋਂ ਲਿਫ ਕੇ। ਸਫ਼ਾ ਤਾਂ ਹਰ ਸੋਚ ਨੂੰ ਆਪਣੇ ਆਪ ਵਿੱਚ ਸਮੋਅ ਲਵੇਗਾ ਪਰ ਜਵਾਬਦੇਹ ਤਾਂ ਉਸ ਸੋਚ ਦੇ ਸਿਰਜਕ ਨੂੰ ਹੀ ਹੋਣਾ ਪਵੇਗਾ। ਸੱਚ ਲਿਖਣ ਤੋਂ ਤਾਂ ਹਰ ਕੋਈ ਹੀ ਕਤਰਾਂਦਾ। ਸਮੇਂ ਦੀ ਅੱਖ 'ਚ ਅੱਖ ਪਾ ਕੇ ਲਿਖਣ ਵਾਲੇ ਬਹੁਤੇ ਨਹੀਂ ਹੁੰਦੇ। ਸਮੇਂ ਦੇ ਹਾਣ ਦਾ ਉਹ ਹੀ ਲਿਖ ਸਕਦਾ ਜਿਸ ਕੋਲ ਦਲੇਰੀ ਵੀ ਹੋਵੇ ਤੇ ਨਰੋਈ ਸੋਚ ਵੀ। ਸਮੇਂ ਤੋਂ ਅੱਖ ਬਚਾ ਕੇ ਲਿਖਣ ਵਾਲਿਆਂ ਦੀ ਥੋੜ ਨਹੀਂ ਤੇ ਇਹ ਹੀ ਹਾਲ ਹੈ ਲਿਫ ਕੇ ਲਿਖਣ ਵਾਲਿਆਂ ਦਾ। ਕੋਈ ਵੇਲਾ ਹੋਵੇ ਅਜਿਹੇ ਲੋਕ ਤਾਂ ਵਧਾ ਚੜ੍ਹਾ ਕੇ ਲਿਖਣਾ ਨਹੀਂ ਭੁੱਲਦੇ ਅਤੇ ਆਰਤੀਆਂ ਉਤਾਰਨ ਤੋਂ ਬਾਜ਼ ਨਹੀਂ ਆਉਂਦੇ। ਪਰ ਸਮੇਂ ਦੇ ਪਾਰਖੂਆਂ ਦੀ ਅੱਖ ਵਿੱਚ ਉਨ੍ਹਾਂ ਦੀ ਲਿਖਤ ਦਾ ਰੱਤੀ ਮੁੱਲ ਨਹੀਂ ਹੁੰਦਾ।
ਸ਼ਾਮ ਸਿੰਘ
Tarlochan
www.PunjabiLibrary.com

# ਵਕਤ ਦੇ ਸਫ਼ੇ 'ਤੇ

(ਲੇਖ-ਸੰਗ੍ਰਹਿ)

ਸ਼ਾਮ ਸਿੰਘ

*ਪੇਸ਼ਕਸ਼*

ਰਘਬੀਰ ਰਚਨਾ ਪ੍ਰਕਾਸ਼ਨ

© Author

Edition : 2009

Price : Rs. 150/-

ISBN : 978-81-7914-247-9

**Wakat De Safe Te**
(Short Essays)
by : Sham Singh
# 2020, 45-C, Chandigarh
(M) 98141-13338

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in

**ਵਕਤ ਦੇ ਸਫ਼ੇ ’ਤੇ** (ਲੇਖ-ਸੰਗ੍ਰਹਿ) ਲੇਖਕ : ਸ਼ਾਮ ਸਿੰਘ
**ਪ੍ਰਕਾਸ਼ਕ** : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
**ਛਾਪਕ** : ਮੋਨਾ ਐਂਟਰਪ੍ਰਾਈਜਸ, ਦਿੱਲੀ
**ਕਵਰ** : ਲਲਿਤ

## ਸਮਰਪਣ

ਪਤਨੀ-ਕੰਵਲਜੀਤ
ਧੀਆਂ-ਲਵਲੀਨ, ਜਸਕੀਰਤ ਅਤੇ ਰਮਣੀਕ
ਜੁਆਈ-ਮਨਦੀਪ ਅਤੇ ਸੰਨੀ
ਦੋਹਤੀ-ਏਕਨੂਰ
ਨੂੰ

## ਕੁਝ ਸ਼ਬਦ

ਇਹ ਛੋਟੇ ਛੋਟੇ ਲੇਖ 'ਵਕਤ ਦੇ ਸਫ਼ੇ 'ਤੇ' ਵਾਪਰਦੀਆਂ ਘਟਨਾਵਾਂ ਚੋਂ ਹੋ ਕੇ ਲੰਘਦੇ ਵੀ ਹਨ ਅਤੇ ਉਨ੍ਹਾਂ ਨੂੰ ਵੱਖਰੇ ਅੰਦਾਜ਼ 'ਚ ਬਿਆਨਦੇ ਵੀ । ਇਹ ਰਚਨਾਵਾਂ ਵਕਤ ਨਾਲ ਤੁਰੀਆਂ ਹਨ ਅਤੇ ਆਉਣ ਵਾਲੇ ਵਕਤਾਂ ਨਾਲ ਤੁਰਦੀਆਂ ਬੀਤੇ ਦਾ ਚੇਤਾ ਕਰਵਾਉਂਦੀਆਂ ਰਹਿਣਗੀਆਂ। ਇਹ ਸਾਧਾਰਨ ਹਨ ਪਰ ਚਿੰਤਨਸ਼ੀਲ ਪਾਠਕ ਲਈ ਚਿੰਤਨ-ਭਰਪੂਰ । ਇਨ੍ਹਾਂ 'ਚ ਸਵਾਲਾਂ ਨਾਲ ਨਿਪਟਣ ਦਾ ਯਤਨ ਵੀ ਹੈ ਅਤੇ ਜਾਗਦੇ ਸਿਰਾਂ ਵਾਲਿਆਂ ਲਈ ਸਵਾਲਾਂ ਦਾ ਲੰਮਾ ਸਿਲਸਿਲਾ ਪੈਦਾ ਕਰਨ ਦਾ ਯਤਨ ਵੀ । ਮੇਰੀ ਦੌੜ ਤਾਂ ਹੇਠਲੀਆਂ ਕਾਵਿ-ਸਤਰਾਂ ਜਿੰਨੀ ਸੀ ਪਰ ਪਾਠਕ ਫੈਸਲਾ ਕਰਨਗੇ ਕਿ ਮੈਂ ਕੋਈ ਸਫ਼ਰ ਤੈਅ ਕੀਤਾ ਵੀ ਹੈ ਕਿ ਨਹੀਂ ।

ਮੈਂ ਤਾਂ ਭਾਵਾਂ ਨੂੰ ਲੱਭਣ ਲਈ ਤੁਰਦਾ ਗਿਆ
ਮੈਂ ਤਾਂ ਅਰਥਾਂ ਦੀ ਭਾਲ 'ਚ ਮਨ ਗਾਹ ਲਏ
ਜਦ ਨ੍ਹੇਰੇ ਦੇ ਦਾਇਰੇ 'ਚ ਘਿਰ ਮੈਂ ਗਿਆ
ਹਰ ਸ਼ਬਦ ਮੇਰੇ ਲਈ ਗੁਰੂ ਹੋ ਗਿਆ।

ਮੈਂ ਤਾਂ ਤੁਰਿਆ ਸਾਂ ਸੋਚਣ ਦੇ ਰਾਹ 'ਤੇ ਸਿਰਫ਼
ਤਾਂ ਕਿ ਭਰ ਸਕਦਾ ਅੰਬਰ 'ਤੇ ਉੱਚੀ ਉਡਾਣ
ਤੁਰੇ ਜਾਂਦੇ ਹੀ ਚਿੰਤਨ ਦੀ ਰਹਿਮਤ ਹੋਈ
ਸਿਰ ਚੋਂ ਸ਼ਬਦਾਂ ਦਾ ਝਰਨਾ ਸ਼ੁਰੂ ਹੋ ਗਿਆ

**ਸ਼ਾਮ ਸਿੰਘ**

## ਤਤਕਰਾ


1 ਵਕਤ ਦੇ ਸਫ਼ੇ 'ਤੇ ਸੱਚ ਹੀ ਲਿਖੀਏ ਆਰਤੀਆਂ ਦਾ ਵੇਲਾ ਨਹੀਂ 7
2 ਕਿਉਂ ਵਿਕਦੇ ਨੇ ਸੁੰਦਰ ਸ਼ਹਿਰੀਂ ਚੌਕਾਂ ਵਿਚ ਮਜ਼ਦੂਰ 9
3 ਧੂਣੀ ਦਾ ਵਿਸਫੋਟ 12
4 ਇਹ ਦੁਨੀਆਂ ਹੈ ਮੇਲਾ ਮਿੱਤਰੋ ਰੂਹ ਦਾ ਰੰਗ ਨਾ ਜਾਣੇ 14
5 ਗੁੰਮਰਾਹ ਨਾ ਹੋ ਜਾਇਉ ਲੋਕੋ ਇਹ ਨੱਚਣ ਦਾ ਵੇਲਾ ਨਹੀਂ 16
6 ਹਵਾ 'ਤੇ ਕੌਣ ਲਿਖੇਗਾ ਅੱਜ ਕੱਲ੍ਹ, ਦਿਲ ਦੇ ਦਰਦਾਂ ਦਾ ਇਤਿਹਾਸ 19
7 ਜਿੱਤਣ ਲੀਡਰ ਹਾਰਨ ਲੋਕ 21
8 ਲਘੂ ਮਨੁੱਖ ਜਦੋਂ ਬਹਿ ਜਾਵਣ ਉੱਚੀਆਂ ਥਾਂਵਾਂ ਉੱਤੇ 23
9 ਮੈਂ ਵਿੱਚੋਂ ਨਾ ਲੱਭੇ ਬੰਦਾ 26
10 ਖਿਆਲਾਂ ਖਿਆਲਾਂ ਵਿਚ ਕਰਦਾ ਹੈ ਹਰ ਕੋਈ ਤਸਵੀਰਕਸ਼ੀ 29
11 ਚਿਰਾਂ ਤੋਂ ਲਾਰਿਆਂ ਉੱਤੇ ਟੰਗਿਆ ਭਾਰਤ ਦੇਸ਼ ਮਹਾਨ 31
12 ਛਾਇਆ ਰਹੇ ਜਦ ਸਿਰ ਦੇ ਉੱਤੇ ਸੁਪਨਮਈ ਅਸਮਾਨ 34
13 ਤਾਇਨਾਤ ਰਹਿੰਦੇ ਨੇ ਹਰ ਥਾਂ ਸਦਾ ਹੀ ਤਾਨਾਸ਼ਾਹ 36
14 ਮਨ ਦੀਆਂ ਅੱਖਾਂ ਜੇ ਖੁੱਲ੍ਹ ਜਾਵਣ, ਦਿਸ ਪੈਣ ਵਚਿੱਤਰ ਝਲਕਾਂ 39
15 ਦੋਗਲਿਆਂ ਰਾਹਾਂ ਦਾ ਪਾਂਧੀ ਪਾਰ ਕਦੇ ਨਾ ਲੰਘੇ 41
16 ਰੰਗਾਂ ਦੀ ਲੀਲ੍ਹਾ 43
17 ਪੈਣ ਜਦੋਂ ਸਤਰੰਗੀਆਂ ਪੀਂਘਾਂ 45
18 ਬਿਨ ਖੰਭਾਂ ਉਡਿਆ ਜਾ ਸਕਦੈ, ਮਨ ਅੰਦਰ ਜੇ ਹੋਵਣ ਸੁਪਨੇ 47
19 ਕੋਈ ਕੰਮ ਕਦੇ ਨਹੀਂ ਰੁਕਦਾ ਜੇ ਹੱਥ ਹੋਵਣ ਕਾਮੇ 50
20 ਰਚਨਾ ਹੀ ਖ਼ੁਦ ਕਲਗੀ ਹੁੰਦੀ, ਇਨਾਮ ਨਾ ਬਣਦਾ ਕੁੱਲਾ 52
21 ਆਓ ਸੋਚੀਏ ਕਿੱਦਾਂ ਦੀ ਹੋਊ ਵਲਵਲਿਆਂ ਦੀ ਰੈਲੀ 55
22 ਅੱਧੀ ਰਾਤੀਂ ਖਿੜੀ ਦੁਪਹਿਰ 58
23 ਪੂਰੇ ਦਾ ਪੂਰਾ ਹਾਂ ਮੈਂ : ਖੁੱਲ੍ਹੀ ਕਿਤਾਬ ਵਰਗਾ 60
24 ਮਨ ਤਾਂ ਬੋਲੇ ਸਮਿਆਂ ਅੱਗੇ ਪਰ ਕੋਈ ਨਾ ਸੁਣਦਾ 63
25 ਸਿਰਜ ਸਕੇ ਅਸਮਾਨ ਅਜੇ ਨਾ ਵੰਡਾਂ ਕਰੀ ਹਾਂ ਜਾਂਦੇ 66

| | | |
|---|---|---|
| 26 | ਵਗਦੀ ਰਹੂ ਜੇ ਸੋਚ ਨਿਰੰਤਰ, ਜੋਤ ਰਹੂਗੀ ਜਗਦੀ | 69 |
| 27 | ਦਿਲ ਵਿਚ ਅਕਸਰ ਵਗਦੇ ਰਹਿੰਦੇ ਰੰਗਾਂ ਦੇ ਦਰਿਆ | 71 |
| 28 | ਕਰਮਕਾਂਡ ਦੀਆਂ ਭੀੜਾਂ ਅੰਦਰ ਰੂਹ ਕਦੇ ਨਹੀਂ ਖਿੜ ਸਕਦੀ | 74 |
| 29 | ਕਿਣਮਿਣ ਹੋਵੇ ਮੱਥੇ ਅੰਦਰ ਰੂਹ ਅੰਦਰ ਬਰਸਾਤਾਂ | 76 |
| 30 | ਵਲਵਲੇ ਭਾਵੇਂ ਮੱਠੇ ਪੈ ਜਾਣ ਅੱਗ ਮਘਦੀ ਰਹਿਣੀ ਚਾਹੀਦੀ | 78 |
| 31 | ਚਾਪਲੂਸੀ ਕਿਉਂ ਕਰਦੀ ਹੈ ਹਰ ਖੇਤਰ ਵਿਚ ਹਮਲਾ | 81 |
| 32 | ਰਹਿਣ ਸਦਾ ਹੀ ਪੂਰੇ ਖੁੱਲ੍ਹੇ ਮਨ ਦੇ ਸਭ ਦਰਵਾਜ਼ੇ | 83 |
| 33 | ਕਿਉਂ ਸਭ ਗੱਪਾਂ ਮਾਰੀ ਜਾਂਦੇ ਵਿਸ਼ਵ ਤਾਂ ਪਿੰਡ ਨਹੀਂ ਬਣਿਆ | 86 |
| 34 | ਲਘੂ ਹਸਤੀਆਂ ਦੇ ਮਾਲਕ ਹਾਂ ਪਰ ਸ਼ੋਹਰਤ ਦੇ ਭੁੱਖੇ | 88 |
| 35 | ਵਾਰ ਵਾਰ ਖੜਕਾਂਦੇ ਰਹੀਏ ਮਨ ਦੇ ਬੂਹੇ ਖੁੱਲ੍ਹਦੇ ਨਾ | 90 |
| 36 | ਬੜੇ ਅਡੰਬਰ ਕਰਦੀ ਫਿਰਦੀ ਅੱਜ ਦੀ ਸੱਭਿਅਕ ਦੁਨੀਆਂ | 92 |
| 37 | ਕਿਉਂ ਨਾ ਮੰਨੀਏ ਹੁਣ ਸਭ ਆਪਾਂ ਬਣ ਬੈਠੇ ਹਾਂ ਪੇਟੂ | 94 |
| 38 | ਕਿਉਂ ਹਰੇਕ ਖੁਸ਼ੀ ਲਈ ਭੱਜਿਆ, ਦੁੱਖ ਕੋਈ ਨਾ ਚਾਹਵੇ | 97 |
| 39 | ਕਿਉਂ ਬਚਾਈਏ ਆਪੋ-ਆਪਣੇ? ਦੇਸ਼ ਨੂੰ ਕੌਣ ਬਚਾਊ? | 99 |
| 40 | ਕਿਉਂ ਬਦਲੇ ਦੀ ਅੱਗ ਲਈ ਫਿਰਦਾ ਇਹ ਸਾਰਾ ਸੰਸਾਰ | 101 |
| 41 | ਰੰਗ ਨਸਲ ਦੀ ਗੱਲ ਕਿਉਂ ਹੋਵੇ, ਪੁੱਛਦਾ ਫਿਰੇ ਓਬਾਮਾ | 103 |
| 42 | ਹੋਇਆ ਕਿਉਂ ਨਹੀਂ ਚਾਨਣ ਅਜੇ ਵੀ ਮਾਨਵ ਸਿਰਾਂ ਦੇ ਅੰਦਰ | 105 |
| 43 | ਨਿੱਖਰੇ ਮੌਸਮਾਂ ਅੰਦਰ ਵੀ ਕਿਉਂ ਰਾਜਾਸ਼ਾਹੀ ਕਾਇਮ ਰਹੇ | 107 |
| 44 | 'ਗੁਰੂ ਦੇ ਨਾਲ' ਕਿਉਂ ਕਹੀ ਜਾਈਏ, ਜਦ ਉਸ ਦੀ ਕੋਈ ਨਾ ਮੰਨੀਏਂ | 109 |
| 45 | ਕਿਧਰ ਜਾਵੇ ਆਮ ਆਦਮੀ ਠਗਦੀ ਫਿਰੇ ਸਿਆਸਤ | 111 |


# 1

## ਵਕਤ ਦੇ ਸਫ਼ੇ 'ਤੇ ਸੱਚ ਹੀ ਲਿਖੀਏ ਆਰਤੀਆਂ ਦਾ ਵੇਲਾ ਨਹੀਂ

ਵਕਤ ਦਾ ਸਫ਼ਾ ਏਨਾ ਖੁੱਲ੍ਹਾ ਹੈ ਕਿ ਉਸ ਉੱਤੇ ਜੋ ਮਰਜ਼ੀ ਲਿਖੀ ਜਾਈਏ ਉਹ ਕਿਸੇ ਵੀ ਸ਼ਬਦ ਤੋਂ ਮੁਨਕਰ ਨਹੀਂ ਹੁੰਦਾ। ਇਹ ਲਿਖਣ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਸ ਨੇ ਸਮੇਂ ਦਾ ਸੱਚ ਲਿਖਣਾ ਹੈ, ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਲਿਖਣਾ ਹੈ, ਸਮੇਂ ਦੇ ਹਾਣ ਦਾ ਹੋ ਕੇ, ਸਮੇਂ ਤੋਂ ਅੱਖ ਬਚਾ ਕੇ ਜਾਂ ਫੇਰ ਸਮੇਂ ਤੋਂ ਲਿਫ ਕੇ। ਸਫਾ ਤਾਂ ਹਰ ਸੋਚ ਨੂੰ ਆਪਣੇ ਆਪ ਵਿੱਚ ਸਮੋਅ ਲਵੇਗਾ ਪਰ ਜਵਾਬ-ਦੇਹ ਤਾਂ ਉਸ ਸੋਚ ਦੇ ਸਿਰਜਕ ਨੂੰ ਹੀ ਹੋਣਾ ਪਵੇਗਾ।

ਸੱਚ ਲਿਖਣ ਤੋਂ ਤਾਂ ਹਰ ਕੋਈ ਹੀ ਕਤਰਾਂਦਾ। ਸਮੇਂ ਦੀ ਅੱਖ 'ਚ ਅੱਖ ਪਾ ਕੇ ਲਿਖਣ ਵਾਲੇ ਬਹੁਤੇ ਨਹੀਂ ਹੁੰਦੇ। ਸਮੇਂ ਦੇ ਹਾਣ ਦਾ ਉਹ ਹੀ ਲਿਖ ਸਕਦਾ ਜਿਸ ਕੋਲ ਦਲੇਰੀ ਵੀ ਹੋਵੇ ਤੇ ਨਰੋਈ ਸੋਚ ਵੀ। ਸਮੇਂ ਤੋਂ ਅੱਖ ਬਚਾ ਕੇ ਲਿਖਣ ਵਾਲਿਆਂ ਦੀ ਥੋੜ ਨਹੀਂ ਤੇ ਇਹ ਹੀ ਹਾਲ ਹੈ ਲਿਫ ਕੇ ਲਿਖਣ ਵਾਲਿਆਂ ਦਾ। ਕੋਈ ਵੇਲਾ ਹੋਵੇ ਅਜਿਹੇ ਲੋਕ ਤਾਂ ਵਧਾ ਚੜ੍ਹਾ ਕੇ ਲਿਖਣਾ ਨਹੀਂ ਭੁੱਲਦੇ ਅਤੇ ਆਰਤੀਆਂ ਉਤਾਰਨ ਤੋਂ ਬਾਜ਼ ਨਹੀਂ ਆਉਂਦੇ। ਪਰ ਸਮੇਂ ਦੇ ਪਾਰਖੂਆਂ ਦੀ ਅੱਖ ਵਿੱਚ ਉਨ੍ਹਾਂ ਦੀ ਲਿਖਤ ਦਾ ਰੱਤੀ ਮੁੱਲ ਨਹੀਂ ਹੁੰਦਾ।

ਬੋਲਣਾ ਵੀ ਹਵਾ ਦੇ ਸਫ਼ੇ 'ਤੇ ਲਿਖਣ ਵਾਂਗ ਹੀ ਹੁੰਦਾ। ਭੋਗ ਵੇਲੇ ਜੇ ਕਿਤੇ ਮਿਤ੍ਰਕ ਉੱਠ ਸਕਦਾ ਹੋਵੇ ਤਾਂ ਉੱਚੀ ਉੱਚੀ ਬੋਲ ਕੇ ਸ਼ਰਧਾਂਜਲੀਆਂ ਦੇ ਰਹੇ ਬੁਲਾਰਿਆਂ ਨੂੰ ਤੁਰੰਤ ਬੋਲਣੋ ਹਟਾ ਦੇਵੇ। ਕਾਰਨ ਕਿ ਬੋਲਣ ਵਾਲਿਆਂ ਕੋਲ ਆਮ ਤੌਰ 'ਤੇ ਝੂਠੇ ਅਤੇ ਬੇਲੋੜੇ ਬੋਲਾਂ ਦੀ ਆਰਤੀ ਹੁੰਦੀ ਹੈ, ਸੱਚ ਦੇ ਤਾਰਿਆਂ ਦੀ ਲੋਅ ਨਹੀਂ। ਅਜਿਹੇ ਲੋਕ ਫੋਕੀ ਫੂਕ ਦਾ ਵਪਾਰ ਕਰਦੇ ਹਨ ਅਤੇ ਹਨੇਰੇ ਰਾਹਾਂ ਦੀ ਯਾਤਰਾ। ਅਜਿਹੇ ਲੋਕ ਧਰਤੀ ਤੋਂ ਜਾ ਚੁੱਕੇ ਨੂੰ ਲੋਕ ਕਵੀ, ਯੁੱਗ ਲੇਖਕ, ਮਹਾਂਪੁਰਸ਼ ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਵਿਸ਼ੇਸ਼ਣਾਂ ਨਾਲ ਨਿਵਾਜ਼ਦੇ ਹਨ ਕਿ ਪੜ੍ਹਨ ਸੁਣਨ ਵਾਲਾ ਸ਼ਰਮਿੰਦਾ ਹੋ ਕੇ ਰਹਿ ਜਾਂਦਾ ।

ਚੇਤੰਨ ਲੋਕਾਂ ਤੇ ਜਾਗਦੀਆਂ ਕਲਮਾਂ ਨੂੰ ਝੂਠੇ ਤੇ ਫੋਕੇ ਵਿਸ਼ੇਸ਼ਣਾਂ ਦੇ ਅਡੰਬਰਾਂ ਤੋਂ ਦੂਰ ਰਹਿ ਕੇ ਸੱਚ ਦਾ ਹੋਕਾ ਦੇਣ ਤੋਂ ਕਦੇ ਨਹੀਂ ਝਿਜਕਣਾ

ਚਾਹੀਦਾ। ਕੋਈ ਬੰਦਾ ਅਜਿਹਾ ਨਹੀਂ ਜਿਸ ਵਿੱਚ ਖੋਟ ਨਾ ਹੋਵੇ, ਕੋਈ ਲੇਖਕ ਅਜਿਹਾ ਨਹੀਂ ਜਿਸ ਵਿੱਚ ਐਬ ਨਾ ਹੋਣ, ਕੋਈ ਸੰਤ ਅਜਿਹਾ ਨਹੀਂ ਜਿਸ ਵਿੱਚ ਸੰਤਾਂ ਵਾਲੇ ਔਗੁਣ ਨਾ ਹੋਣ ਤਾਂ ਫੇਰ ਝੂਠੀਆਂ ਆਰਤੀਆਂ ਉਤਾਰ ਕੇ ਕੀ ਕਰਾਂਗੇ? ਜਦੋਂ ਸੱਚ ਬੋਲਣ ਦਾ ਵੇਲਾ ਹੋਵੇ ਉਦੋਂ ਸਮੇਂ ਦੇ ਸਫ਼ੇ 'ਤੇ ਸੱਚ ਤੋਂ ਸਿਵਾ ਹੋਰ ਕੁੱਝ ਨਹੀਂ ਸੋਭਦਾ। ਇਹ ਆਰਤੀਆਂ ਦਾ ਵੇਲਾ ਨਹੀਂ ਹੁੰਦਾ। ਅਜਿਹੇ ਮੌਕੇ ਆਰਤੀ ਉਤਾਰਨ ਦੀ ਕਿਰਿਆ ਨੂੰ ਕੁਵੇਲੇ ਦੀ ਟੱਕਰਾਂ ਮਾਰਨਾ ਹੀ ਸਮਝਿਆ ਜਾਵੇਗਾ।

ਸੱਚ ਬਾਰੇ ਵੱਖੋ-ਵੱਖਰੀਆਂ ਰਾਵਾਂ ਹੋ ਸਕਦੀਆਂ ਹਨ ਪਰ ਸੱਚ ਤਾਂ ਸਮੇਂ ਦੀ ਸਤਹ 'ਤੇ ਚਿੱਟੇ ਦਿਨ ਵਾਂਗ ਚਮਕ ਰਿਹਾ ਹੁੰਦਾ ਜਿਸ ਨੂੰ ਅੱਖਾਂ ਮੀਚ ਕੇ ਕੋਲੋਂ ਲੰਘਦਿਆਂ ਨਹੀਂ ਦੇਖਿਆ ਜਾ ਸਕਦਾ। ਅਜਿਹੇ ਪਲ ਜਿਹੜਾ ਆਰਤੀਆਂ ਉਤਾਰੇਗਾ ਉਹ ਸਮੇਂ ਦੀ ਲੀਹ ਤੋਂ ਉੱਤਰ ਕੇ ਰਹਿ ਜਾਵੇਗਾ। ਇਸ ਲਈ ਚੰਗਾ ਤਾਂ ਇਹ ਹੀ ਹੈ ਕਿ ਏਹੀ ਪਾਠ ਖੁਦ ਵੀ ਗੌਰ ਨਾਲ ਪੜ੍ਹੀਏ ਤੇ ਦੂਜਿਆਂ ਨੂੰ ਵੀ ਪੜ੍ਹਾਈਏ ਕਿ:

ਸਮਾਂ ਜਦੋਂ ਹੱਥੋਂ ਲੰਘ ਜਾਵੇ
ਕੋਈ ਕਿਸੇ ਦਾ ਚੇਲਾ ਨਹੀਂ
ਵਕਤ ਸਫ਼ੇ 'ਤੇ ਸੱਚ ਹੀ ਲਿਖੀਏ
ਆਰਤੀਆਂ ਦਾ ਵੇਲਾ ਨਹੀਂ

♦♦♦



# 2

# ਕਿਉਂ ਵਿਕਦੇ ਨੇ ਸੁੰਦਰ ਸ਼ਹਿਰੀਂ ਚੌਕਾਂ ਵਿੱਚ ਮਜ਼ਦੂਰ

ਖ਼ੂਨ ਪਸੀਨਾ ਵਹਾਉਣ ਵਾਲਾ, ਹੱਥਾਂ 'ਤੇ ਰੱਟਣਾਂ ਦੀ ਪ੍ਰਵਾਹ ਨਾ ਕਰਨ ਵਾਲਾ, ਭੁੱਬਲ਼ 'ਤੇ ਵੀ ਤੁਰਨ ਲਈ ਤਿਆਰ ਰਹਿਣ ਵਾਲਾ, ਹਰ ਕੰਮ ਨੂੰ ਹੱਥ ਪਾਉਣ ਵਾਲਾ ਅਤੇ ਸਰਦੀਆਂ ਤੇ ਗਰਮੀਆਂ ਤੋਂ ਨਾ ਡਰਨ ਵਾਲਾ ਮਜ਼ਦੂਰ ਹਰ ਦੇਸ਼ ਵਿੱਚ ਮਿਲੇਗਾ ਅਤੇ ਹਰ ਧਰਤੀ 'ਤੇ ਵਸ ਰਿਹਾ। ਉਹ ਧਰਤੀ ਉੱਤੇ ਦਿਸਦੇ ਬਹੁਤ ਕੁੱਝ ਦਾ ਸਿਰਜਣਹਾਰ ਹੈ ਜਿਨ੍ਹਾ 'ਚ ਕ੍ਰਿਸ਼ਮੇ ਵੀ ਸ਼ਾਮਲ ਹਨ ਅਤੇ ਅਜੂਬੇ ਵੀ।

ਆਰਥਿਕ ਪੱਖੋਂ ਕਮਜ਼ੋਰ ਹੋਣ ਕਰਕੇ ਉਸ ਦੀ ਪੁੱਛ-ਪ੍ਰਤੀਤ ਬਹੁਤੀ ਨਹੀਂ ਹੁੰਦੀ। ਪਰ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਉਸਦਾ ਹਿੱਸਾ ਕਿਸੇ ਤੋਂ ਵੀ ਘੱਟ ਨਹੀਂ ਹੁੰਦਾ। ਉਸਦਾ ਕੀਤਾ ਔਖੇ ਤੋਂ ਔਖਾ, ਵੱਡੇ ਤੋਂ ਵੱਡਾ, ਗੁੰਝਲਦਾਰ ਤੋਂ ਗੁੰਝਲਦਾਰ ਅਤੇ ਖਤਰਨਾਕ ਤੋਂ ਖਤਰਨਾਕ ਕੰਮ ਦਾ ਸਿਲਾ ਉਸ ਨੂੰ ਨਹੀਂ ਮਿਲਦਾ ਪਰ ਉਸ ਤੋਂ ਕਰਵਾਉਣ ਵਾਲਿਆਂ ਨੂੰ ਹੀ ਮਿਲ ਜਾਂਦਾ।

ਮਜ਼ਦੂਰ ਹੁਕਮ ਚਲਾਉਣ ਵਾਲਿਆਂ ਦੀ ਹੁਕਮ-ਅਦੂਲੀ ਨਹੀਂ ਕਰ ਸਕਦਾ, ਕਰਨ ਜੋਗਾ ਹੁੰਦਾ ਹੀ ਨਹੀਂ। ਉਹ ਹਰ ਤਰ੍ਹਾਂ ਦਾ ਹੁਕਮ ਆਪਣਾ ਨਸੀਬ ਸਮਝ ਕੇ ਹੀ ਮੰਨ ਲੈਂਦਾ ਹੈ ਅਤੇ ਅੰਤਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਵੀ। ਉਸ ਕੋਲ ਹੋਰ ਕੋਈ ਰਾਹ ਹੀ ਨਹੀਂ ਹੁੰਦਾ। ਉਹ ਤਾਂ ਕੋਹਲੂ ਦੇ ਬੈਲ ਵਾਂਗ ਉਮਰ ਭਰ ਰੋਜ਼ੀ-ਰੋਟੀ ਦੀ ਘੁੰਮਣਘੇਰੀ 'ਚ ਫਸਿਆ ਹੀ ਤੁਰਿਆ ਰਹਿੰਦਾ। ਉਸ ਕੋਲ ਭਰਨ ਵਾਸਤੇ ਉਡਾਰੀਆਂ ਨਹੀਂ ਹੁੰਦੀਆਂ ਤੇ ਨਾ ਹੀ ਆਪਣਾ ਅਸਮਾਨ।

ਚੌਕਾਂ 'ਤੇ ਦਿਹਾੜੀ ਲੱਭਦੇ, ਕੰਮ ਭਾਲਦੇ ਤੇ ਰੁਜ਼ਗਾਰ ਮੰਗਦੇ ਮਜ਼ਦੂਰਾਂ ਦੀ ਕੰਮ ਪ੍ਰਤੀ ਚੋਣ ਕੋਈ ਨਹੀਂ ਹੁੰਦੀ। ਸ਼ੁਕਰ ਕਰਦੇ ਹਨ ਕਿ ਦਿਨ ਭਰ ਲਈ ਕੰਮ ਤਾਂ ਮਿਲੇ, ਪੇਟ ਤੇ ਪਰਿਵਾਰ ਦੀ ਭੁੱਖ ਮਿਟਾਉਣ ਦਾ ਜੁਗਾੜ ਤਾਂ ਬਣੇ। ਟੋਕਰੀ ਚੁੱਕਣ, ਇੱਟਾਂ ਢੋਣ, ਘਾਣੀ ਬਣਾਉਣ, ਨੀਹਾਂ ਪੁੱਟਣ, ਬੱਜਰੀ ਪਾਉਣ, ਪੱਥਰ ਭੰਨਣ, ਲੁੱਕ ਪਾਉਣ ਅਤੇ ਹੋਰ ਕਿੰਨੇ ਕੰਮਾਂ 'ਚੋਂ ਉਹ ਕਿਸੇ ਨੂੰ ਵੀ ਅਸਵੀਕਾਰ ਨਹੀਂ ਕਰਦਾ। ਜਿਹੜਾ ਵੀ ਕੰਮ ਮਿਲ ਜਾਵੇ ਉਸ ਨੂੰ ਲਗਨ ਨਾਲ ਕਰਦਾ ਹੈ ਅਤੇ ਕਦੇ ਵੀ ਨਾ-ਸ਼ੁਕਰਾ ਨਹੀਂ ਹੁੰਦਾ।

ਸਮਾਜ ਵਿੱਚ ਉਹ ਕਿਹੜੀ ਥਾਂ ਹੈ ਜਿੱਥੇ ਮਜ਼ਦੂਰ ਦੇ ਹੱਥਾਂ ਦੀ ਛਾਪ ਨਹੀਂ। ਉਸ ਬਿਨਾ ਕੰਮ ਚੱਲ ਹੀ ਨਹੀਂ ਸਕਦਾ। ਉਸ ਦਾ ਕੰਮ-ਕਾਜ ਹੀ ਰੌਣਕਾਂ ਲਾ

ਦਿੰਦਾ। ਉਹ ਹੀ ਹੈ ਜੋ ਉਮਰ ਭਰ ਹਰਕਤ-ਹੀਣ ਨਹੀਂ ਹੁੰਦਾ ਕਿਉਂਕਿ ਹਰ ਰੋਜ਼ ਦੀ ਮਜ਼ਦੂਰੀ ਬਿਨਾ ਉਸਦਾ ਸਰਦਾ ਹੀ ਨਹੀਂ। ਮਜ਼ਦੂਰ ਨਾ ਹੋਵੇ ਤਾਂ ਮਿਸਤਰੀ ਦੀ ਕਾਰੀਗਿਰੀ ਕਿੱਲੀ 'ਤੇ ਟੰਗੀ ਰਹਿ ਜਾਵੇ ਤੇ ਇੰਜਨੀਅਰ ਦਾ ਤਕਨੀਕੀ ਗਿਆਨ ਅਮਲ 'ਚ ਨਹੀਂ ਆ ਸਕਦਾ।

ਸ਼ਹਿਰ, ਨਗਰ ਤੇ ਪਿੰਡ ਸੁੰਦਰ ਬਣ ਰਹੇ ਹਨ ਕਵਿਤਾ ਵਰਗੇ। ਇਮਾਰਤਾਂ ਵਿੱਚ ਸੁਹਜ ਆ ਰਿਹਾ ਹੈ ਹੁਨਰ-ਭਰਪੂਰ। ਬਾਗ-ਬਗੀਚੇ ਵੱਧ-ਫੁੱਲ ਰਹੇ ਨੇ ਮਹਿਕਾਂ ਦੇਣ ਵਾਸਤੇ। ਸੜਕਾਂ ਦਾ ਜਾਲ ਵਿਛ ਰਿਹਾ ਤੇ ਨਹਿਰਾਂ ਹਰਿਆਲੀ ਪੈਦਾ ਕਰ ਰਹੀਆਂ। ਸਾਫ-ਸਫਾਈਆਂ ਹੋ ਰਹੀਆਂ ਤੇ ਫਰਸ਼ਾਂ 'ਚੋਂ ਮੂੰਹ ਦਿਸ ਰਿਹਾ। ਇਸ ਸਭ ਕਾਸੇ ਪਿੱਛੇ ਮਜ਼ਦੂਰ ਦਾ ਹੱਥ ਹੈ ਤੇ ਉਸਦੀ ਮਿਹਨਤ ਦਾ ਕੌਤਕ। ਮਜ਼ਦੂਰ ਝੁੱਗੀ 'ਚ ਰਹਿੰਦਾ ਹੋਇਆ ਖੂਬਸੂਰਤ ਇਮਾਰਤਾਂ, ਮਜ਼ਬੂਤ ਪੁਲ਼ ਅਤੇ ਵੱਡੇ ਡੈਮ ਉਸਾਰ ਦਿੰਦਾ ਹੈ ਪਰ ਫੇਰ ਵੀ ਜਿੰਨੀ ਉਸਦੀ ਕਦਰ ਹੋਣੀ ਚਾਹੀਦੀ ਹੈ, ਨਹੀਂ ਹੁੰਦੀ। ਉਸਾਰੇ ਗਏ ਮਹਿਲ ਜਾਂ ਮਹਿਲਾਂ ਵਾਲੇ ਮਾਣ ਕਰਨ ਤਾਂ ਕਿਉਂ ਜਦ ਕਿ ਉਹ ਝੁੱਗੀਆਂ (ਝੁੱਗੀ ਵਾਸੀਆਂ) ਨੇ ਹੀ ਤਾਂ ਉਸਾਰੇ ਹੁੰਦੇ ਨੇ :-

ਮਹਿਲਾਂ ਦਾ ਮਾਣ ਕਾਹਦਾ ਹੈ ਯਾਰੋ
ਝੁੱਗੀਆਂ ਨੇ ਹੀ ਜੋ ਉਸਾਰੇ ਹੋਏ ਨੇ
ਹੱਕਾਂ ਲਈ ਏਥੇ ਲੜਦੇ ਨਹੀਂ ਜੋ
ਅੰਗਾਰੇ ਉਹ ਪਾਣੀ ਦੇ ਠਾਰੇ ਹੋਏ ਨੇ

ਸਮਾਜ ਨੂੰ ਮਜ਼ਦੂਰ ਦਾ ਚੇਤਾ ਹੀ ਨਹੀਂ। ਸਰਕਾਰ ਦਾ ਉਸ ਵੱਲ ਧਿਆਨ ਹੀ ਨਹੀਂ। ਕਿਰਤ ਮਹਿਕਮਿਆਂ ਨੂੰ ਉਸਦੀ ਸਾਰ ਲੈਣ ਦੀ ਵਿਹਲ ਹੀ ਨਹੀਂ। ਉਸਦੇ ਹਿੱਤ ਦੀਆਂ ਕੋਈ ਸਕੀਮਾਂ ਹੀ ਨਹੀਂ ਅਤੇ ਉਸਦੇ ਫਿਕਰਾਂ-ਭਰੇ ਤਪ ਰਹੇ ਭਵਿੱਖ 'ਤੇ ਕੋਈ ਛੱਤਰੀ ਨਹੀਂ। ਉਹ ਉਮਰ ਭਰ ਹੀ ਨੀਲੇ ਅੰਬਰ ਹੇਠ ਕੰਮ ਕਰਦਾ ਹੈ ਤੇ ਬਹੁਤਾ ਕਰਕੇ ਉਸ ਹੇਠ ਹੀ ਗੁਜ਼ਰ-ਬਸਰ।

ਹਾਲਤ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਮਜ਼ਦੂਰ ਦਾ ਕੋਈ ਰੁਤਬਾ ਨਹੀਂ। ਉਸ ਦੀ ਮਨੁੱਖੀ-ਪਛਾਣ ਹੀ ਗੁੰਮ ਕਰਕੇ ਰੱਖ ਦਿੱਤੀ ਗਈ। ਉਸ ਬਾਰੇ ਗੱਲ ਹੀ ਕੋਈ ਸੁਣਨ ਲਈ ਤਿਆਰ ਨਹੀਂ। ਉਸ ਬਾਰੇ ਕੋਈ ਫਿਕਰ ਹੀ ਨਹੀਂ ਕਰਦਾ। ਉਸ ਦੇ ਦੁੱਖਾਂ ਅਤੇ ਮੁਸ਼ਕਲਾਂ ਭਰੇ ਜੀਵਨ ਵੱਲ ਕੋਈ ਦੇਖਦਾ ਤੱਕ ਨਹੀਂ।

ਸ਼ਹਿਰਾਂ ਦੀ ਹਾਲਤ ਤਾਂ ਇੱਥੋਂ ਤੱਕ ਪਹੁੰਚ ਗਈ ਕਿ ਮਜ਼ਦੂਰਾਂ ਨੂੰ ਮੰਡੀ ਦਾ ਹਿੱਸਾ ਬਣਾ ਦਿੱਤਾ ਗਿਆ। ਮਾਲ ਵਾਂਗੂੰ ਵਿਕਣ ਲੱਗ ਪਿਆ ਮਜ਼ਦੂਰ। ਅਧਿਕਾਰੀਆਂ ਤੇ ਅਫਸਰਾਂ ਦਾ ਕੋਈ ਅੰਤ ਨਹੀਂ ਪਰ ਸੋਚਵਾਨ ਕੋਈ ਨਹੀਂ। ਦੁੱਖਾਂ-ਦਰਦਾਂ ਦਾ ਹੱਲ ਲੱਭਣ ਵਾਲਾ ਕੋਈ ਨਹੀਂ। ਸਮਾਜ ਉੱਤੇ ਨਿਰਾ ਬੋਝ ਬਣੇ



ਹਰ ਕਿਸਮ ਦੇ ਹਾਕਮ ਮਜ਼ਦੂਰ ਨੂੰ ਕਸ਼ਟਾਂ ਤੋਂ ਮੁਕਤ ਹੋਣ ਹੀ ਨਹੀਂ ਦੇਣਾ ਚਾਹੁੰਦੇ। ਪਰ, ਮਜ਼ਦੂਰ ਜਾਗਣ, ਉਨ੍ਹਾਂ ਦੇ ਹਮਾਇਤੀ ਜਾਗਣ, ਉਨ੍ਹਾਂ ਦੀ ਮਿਹਨਤ ਦੇ ਕਦਰਦਾਨ ਬੋਲਣ ਤੇ ਹਾਕਮਾਂ ਦੇ ਮੱਥੇ 'ਚ ਇਹ ਸਵਾਲ ਏਨਾ ਜ਼ੋਰ ਦੇ ਕੇ ਗੱਡ ਦੇਣ ਕਿ ਉਹ ਰਾਤਾਂ ਨੂੰ ਸੌਂ ਨਾ ਸਕਣ ਕਿ ਕਿਉਂ ਵਿਕਦੇ ਨੇ ਸੁੰਦਰ ਸ਼ਹਿਰੀਂ ਚੌਕਾਂ ਵਿੱਚ ਮਜ਼ਦੂਰ।

♦♦♦

# 3

# ਧੂਣੀ ਦਾ ਵਿਸਫੋਟ

ਧੁਖਣ ਦਾ ਨਾਂ ਹੈ ਧੂਣੀ ਤੇ ਧੁਖਦੇ ਪਲਾਂ ਦਾ ਵੀ। ਗਿੱਲੇ ਜਾਂ ਹਰਿਆਲੇ ਮਸੌਦੇ ਹੇਠ ਪਈ ਅੱਗ ਦੀ ਚੰਗਿਆੜੀ ਅਜਿਹੀ ਧੁਖਣ ਪੈਦਾ ਕਰਦੀ ਹੈ ਜਿਸ ਦਾ ਅੰਤ ਛੇਤੀ ਨਹੀਂ ਹੁੰਦਾ। ਚੰਗਿਆੜੀ ਦੇ ਮਘੇ ਰਹਿਣ ਤੱਕ ਧੁਖਧੁਖੀ ਬੰਦ ਨਹੀਂ ਹੁੰਦੀ। ਇਹ ਅਜਿਹੀ ਕਿਰਿਆ ਹੈ ਜਿਸ ਦੇ ਅੰਦਰਲੀ ਪ੍ਰਕਿਰਿਆ ਦਾ ਤਾਂ ਪਤਾ ਨਹੀਂ ਲੱਗਦਾ ਪਰ ਲਾਟ ਵਰਗੇ ਧੂਏਂ ਤੋਂ ਪਤਾ ਲੱਗ ਜਾਂਦਾ ਹੈ ਧੂਣੀ ਦਾ ਸਿਰਨਾਵਾਂ।

ਦੇਸ਼ਾਂ ਵਿਚਕਾਰ ਵਿਗੜੇ ਸਬੰਧਾਂ ਕਾਰਨ ਧੁਖਦੀ ਧੂਣੀ ਬਾਰੇ ਕੌਣ ਨਹੀਂ ਜਾਣਦਾ। ਜਿੰਨਾ ਚਿਰ ਇਹ ਧੁਖਦੀ ਰਹੇ ਖ਼ਲਕਤ ਨੂੰ ਕੁੱਝ ਪਤਾ ਨਹੀਂ ਲੱਗਦਾ। ਇਸ ਧੁਖਣ ਨਾਲ ਲੀਰੋ-ਲੀਰ ਹੋ ਜਾਂਦਾ ਹੈ ਮੁਲਕਾਂ-ਮੁਲਕਾਂ ਵਿਚਕਾਰਲਾ ਸਾਰਾ ਤਾਣਾ-ਬਾਣਾ। ਚੰਗੇ ਭਲੇ ਸੁਆਰੇ ਚਿਹਰੇ ਪਲਾਂ ਵਿੱਚ ਹੀ ਧੁਆਂਖੇ ਜਾਣ ਤੋਂ ਨਹੀਂ ਬਚਦੇ। ਅਜਿਹੀ ਮਾਰ ਵਗਣ ਨਾਲ ਬਿਖਰ ਜਾਂਦੀ ਹੈ ਗਹਿਰੇ ਰਿਸ਼ਤਿਆਂ ਦੀ ਤਾਣੀ-ਬਾਣੀ।

ਵੱਖ ਵੱਖ ਤਰ੍ਹਾਂ ਦੇ ਵਿਸ਼ਵਾਸਾਂ ਕਾਰਨ ਧਰਮਾਂ ਦੀ ਆਪਸ ਵਿੱਚ ਕਦੇ ਨਹੀਂ ਬਣਦੀ। ਹਾਲਾਂ ਕਿ ਇਹ ਸਾਰੇ ਸੱਚ, ਹੱਕ, ਇਮਾਨ, ਮਾਨਵਤਾ ਤੇ ਅਮਨ ਦੀ ਗੱਲ ਕਰਦੇ ਹਨ ਪਰ ਇਨ੍ਹਾਂ ਦੇ ਰਹਿਬਰਾਂ ਦੇ ਰਾਹਾਂ ਵਿੱਚ ਮੱਤਭੇਦਾਂ ਦੀ ਹੋਂਦ ਬਣੀ ਰਹਿੰਦੀ ਹੈ ਜਿਹੜੀ ਦੁਨੀਆਂ ਭਰ ਦੇ ਧਰਮੀਆਂ ਨੂੰ ਇੱਕ ਨਹੀਂ ਹੋਣ ਦਿੰਦੀ। ਇਹ ਵੀ ਕਿ ਹਰ ਇੱਕ ਦੇ ਆਪੋ ਆਪਣੇ ਜ਼ਾਬਤੇ/ਨਿਸ਼ਾਨੇ ਹਨ ਤੇ ਆਪੋ ਆਪਣੇ ਰੱਬ ਜਿਹੜੇ ਧੁਖਣ ਨੂੰ ਠੱਲ੍ਹ ਨਹੀਂ ਪੈਣ ਦਿੰਦੇ।

ਫਿਰਕਿਆਂ ਤੇ ਵਰਗਾਂ 'ਚ ਛੋਟੇ ਛੋਟੇ ਫਰਕ ਤੇ ਵਿਤਕਰੇ ਸਮਾਜ ਦੇ ਸਾਵੇਂਪਨ ਨੂੰ ਕਾਇਮ ਨਹੀਂ ਹੋਣ ਦਿੰਦੇ। ਕੋਈ ਫਿਰਕਾ ਆਪਣੇ ਆਪ ਨੂੰ ਉੱਤਮ, ਉੱਚਾ ਤੇ ਨਿਰਾ ਸਵਰਨ ਸਮਝਦਾ ਹੈ ਜਦ ਕਿ ਦੂਜਾ ਉਸਦੀ ਇਸ ਫੋਕੀ ਸੋਚ ਨੂੰ ਉੱਕਾ ਹੀ ਸਵੀਕਾਰ ਨਹੀਂ ਕਰਦਾ। ਇੱਥੋਂ ਹੀ ਸ਼ੁਰੂ ਹੋ ਜਾਂਦੀ ਹੈ ਧੁਖਧੁਖੀ ਜਿਹੜੀ ਸਦੀਆਂ ਤੱਕ ਸੀਨਾ-ਬਸੀਨਾ ਸਫ਼ਰ ਕਰਦੀ ਹੋਈ ਰੁਕਣ ਤੇ ਮਿਟਣ ਤੱਕ ਦਾ ਨਾਂ ਨਹੀਂ ਲੈਂਦੀ। ਇਹ ਅਜਿਹੀ ਧੂਣੀ ਬਣਦੀ ਰਹਿੰਦੀ ਹੈ ਜਿਸ ਨੂੰ ਕਦੇ ਵੀ ਜਰਬ ਤਾਂ ਆ ਸਕਦੀ ਹੈ ਪਰ ਉਸ ਵਿੱਚੋਂ ਮਨਫੀ ਕੁੱਝ ਵੀ ਨਹੀਂ ਹੁੰਦਾ।

ਵਿੱਦਿਆ ਦੇ ਖੇਤਰ ਦਾ ਕੰਮ ਹੀ ਰੌਸ਼ਨੀ ਫੈਲਾਉਣਾ ਤੇ ਚਾਨਣ ਕਰਨਾ ਹੁੰਦਾ ਹੈ ਪਰ ਜੇ ਇਸ ਵਿੱਚ ਵੀ ਈਰਖਾ, ਪੱਖਪਾਤ ਤੇ ਫਿਰਕੂਪੁਣੇ ਦੀ ਧੂਣੀ ਮੱਘ



ਪਵੇ ਤਾਂ ਉਸਦਾ ਕੋਈ ਇਲਾਜ ਨਹੀਂ। ਸਗੋਂ ਹਨੇਰੇ ਦੀ ਇਜਾਰੇਦਾਰੀ ਬਣੀ ਰਹੇਗੀ ਤੇ ਲੋਕ ਸਦੀਆਂ ਸਦੀਆਂ ਤੱਕ ਹਨੇਰੇ ਦੇ ਅੰਨ੍ਹੇ ਵਹਿਣ ਵਿੱਚ ਐਵੇਂ ਹੀ ਰੁੜ੍ਹੇ ਰਹਿਣਗੇ। ਨਤੀਜਾ ਕੇਵਲ ਅੰਤਹੀਣ ਹਨੇਰੇ ਦੀ ਧੁਖਣ ਹੀ ਹੋਵੇਗਾ।

ਸਭ ਤੋਂ ਵੱਧ ਖ਼ਤਰਨਾਕ ਹੈ ਮਨ ਵਿਚਲੀ ਫਿਰਕੂ, ਅਸਾਵੀਂ ਤੇ ਮਾਰੂ ਧੂਣੀ ਜਿਹੜੀ ਗੁਪਤ ਹੋਣ ਕਾਰਨ ਆਪਣਾ ਜ਼ਰਾ ਮਾਤਰ ਪਤਾ ਨਹੀਂ ਲੱਗਣ ਦਿੰਦੀ। ਇਸ ਧੂਣੀ ਵਿੱਚ ਅਗਿਆਨ, ਹਨੇਰਾ, ਪੱਖਪਾਤ ਤੇ ਅਮਾਨਵਤਾ ਦਾ ਮਸੌਦਾ ਜਿੰਨਾ ਚਿਰ ਮਘਦਾ ਰਹੇਗਾ ਉੱਨਾ ਚਿਰ ਸਮੇਂ ਦੇ ਸਿਰ 'ਤੇ ਭਿਆਨਕ ਖਤਰਾ ਮੰਡਰਾਂਦਾ ਰਹੇਗਾ। ਜਦ ਖ਼ਤਰੇ ਦੀ ਹੱਦ ਟੱਪ ਜਾਏ ਤਾਂ ਧੂਣੀ ਦਾ ਵਿਸਫੋਟ ਹੋਣਾ ਅਰੁੱਕ ਹੁੰਦਾ ਹੈ ਜਿਸ ਨਾਲ ਹੋਣ ਵਾਲੀ ਤਬਾਹੀ ਨੂੰ ਕਿਸੇ ਤਰ੍ਹਾਂ ਵੀ ਰੋਕਿਆ ਨਹੀਂ ਜਾ ਸਕਦਾ। ਵਿਸਫੋਟ ਹੋਣ ਦਾ ਮਾਰੂ ਅਸਰ ਇਹ ਹੁੰਦਾ ਹੈ ਕਿ ਸਦੀਆਂ ਦੇ ਵਿਸ਼ਵਾਸਾਂ ਦਾ ਤਲਿਸਮ ਉਡ ਕੇ ਰਹਿ ਜਾਂਦਾ, ਭਾਵਨਾਵਾਂ ਦਾ ਸ਼ੀਸ਼ਾ ਕਿਰਚਾਂ ਕਿਰਚਾਂ ਹੋ ਜਾਂਦਾ ਹੈ ਅਤੇ ਸੁਪਨੇ ਇਕਦਮ ਚਕਨਾਚੂਰ।

ਰਿਸ਼ਤਿਆਂ ਵਿੱਚ ਧੁੱਖ ਰਿਹਾ ਸਾੜਾ ਕਿਸੇ ਪਾਸੇ ਦਾ ਨਹੀਂ ਰਹਿਣ ਦਿੰਦਾ। ਸਾੜੇ ਦੀ ਧੁਖਣ ਲਹੂ ਵਿੱਚ ਅਜਿਹੀ ਘੁਲਦੀ ਹੈ ਕਿ ਲਹੂ ਗਰਮ ਤੇ ਤਲਖ਼ ਹੋਏ ਬਿਨ੍ਹਾਂ ਨਹੀਂ ਰਹਿੰਦਾ। ਅਜਿਹੀ ਧੂਣੀ ਦਾ ਵਿਸਫੋਟ ਕਿਸ ਹੱਦ ਤੱਕ ਖ਼ਤਰਨਾਕ ਹੋ ਸਕਦਾ ਹੈ ਇਸ ਦਾ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ।

ਆਪਣੇ ਅੰਦਰ ਭਰਮ ਪਾਲ ਕੇ ਪਰਾ-ਸ਼ਕਤੀਆਂ ਹੋਣ ਦਾ ਦਾਅਵਾ ਕਰਦਿਆਂ ਆਪਣੇ ਸਿਰ 'ਤੇ ਹਉਮੈ ਦਾ ਛਤਰ ਤਾਣਨ ਦੇ ਨਾਟਕ ਕਰਨ ਨਾਲ ਕੁੱਝ ਨਹੀਂ ਬਣਦਾ। ਇਸ ਕਿਸਮ ਦਾ ਨਿਕਸੁਕ ਮਨੁੱਖ ਦੀ ਸੂਝ ਤੇ ਸਿਆਣਪ ਨੂੰ ਉਦੋਂ ਤੱਕ ਕਾਬੂ ਕਰੀ ਰੱਖਦਾ ਹੈ ਜਦੋਂ ਤੱਕ ਧੂਣੀ ਧੁਖਣ ਤੋਂ ਨਹੀਂ ਰੁਕਦੀ।

ਸੋਚਾਂ ਤੇ ਵਿਚਾਰਾਂ ਦੀ ਧੂਣੀ ਜੇ ਸਹੀ ਦਿਸ਼ਾ ਵੱਲ ਤੁਰੇ ਤਾਂ ਇਸ ਵਿੱਚੋਂ ਉਹ ਨਤੀਜੇ ਵੀ ਪ੍ਰਕਾਸ਼ਮਾਨ ਹੋ ਸਕਦੇ ਹਨ ਜਿਹੜੇ ਕਿਸੇ ਦੇ ਚਿੱਤ ਚੇਤਿਆਂ ਵਿੱਚ ਵੀ ਨਹੀਂ ਹੁੰਦੇ। ਅਜਿਹੀ ਧੂਣੀ ਦਾ ਵਿਸਫੋਟ ਸਮਾਜ ਦੇ ਰਾਹ ਵੀ ਰੁਸ਼ਨਾ ਦਿੰਦਾ ਹੈ ਅਤੇ ਮਾਨਵਤਾ ਦੇ ਘੋਰ-ਹਨੇਰੇ ਵਿੱਚ ਘਿਰੇ ਮਨ-ਮਸਤਕ ਵੀ।

♦♦♦

## 4

# ਇਹ ਦੁਨੀਆਂ ਹੈ ਮੇਲਾ ਮਿੱਤਰੋ ਰੂਹ ਦਾ ਰੰਗ ਨਾ ਜਾਣੇ

ਇਹ ਸੱਚ ਹੈ ਕਿ ਇਹ ਦੁਨੀਆਂ ਇੱਕ ਮੇਲਾ ਹੈ ਜਿਸ ਵਿਚਲੀ ਰੰਗ ਬਰੰਗਤਾ ਤੇ ਵੰਨ-ਸੁਵੰਨਤਾ ਦੀ ਥਾਹ ਨਹੀਂ ਪਾਈ ਜਾ ਸਕਦੀ। ਇਸ ਵਿਚਲੀ ਮਨਮੋਹਕਤਾ ਇੰਨੀ ਪ੍ਰਭਾਵੀ ਹੁੰਦੀ ਹੈ ਕਿ ਹਰ ਕੋਈ ਆਖਰੀ ਦਮਾਂ ਤੱਕ ਵੀ ਇਸ ਦੇ ਝਮੇਲੇ ਵਿੱਚ ਹੀ ਫਸਿਆ ਰਹਿ ਜਾਂਦਾ। ਐਨ੍ਹ ਉਸ ਬੱਚੇ ਦੀ ਤਰ੍ਹਾਂ ਜਿਸ ਨੂੰ ਮੇਲੇ 'ਚ ਗੁਆਚੇ ਹੋਏ ਨੂੰ ਮੁੜ ਉਹ ਉਂਗਲ ਨਹੀਂ ਮਿਲਦੀ ਜਿਸ ਨੂੰ ਫੜ ਕੇ ਉਹ ਤੁਰਿਆ ਹੁੰਦਾ। ਪੈਰਾਂ ਹੇਠ ਰਾਹ ਹੁੰਦਿਆਂ ਵੀ ਉਸ ਕੋਲ ਕੋਈ ਰਾਹ ਨਹੀਂ ਰਹਿੰਦਾ ਅਤੇ ਸੇਧ ਨਹੀਂ ਰਹਿੰਦੀ। ਉਹ ਕਿੱਧਰ ਜਾਵੇ ਉਸ ਨੂੰ ਪਤਾ ਹੀ ਨਹੀਂ ਲੱਗਦਾ। ਉਸ ਨੂੰ ਕਈ ਆਸਰੇ ਮਿਲਦੇ ਹਨ ਪਰ ਉਹ ਕਿਸੇ ਦੇ ਨੇੜੇ ਨਹੀਂ ਢੁਕਦਾ। ਉਸ ਨੂੰ ਤਾਂ ਆਪਣਿਆਂ ਦੀ ਤਾਂਘ ਬਣੀ ਰਹਿੰਦੀ ਹੈ ਜਿਨ੍ਹਾਂ ਤੋਂ ਉਹ ਵਿਛੜ ਗਿਆ ਹੁੰਦਾ।

ਦੁਨੀਆਂ ਏਨੀ ਰੰਗ-ਰੰਗੀਲੀ ਹੈ ਕਿ ਇਸ ਵਿੱਚ ਦਾਖਲ ਹੁੰਦਿਆਂ ਹੀ ਬੰਦਾ ਅੱਗੇ ਪਿੱਛੇ ਨੂੰ ਯਾਦ ਹੀ ਨਹੀਂ ਰੱਖਦਾ/ਰਹਿੰਦਾ ਹੀ ਨਹੀਂ। ਉਸ ਦੀ ਸਮਰੱਥਾ ਤੇ ਸੋਚ ਦਾਇਰੇ ਦੇ ਗੇੜ 'ਚ ਹੀ ਨਹੀਂ ਹੁੰਦੇ। ਇਸ ਲਈ ਉਹ ਇਸ ਦੁਨੀਆਂ ਦੇ ਵੱਖ ਵੱਖ ਰੰਗਾਂ ਦੀਆਂ ਪਰਤਾਂ ਦੀ ਤਲਿਸਮੀ ਰੌਚਿਕਤਾ ਵਿੱਚ ਏਨੀ ਗਹਿਰੀ ਤਰ੍ਹਾਂ ਰੁਚਿਤ ਹੋ ਜਾਂਦਾ ਹੈ ਕਿ ਉਸ ਕੋਲ ਇਸ ਤੋਂ ਬਾਹਰ ਝਾਕਣ ਦੀ ਕੋਈ ਖਿੜਕੀ ਹੀ ਨਹੀਂ ਹੁੰਦੀ। ਬਾਹਰ ਨਾ ਦੇਖ ਸਕਣ ਕਾਰਨ ਉੱਥੋਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ।

ਇਹ ਸੱਚ ਹੈ ਕਿ ਦੁਨੀਆਂ ਇੱਕ ਮੇਲਾ ਹੀ ਹੈ ਜਿਸ ਕਾਰਨ ਮਨ ਵਿੱਚ ਵੀ ਮੇਲਾ ਲੱਗ ਜਾਂਦਾ। ਇੱਕ ਖੇਲ ਵਾਂਗ ਇਹ ਖਿੱਚ ਪਾਉਂਦਾ, ਨਵੇਂ ਮੇਲ ਵਾਂਗ ਇਹ ਖਿੱਚ ਰੱਖਦਾ । ਮੇਲਾ ਬੇ-ਮਿਆਦਾ ਨਹੀਂ ਹੁੰਦਾ। ਜਦ ਇਹ ਉੱਜੜ ਜਾਂਦਾ ਹੈ ਤਾਂ ਮਨ ਅੰਦਰਲਾ ਮੇਲਾ ਵੀ ਬਹੁਤਾ ਚਿਰ ਟਿਕਿਆ ਨਹੀਂ ਰਹਿੰਦਾ। ਉੱਥੋਂ ਸ਼ੁਰੂ ਹੋ ਜਾਂਦਾ ਹੈ ਉਦਾਸੀ ਦਾ ਆਲਮ ਅਤੇ ਤਲਖੀਆ ਦਾ ਮਾਹੌਲ। ਇੱਥੋਂ ਹੀ ਸ਼ੁਰੂ ਹੁੰਦੀ ਹੈ ਯਾਤਰਾ ਅਸਲੀਅਤ ਵੱਲ ਤੁਰਨ ਦੀ ਅਤੇ ਆਪਣਾ ਆਪ ਵਾਚਣ ਤੇ ਪਰਖਣ ਦੀ। ਇੱਕ ਤਲਾਸ਼ ਤੁਰ ਪੈਂਦੀ ਹੈ ਕਿਸੇ ਖਿੜਕੀ ਦੀ ਭਾਲ਼ ਵਿੱਚ ਜਿਸ 'ਚੋਂ ਦੇਖੀ ਜਾ ਸਕਦੀ ਹੈ ਖੁੱਲ੍ਹੀ ਫਿਜ਼ਾ, ਅਜ਼ਾਦ ਉਡਾਰੀਆਂ ਅਤੇ ਰੂਹ ਦੇ ਅੰਬਰਾਂ 'ਤੇ ਉਡਦੀਆਂ ਤਿਤਲੀਆਂ।



ਇਹ ਸੱਚ ਹੈ ਕਿ ਮੇਲਾ ਸੱਚ ਹੁੰਦਾ ਹੋਇਆ ਵੀ ਸੱਚ ਨਹੀਂ ਹੁੰਦਾ। ਇਸ ਮੇਲੇ ਵਿੱਚ ਬਹੁਤ ਵਾਰ ਝੂਠ ਸੱਚ ਦੀ ਪਰਿਕਰਮਾਂ ਕਰਦਾ ਹੈ ਅਤੇ ਸੱਚ ਝੂਠ ਦੀ। ਬਹੁਤ ਵਾਰ ਝੂਠ ਸੱਚ ਨੂੰ ਬਚਾਉਂਦਾ ਹੈ ਅਤੇ ਸੱਚ ਝੂਠ ਨੂੰ। ਫੇਰ ਵੀ ਵਾਰ ਵਾਰ ਪੜ੍ਹਨ ਲਈ ਅਕਸਰ ਲਿਖਿਆ ਮਿਲਦਾ ਹੈ, ਝੂਠ ਨਾ ਬੋਲੋ ਸਦਾ ਸੱਚ ਬੋਲੋ। ਲਿਖਣ ਵਾਲੇ ਖੁਦ ਇਸ 'ਤੇ ਅਮਲ ਨਹੀਂ ਕਰਦੇ। ਕਰਦੇ ਹੁੰਦੇ ਤਾਂ ਸੱਚ-ਝੂਠ ਆਪਸ ਵਿੱਚ ਗਲਵਕੜੀ ਪਾ ਕੇ ਕਿਉਂ ਤੁਰਦੇ?

ਕੈਨਵਸ ਅੱਖਾਂ ਅੱਗੇ ਲਟਕੀ ਜਿਸ 'ਤੇ ਚਿਤਰੀ ਲੱਗਦੀ ਹੈ ਦੁਨੀਆਂ ਇਕ ਕੋਲਾਜ। ਰੰਗਾਂ ਦੀਆਂ ਛੋਹਾਂ ਦਾ ਮੇਲਾ ਜਿਸ ਵਿੱਚ ਰੂਹ ਵੀ, ਰਾਗ ਵੀ ਤੇ ਕਲਪਨਾ ਦੀ ਫੁਹਾਰ ਵੀ। ਖੁੱਲ੍ਹ ਜਾਂਦੀ ਹੈ ਖਿੜਕੀ ਜਿਸ 'ਚੋਂ ਪੜ੍ਹਿਆ ਜਾ ਸਕਦਾ ਹੈ ਰੂਹ ਨੂੰ ਅਤੇ ਅਣਦਿਸਦੇ ਖਿੱਤਿਆਂ ਦੀ ਇਬਾਰਤ। ਉੱਚ ਬਿਰਤੀ ਦੀ ਕਵਿਤਾ ਵੀ ਏਦਾਂ ਹੀ ਪ੍ਰੇਰੇ, ਸੁਰ ਤਾਂ ਲੈ ਉਡੇ ਕਿਤੇ ਦੂਰ ਰੂਹ ਪੂਰੀ ਦੀ ਪੂਰੀ।

ਇਹ ਦੁਨੀਆਂ ਇੱਕ ਮੇਲਾ, ਗੁਰੂ ਨਾ ਲੱਭੇ, ਨਾ ਕੋਈ ਚੇਲਾ। ਪੁੱਛਣ ਤੇ ਜਵਾਬ ਮਿਲਦਾ ਹੈ ਸ਼ਾਮ ਨੂੰ ਪੁੱਛੇ ਅੰਮ੍ਰਿਤ ਵੇਲਾ। ਸੋਚ ਆਖਦੀ ਅੰਮ੍ਰਿਤ ਵੇਲਾ ਉਦੋਂ ਹੀ ਹੁੰਦਾ ਜਦ ਮਨ ਜਾਗੇ, ਰੂਹ ਦੇ ਰੰਗ ਉਦੋਂ ਹੀ ਖਿੜਦੇ ਜਦ ਰੂਹ ਜਾਗੇ। ਪਰ ਦੁਨੀਆਂ ਦੀ ਹੋਰ ਕਹਾਣੀ, ਚੁੱਪ ਵਾਲਿਆਂ ਨੇ ਹੀ ਜਾਣੀ। ਮੇਲੇ ਦੇ ਰਾਮ ਰੌਲ਼ੇ 'ਚ ਵੀ, ਟੀਚਿਆਂ ਦੇ ਜੰਗਲ 'ਚ ਵੀ ਬਹੁਤ ਵਾਰ ਸਵਾਲ ਤਾਂ ਲੱਭਦੇ ਹਨ ਉੱਤਰ ਨਹੀਂ। ਜਿਹੜੇ ਉੱਤਰ ਲੱਭਣ ਦੇ ਰਾਹ ਪੈਂਦੇ ਹਨ ਉਨ੍ਹਾਂ ਖੋਜੀਆਂ ਦਾ ਸਮਾਂ ਜ਼ਾਇਆ ਨਹੀਂ ਜਾਂਦਾ ਕਿਉਂਕਿ ਉਨ੍ਹਾਂ ਲਈ ਖੋਜ ਹੀ ਕਈ ਵਾਰ ਸਵਾਲ ਬਣਦੀ ਹੈ ਤੇ ਕਈ ਵਾਰ ਉੱਤਰ।

ਮੇਲੇ 'ਤੇ ਤਰਦੀ ਜਹੀ ਨਜ਼ਰ ਫੇਰਦਿਆਂ ਕੁੱਝ ਹੋਰ ਦਿਸਦਾ ਹੈ, ਉਸ ਬਾਰੇ ਸੁਣਿਆਂ ਕੁੱਝ ਹੋਰ। ਜਿਹੜਾ ਦੁਨੀਆਂ ਦੇ ਮੇਲੇ ਵਿੱਚ ਵਿਚਰਦਾ ਹੈ ਉਸਨੂੰ ਇਸ ਦੇ ਸੰਗ ਦਾ ਅਨੁਭਵ ਵੀ ਹੁੰਦਾ ਹੈ ਤੇ ਇਸ ਦੇ ਰੰਗਾਂ ਦਾ ਤਜ਼ੁਰਬਾ ਵੀ, ਇਸ ਦੇ ਨੰਗਪੁਣੇ ਦਾ ਪਤਾ ਵੀ ਲੱਗਦਾ ਹੈ ਤੇ ਢੰਗਾਂ ਦਾ ਵੀ:

ਬੰਦਾ ਮਸਤ ਗੁਆਚਾ ਫਿਰਦਾ
ਮਨ ਦਾ ਢੰਗ ਨਾ ਜਾਣੇ
ਦੁਨੀਆਂ ਅੰਦਰ ਖੱਚਤ ਹੋਇਆ
ਆਪ ਦਾ ਸੰਗ ਨਾ ਮਾਣੇ
ਢੱਕਿਆ ਹੋਇਆ ਜਗਤ ਹੈ ਸਾਰਾ
ਰੂਹ ਦਾ ਨੰਗ ਨਾ ਜਾਣੇ
ਇਹ ਦੁਨੀਆਂ ਹੈ ਮੇਲਾ ਮਿੱਤਰੋ
ਰੂਹ ਦਾ ਰੰਗ ਨਾ ਜਾਣੇ ।

♦♦♦

# 5

# ਗੁੰਮਰਾਹ ਨਾ ਹੋ ਜਾਇਉ ਲੋਕੋ ਇਹ ਨੱਚਣ ਦਾ ਵੇਲਾ ਨਹੀਂ

ਉਨ੍ਹਾਂ ਲੋਕਾਂ ਲਈ ਤਾਂ ਮੌਸਮ ਉਦਾਸ ਹੈ ਜਿਨ੍ਹਾਂ ਦਾ ਗਰੀਬੀ ਪਿੱਛਾ ਨਹੀਂ ਛੱਡ ਰਹੀ, ਚਿੰਤਾਵਾਂ ਜਿਨ੍ਹਾਂ ਦੇ ਮੱਥੇ 'ਚ ਤਣਾਅ ਪੈਦਾ ਕਰ ਰਹੀਆਂ, ਵਾਅਦੇ ਜਿਨ੍ਹਾਂ ਦੇ ਕਦੇ ਪੂਰੇ ਨਹੀਂ ਹੁੰਦੇ ਅਤੇ ਲਾਰੇ ਜਿਨ੍ਹਾਂ ਦਾ ਕਦੇ ਕੁੱਝ ਵੀ ਨਹੀਂ ਸੁਆਰਦੇ। ਅਜਿਹੇ ਲੋਕਾਂ ਅੱਗੇ ਮੁਸਕਰਾਹਟ ਆਪੇ ਦਾ ਪ੍ਰਦਰਸ਼ਨ ਕਰੇ ਤਾਂ ਉਨ੍ਹਾਂ ਨੂੰ ਸੁਖਾਵਾਂ ਨਹੀਂ ਕਰ ਸਕਦੀ। ਚਾਅ, ਸ਼ੋਰ ਮਚਾਉਣ ਦਾ ਯਤਨ ਕਰੇ ਤਾਂ ਜ਼ਖ਼ਮਾਂ 'ਤੇ ਲੂਣ ਛਿੜਕਣ ਜਿਹਾ ਅਹਿਸਾਸ ਪੈਦਾ ਹੋਵੇਗਾ। ਨੱਚਣ ਦੇ ਦ੍ਰਿਸ਼ ਤੇ ਨੱਚਣ ਦੇ ਸੱਦੇ ਦੇਣ ਵਾਲੇ ਵਕਤ ਦੀ ਹਕੀਕਤ ਵੱਲ ਪਿੱਠ ਕਰਕੇ ਲਲਕਾਰੇ ਮਾਰਨੋਂ ਨਹੀਂ ਹਟਦੇ।

ਆ ਜਾ ਨੱਚ ਲੈ, ਨੱਚ ਬੱਲੀਏ, ਜੇ ਨੱਚੇਂ ਅਸਾਡੇ ਨਾਲ, ਝਲਕ ਦਿਖਲਾ ਜਾ, ਆਉ ਨੱਚੀਏ ਤੇ ਆਉ ਸਾਰੇ ਨੱਚੀਏ ਅਜਿਹੇ ਦ੍ਰਿਸ਼ ਉਭਾਰਦੇ ਹਨ ਕਿ ਸਾਰੇ ਲੋਕ ਅਸਲੀਅਤ ਦੀ ਜ਼ਮੀਨ ਛੱਡ ਕੇ ਕਲਪਨਾ ਦੇ ਕਲਾਵੇ ਵਿੱਚ ਆ ਕੇ ਨੱਚਣ ਲੱਗ ਪੈਣ ਅਤੇ ਆਪੋ-ਆਪਣੇ ਮਨਾਂ ਦੇ ਸੱਚ ਤੋਂ ਦੂਰ ਝੂਮਣ ਲੱਗ ਪੈਣ। ਇਹ ਆਟੇ 'ਚ ਲੂਣ ਬਰਾਬਰ ਲੋਕਾਂ ਦੇ ਸੱਦੇ ਹਨ, ਨਾਚਾਂ ਵਾਲਿਆਂ ਤੇ ਨਚਾਰਾਂ ਦੇ ਬੁਲਾਵੇ ਹਨ ਜਿਹੜੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਬਾਜ਼ ਨਹੀਂ ਆਉਂਦੇ। ਇਹ ਪਹਿਰਾਵਿਆਂ ਦੀ ਚਮਕ ਦਮਕ ਅਤੇ ਚੁੰਧਿਆ ਦੇਣ ਵਾਲੀਆਂ ਰੌਸ਼ਨੀਆਂ ਦੇ ਜਲਵਿਆਂ ਰਾਹੀਂ ਚਕਾਚੌਂਧ ਪੈਦਾ ਕਰਕੇ ਲੋਕਾਂ ਨੂੰ ਆਪਣੀ ਸੁਪਨਈ ਲਪੇਟ ਵਿੱਚ ਲੈਣ ਤੋਂ ਨਹੀਂ ਝਿਜਕਦੇ।

ਇਹ ਉਨ੍ਹਾਂ ਲੋਕਾਂ ਦੇ ਜਾਦੂਮਈ ਕ੍ਰਿਸ਼ਮੇ ਹਨ ਜਿਹੜੇ ਸਮਾਜ ਦੇ 98 ਫੀਸਦੀ ਵਾਸੀਆਂ 'ਤੇ ਰੰਗੀਨ ਐਨਕਾਂ ਚੜ੍ਹਾ ਕੇ ਆਲੇ-ਦੁਆਲੇ ਦੀ ਹਰਿਆਲੀ ਨੂੰ ਹੋਰ ਤੋਂ ਹੋਰ ਹਰੀ ਭਰੀ ਦਿਖਾਉਂਦੇ ਹਨ ਅਤੇ ਕੁਦਰਤ ਦੀ ਹਰ ਚੀਜ਼ ਨੂੰ ਹੋਰ ਤੋਂ ਹੋਰ ਜਾਦੂਮਈ ਅਤੇ ਜਲਵਾਮਈ। ਪਰ ਇਹ ਕਿਰਿਆ ਬਹੁਤਾ ਚਿਰ ਨਹੀਂ ਚੱਲਦੀ। ਅਸਲੀਅਤ ਸਾਹਮਣੇ ਪ੍ਰਗਟ ਹੋ ਜਾਣ 'ਤੇ ਸਭ ਪਰਦਾਫਾਸ਼ ਹੋ ਜਾਂਦਾ ਹੈ ਤੇ ਭੇਤ ਖਤਮ ਹੋ ਕੇ ਹੀ ਰਹਿ ਜਾਂਦਾ। ਜਾਗ੍ਰਤ ਲੋਕ ਸਮੇਂ ਦੀ ਤੋਰ ਨੂੰ ਸਮਝ ਕੇ ਹਨੇਰੇ ਨੂੰ ਦੂਰ ਕਰਦਿਆਂ ਆਮ ਲੋਕਾਂ ਨੂੰ ਹੋਕਾ ਦਿੰਦੇ ਹਨ ਕਿ ਗੁਮਰਾਹ ਨਾ ਹੋ ਜਾਇਉ ਲੋਕੋ ਇਹ ਨੱਚਣ ਦਾ ਵੇਲਾ ਨਹੀਂ।



ਜਿਸ ਘਰ ਵਿਆਹ ਹੋਵੇ, ਖੁਸ਼ੀ ਦਾ ਮੌਕਾ ਹੋਵੇ ਉੱਥੇ ਕਦੇ ਕਿਸੇ ਨੂੰ ਨੱਚਣ ਦਾ ਸੱਦਾ ਨਹੀਂ ਦਿੱਤਾ ਜਾਂਦਾ, ਉੱਥੇ ਤਾਂ ਨੱਚਣਾਂ ਆਪ ਮੁਹਾਰਾ ਹੁੰਦਾ। ਖੁਸ਼ੀ ਤੇ ਚਾਅ ਘਰ ਵਾਲਿਆਂ ਤੇ ਪ੍ਰਾਹੁਣਿਆਂ ਦੇ ਪੈਰ ਜ਼ਮੀਨ 'ਤੇ ਲੱਗਣ ਹੀ ਨਹੀਂ ਦਿੰਦੇ। ਅਜਿਹੇ ਮੌਕੇ ਆਪੇ ਤੋਂ ਬਾਹਰ ਹੋਏ ਵਲਵਲੇ ਵੀ ਹੁੰਦੇ ਹਨ ਅਤੇ ਸਾਦ-ਮੁਰਾਦੇ ਇਰਾਦੇ ਵੀ। ਜਿਹੜਾ ਨੱਚਣਾ ਅਜਿਹੇ ਮੌਕਿਆਂ ਤੇ ਹੁੰਦਾ ਹੈ ਉਸ ਵਿੱਚ ਘਰ ਦਾ ਹਰ ਜੀਅ ਸ਼ਾਮਲ ਹੁੰਦਾ ਹੈ ਤੇ ਸ਼ਾਮਲ ਹੋਣ ਵਾਲਿਆਂ ਦਾ ਭਰਵਾਂ ਚਾਅ ਵੀ। ਅਲਬੇਲੇ ਤੇ ਮਸਤਾਨੇ ਛਿਣ ਹਰ ਜੀਅ ਤੇ ਮਹਿਮਾਨ ਨੂੰ ਆਪਣੇ ਦਾਇਰੇ ਤੋਂ ਬਾਹਰ ਜਾਣ ਦੀ ਆਗਿਆ ਤੱਕ ਦੇਣ ਲਈ ਤਿਆਰ ਹੀ ਨਹੀਂ ਹੁੰਦੇ।

ਅੱਜ-ਕੱਲ੍ਹ ਟੀ ਵੀ ਚੈਨਲਾਂ ਨੇ ਨੱਚਣ ਦਾ ਏਨਾ ਸ਼ੋਰ ਮਚਾਇਆ ਹੋਇਆ ਹੈ ਕਿ ਕੰਨ ਸੁਣਨ ਦਾ ਹੀਆ ਨਹੀਂ ਕਰਦੇ ਅਤੇ ਅੱਖਾਂ ਦੇਖਣ ਲਈ ਤਿਆਰ ਨਹੀਂ ਹੁੰਦੀਆਂ। ਲੱਚਰ ਜਹੇ ਗੀਤ ਕੰਨਾਂ ਨੂੰ ਸੁਖਾਉਂਦੇ ਨਹੀਂ ਤੇ ਅੱਧ-ਨੰਗੇ ਜਿਸਮ ਅੱਖਾਂ ਅੱਗੇ ਉਹ ਕੁੱਝ ਪਰੋਸਦੇ ਹਨ ਜੋ ਅੱਖਾਂ ਨੂੰ ਚਾਹੀਦਾ ਨਹੀਂ ਹੁੰਦਾ। ਨਾਚ ਦੇ ਨਾਂ ਤੇ ਨੰਗੇਜ਼ ਦਿਖਾਉਣ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ਅਤੇ ਪਰਵਾਨ ਕਰਨਾ ਤਾਂ ਕਿਸੇ ਤਰ੍ਹਾਂ ਵੀ ਸਿਆਣਪ ਨੂੰ ਮਨਜ਼ੂਰ ਨਹੀਂ ਹੋ ਸਕਦਾ। ਪਰ, ਟੀ ਵੀ ਸਕਰੀਨਾਂ 'ਤੇ ਨਾਚਾਂ ਦੀ ਧੁੰਮ ਪਈ ਰਹੇਗੀ, ਗਦਰ ਮਚਿਆ ਰਹੇਗਾ।

ਲੋਕਾਂ ਦੇ ਜਾਗਣ ਦਾ ਵੇਲਾ ਹੈ ਜਿਨ੍ਹਾਂ ਤੋਂ ਨਾਚਾਂ ਦੀ ਪਛਾਣ ਭੁੱਲੀ ਹੋਈ ਨਹੀਂ। ਜਿਹੜੇ ਨਾਚ ਦਿਖਾਏ ਜਾਂਦੇ ਹਨ ਇਹ ਫਿਲਮੀ ਹਨ, ਅਸਲੀ ਨਹੀਂ। ਇਨ੍ਹਾਂ ਵਿੱਚ ਨਾਚ ਦੀ ਧਮਕ ਘੱਟ ਹੀ ਹੁੰਦੀ ਹੈ ਤੇ ਪਹਿਰਾਵਿਆਂ ਦੀ ਚਮਕ ਵੱਧ। ਇਨ੍ਹਾਂ ਵਿੱਚ ਅਦਾਵਾਂ, ਮੁਦਰਾਵਾਂ, ਕਰਵਟਾਂ ਅਤੇ ਜਿਸਮਾਂ ਦੀਆਂ ਲਚਕੀਲੀਆਂ ਹਰਕਤਾਂ ਦੀ ਘਾਟ ਅਕਸਰ ਰੜਕਦੀ ਰਹਿੰਦੀ ਹੈ ਪਰ ਇਸ ਵਿੱਚ ਲੱਗੇ ਲੋਕ ਨੰਗੇਜ਼ ਕਾਰਨ ਲੋਕਾਂ ਦੀਆਂ ਅੱਖਾਂ ਵਿੱਚ ਅਸ਼ਲੀਲਤਾ ਦਾ ਘੱਟਾ ਪਾਉਣ ਵਿੱਚ ਅਕਸਰ ਕਾਮਯਾਬ ਰਹਿੰਦੇ ਹਨ ਅਤੇ ਲੋਕਾਂ ਨੂੰ ਗੁਮਰਾਹ ਕਰਨੋਂ ਵੀ ਨਹੀਂ ਹਟਦੇ।

ਕੇਬਲ ਟੀ ਵੀ ਚੈਨਲਾਂ ਵਾਲੇ ਹੀ ਨਹੀਂ ਸਗੋਂ ਹਰ ਖੇਤਰ ਦੇ ਲੋਕ ਹੀ ਆਮ ਲੋਕਾਂ ਨੂੰ ਆਪਣੀਆਂ ਉਂਗਲਾਂ ਦੇ ਇਸ਼ਾਰਿਆਂ 'ਤੇ ਨਚਾਉਣ ਤੋਂ ਗੁਰੇਜ਼ ਨਹੀਂ ਕਰਦੇ । ਧਾਰਮਿਕ ਆਗੂ ਸਵਰਗ 'ਚ ਚੰਗੇ ਜੀਵਨ ਦੇ ਲਾਰੇ ਲਾਉਂਦੇ ਹਨ ਪੈਰੋਕਾਰਾਂ ਨੂੰ ਸਿਰਫ ਉਂਗਲੀਆਂ 'ਤੇ ਨਚਾਉਂਦੇ ਹਨ ਕਿਸੇ ਨੂੰ ਦੇਣ ਜੋਗੇ ਕੁੱਝ ਨਹੀਂ। ਲੋਕ ਵਿਚਾਰੇ, ਕਿਸਮਤ ਮਾਰੇ ਇਨ੍ਹਾਂ ਦੀ ਮਾਰ ਤੋਂ ਬਚ ਨਹੀਂ ਪਾਉਂਦੇ ਕਿਸੇ ਮੁਸ਼ਕਲ ਨਾਲ ਮੱਥਾ ਨਹੀਂ ਲਾਉਂਦੇ, ਲਾਰਿਆਂ ਦੀ ਧੁੱਪ ਛਾਂ ਵਿੱਚ ਤੁਰਦੇ ਰਹਿੰਦੇ ਹਨ ਜੀਵਨ ਭਰ ਖੁਰਨ ਲਈ।

ਰਾਜਨੀਤਕਾਂ ਦੇ ਵਸ ਤਾਂ ਸਾਰਾ ਸਮਾਜ ਸਦਾ ਹੀ ਪਿਆ ਰਹਿੰਦਾ। ਇਹ ਸਭ ਨੂੰ ਹੀ ਨਚਾਈ ਰੱਖਦੇ ਹਨ ਤੇ ਕਿਸੇ ਨੂੰ ਨਹੀਂ ਬਖਸ਼ਦੇ। ਸਮਾਜਕ ਪ੍ਰਾਣੀਆਂ ਦਾ

ਇਨ੍ਹਾਂ ਬਿਨਾਂ ਸਰਦਾ ਨਹੀਂ ਜਿਸ ਕਾਰਨ ਨੇਤਾ ਕਿਸੇ ਨੂੰ ਵੀ ਆਪਣੇ ਹਿੱਤਾਂ ਲਈ ਵਰਤਣ ਤੋਂ ਉੱਕਾ ਹੀ ਨਹੀਂ ਝਿਜਕਦੇ। ਅਸਲ ਮਹੌਲ ਨੂੰ ਸਮਝਿਆ ਜਾਵੇ ਤਾਂ ਬੇਝਿਜਕ ਇਹ ਕਹਿਣਾ ਪਵੇਗਾ ਕਿ ਰਾਜਨੀਤੀ ਵਿੱਚ ਹਰ ਕੋਈ ਨੱਚ ਰਿਹਾ ਹੈ ਤੇ ਬਾਹਰ ਵਾਲਿਆਂ ਨੂੰ ਨਚਾਉਣ ਦੀ ਮੁਹਾਰਤ ਹਾਸਲ ਕਰ ਰਿਹਾ।

ਜਦ ਗਰੀਬ ਉਦਾਸ ਨਾ ਹੋਊ, ਭੁੱਖਾਂ ਮਾਰਿਆਂ ਕੋਈ ਨਾ ਹੋਊ, ਮਜਬੂਰ ਕੋਈ ਨਾ ਹੋਊ। ਉਦੋਂ ਹੀ ਨੱਚਣਾਂ ਵਾਜਬ ਹੋਊ। ਉਦੋਂ ਨੱਚਣ ਲਈ ਵਾਜਾਂ ਮਾਰਨਾਂ ਜਾਇਜ਼ ਹੋਊ। ਅਜੇ ਤਾਂ ਪੂਰੇ ਯਤਨਾਂ ਨਾਲ ਆਮ ਲੋਕਾਂ ਨੂੰ ਮੁੱਠੀ ਭਰ ਨਚਾਰਾਂ ਵਲੋਂ ਭੰਬਲਭੂਸੇ ਵਿੱਚ ਪਾਕੇ ਗੁਮਰਾਹ ਕੀਤਾ ਜਾ ਰਿਹਾ ਜਿਸ ਕਾਰਨ ਲੋਕਾਂ ਅੱਗੇ ਇਹੀ ਹੋਕਾ ਦੇਣਾ ਠੀਕ ਰਹੇਗਾ ਕਿ ਗੁੰਮਰਾਹ ਨਾ ਹੋ ਜਾਇਓ ਲੋਕੋ ਇਹ ਨੱਚਣ ਦਾ ਵੇਲਾ ਨਹੀਂ।

♦♦♦



## 6

# ਹਵਾ 'ਤੇ ਕੌਣ ਲਿਖੇਗਾ ਅੱਜ ਕੱਲ੍ਹ, ਦਿਲ ਦੇ ਦਰਦਾਂ ਦਾ ਇਤਿਹਾਸ

ਲਿਖਣ ਵਾਲੇ ਨੇ ਲਿਖਣਾ ਹੁੰਦਾ। ਲਿਖੇ ਬਗੈਰ ਰਹਿ ਨਹੀਂ ਸਕਦਾ। ਲਿਖ ਕੇ ਉਹ ਖੁਦ ਸੰਤੁਸ਼ਟ ਹੁੰਦਾ ਹੈ ਤੇ ਦੂਜਿਆਂ ਨੂੰ ਕਰਨਾ ਚਾਹੁੰਦਾ। ਕਈ ਵਾਰ ਉਹ ਇਸ ਵਿੱਚ ਸਫਲ ਹੁੰਦਾ ਕਈ ਵਾਰ ਨਹੀਂ। ਫੇਰ ਵੀ ਉਹ ਯਤਨ ਕਰਨਾ ਨਹੀਂ ਛੱਡਦਾ। ਕੋਈ ਔਖਾ ਹੋ ਕੇ ਲਿਖਦਾ ਕੋਈ ਸੌਖਾ ਹੋ ਕੇ, ਕੋਈ ਮਾੜਾ ਲਿਖਦਾ ਕੋਈ ਮਿਆਰੀ। ਰਚਨਾ ਓਹੀ ਸਦਾ ਟਿਕੀ ਰਹਿੰਦੀ ਹੈ ਜਿਸ ਵਿੱਚ ਸਦੀਵੀ ਤੱਤ ਹੋਣ ਤੇ ਲੋਕ ਹਿੱਤਾਂ ਦੀ ਗਾਥਾ। ਅਜਿਹਾ ਕੁੱਝ ਵਰਕਿਆਂ 'ਤੇ ਲਿਖਿਆ ਜਾਂਦਾ ਹੈ ਤੇ ਹਰ ਲਿਖਣ ਵਾਲਾ ਵਰਕਿਆਂ 'ਤੇ ਲਿਖਿਆ ਜਾਂਦਾ ਕਿੱਸਾ ਤਾਜ਼ਗੀ ਨਾਲ ਭਰਪੂਰ ਕਰਨ ਦਾ ਯਤਨ ਵੀ ਕਰਦਾ ਹੈ ਤੇ ਸਜੀਵ ਕਰਨ ਦਾ ਵੀ। ਲਿਖਣ ਵਾਲੇ ਕੁੱਝ ਇਕ ਤਾਂ ਲੋਕ-ਹਿੱਤਾਂ ਖਾਤਰ ਲਿਖਦੇ ਹਨ ਤੇ ਕੁੱਝ ਇਕ ਆਪਣੇ ਮਨ ਦੀ ਮੌਜ ਖਾਤਰ।

ਕਿਸੇ ਤਰ੍ਹਾਂ ਦਾ ਵੀ ਲਿਖੇ ਵਰਕਿਆਂ 'ਤੇ ਹਰ ਕੋਈ ਲਿਖ ਸਕਦਾ। ਬਹੁਤ ਕਠਨ ਹੈ ਹਵਾ ਪਾਣੀ ਤੇ ਵਕਤ ਦੇ ਸਫ਼ਿਆਂ 'ਤੇ ਲਿਖਣਾ। ਪਾਣੀਆਂ ਦੇ ਸਫੇ 'ਤੇ ਤਾਂ ਸ਼ਾਇਦ ਹੀ ਕੋਈ ਲਿਖ ਸਕਦਾ ਹੋਵੇ ਪਰ ਵਕਤ ਦੇ ਸਫ਼ੇ 'ਤੇ ਲਿਖਣ ਵਾਲੇ ਵੀ ਹੈਗੇ ਤੇ ਹਵਾ ਦੇ ਖੁੱਲ੍ਹੇ ਤੇ ਵਿਸ਼ਾਲ ਸਫ਼ੇ 'ਤੇ ਵੀ। ਵਕਤ ਦੇ ਸਫ਼ੇ 'ਤੇ ਲਿਖਣ ਵਾਲੇ ਬਹੁਤੇ ਨਹੀਂ। ਕੋਈ ਵਿਰਲਾ ਹੀ ਲਿਖ ਸਕਦਾ ਹੈ ਵਕਤ ਦੇ ਸਫ਼ਿਆਂ ਦੇ ਹਾਣ ਦੀ ਗੱਲ। ਹਵਾ ਦੇ ਸਫ਼ੇ 'ਤੇ ਓਹੀ ਲਿਖ ਸਕਦੇ ਹਨ ਜਿਨ੍ਹਾਂ ਕੋਲ ਹਵਾ 'ਤੇ ਸਵਾਰ ਹੋਣ ਦੀ ਤਾਕਤ ਹੋਵੇ, ਤਾਕਤ ਓਹੀ ਰੱਖਦੇ ਹਨ ਜਿਨ੍ਹਾਂ ਕੋਲ ਸਵਾਰ ਹੋਣ ਦੀ ਤਰਕੀਬ ਹੋਵੇ। ਹਵਾ 'ਤੇ ਉਡਾਰੀਆਂ ਓਹੀ ਭਰ ਸਕਦੇ ਹਨ ਜਿਹੜੇ ਲਹੂ-ਭਿੱਜੇ ਪੈਂਡਿਆਂ ਦਾ ਸਫਰ ਕਰ ਸਕਦੇ ਹੋਣ। ਇਨ੍ਹਾਂ ਬਿਨਾਂ ਹੋਰ ਭਲਾਂ ਹੋਰ ਕੌਣ ਹੋ ਸਕਦੈ?

ਹਰਫ਼ਾਂ 'ਚ ਦਿਲ ਦਾ ਦਰਦ ਪਾਉਣ ਵਾਲੇ ਵੀ ਹਵਾ 'ਤੇ ਸਵਾਰ ਹੋਣ ਬਿਨਾ ਨਹੀਂ ਰਹਿੰਦੇ। ਉਨ੍ਹਾਂ ਦੇ ਹਰਫ ਦਰਦ ਨਾਲ ਏਨਾ ਘੁਲ਼-ਮਿਲ ਜਾਂਦੇ ਹਨ ਕਿ ਦੋਹਾਂ ਨੂੰ ਵੱਖ ਵੱਖ ਕੀਤੇ ਜਾਣ ਦੇ ਯਤਨ ਸਫਲ ਨਹੀਂ ਹੋ ਸਕਦੇ। ਘੁਲ਼ੇ-ਮਿਲੇ ਹੋਣ ਕਾਰਨ ਪੜ੍ਹਨ-ਸੁਣਨ ਵਾਲੇ 'ਤੇ ਵੀ ਏਨਾ ਅਸਰ ਕਰਦੇ ਹਨ ਕਿ ਉਹ

ਇਨ੍ਹਾਂ ਦੀ ਪਕੜ ਤੋਂ ਬਾਹਰ ਨਹੀਂ ਰਹਿ ਸਕਦਾ। ਅਜਿਹੀ ਹਾਲਤ ਬਾਰੇ ਸਹਿਜ ਜਹੀ ਟਿੱਪਣੀ ਇਹੀ ਕੀਤੀ ਜਾ ਸਕਦੀ ਹੈ ਕਿ ਦਰਦ ਦੀ ਦਰਦ ਨਾਲ ਗਹਿਰੀ ਗਲਵੱਕੜੀ। ਦਿਲਾਂ ਦੇ ਦਰਦ ਤਾਂ ਦਰਿਆਵਾਂ ਤੇ ਸਮੁੰਦਰਾਂ ਤੋਂ ਵੀ ਡੂੰਘੇ ਹਨ ਜਿਨ੍ਹਾਂ ਦੀ ਥਾਹ ਨਹੀਂ ਪਾਈ ਜਾ ਸਕਦੀ। ਇਨ੍ਹਾਂ ਦਰਦਾਂ ਦੀਆਂ ਪਰਤਾਂ ਦੀ ਗਹਿਰਾਈ ਨੂੰ ਸਮਝ ਸਕਦੀ ਹੈ ਤਾਂ ਕੇਵਲ ਦੀਵਾਨਿਆਂ ਦੀ ਦੀਵਾਨਗੀ, ਫਕੀਰਾਂ ਦੀ ਫਕੀਰੀ ਅਤੇ ਦਰਵੇਸ਼ਾਂ ਦੀ ਦਰਵੇਸ਼ੀ। ਉਹ ਹੀ ਇਨ੍ਹਾਂ ਦਰਦਾਂ 'ਚੋਂ ਬਿਰਹਾ ਦੀਆਂ ਪਰਤਾਂ ਫੋਲਦੇ ਹਨ, ਤੇ ਕਦੇ ਪੈਰਾਂ ਦੇ ਛਾਲੇ ਬਣਕੇ ਬੋਲਦੇ ਹਨ, ਉਹ ਹੀ ਮਿੱਠੇ ਬਚਨਾਂ ਦਾ ਰਸ ਘੋਲਦੇ ਹਨ ਤੇ ਦਿਸਹੱਦਿਆਂ ਦੇ ਭੇਤ ਖੋਲ੍ਹਦੇ ਹਨ, ਉਹ ਹੀ ਰੂਹਾਨੀ ਦਰ ਟੋਲ਼ਦੇ ਹਨ ਤੇ ਮੁਹੱਬਤਾਂ ਦੇ ਰੰਗ ਡੋਲ੍ਹਦੇ।

ਅੱਜ ਦੇ ਤੇਜ ਰਫਤਾਰੇ ਸਮੇਂ ਵਿੱਚ ਹਰ ਕੋਈ ਗੁਆਚਾ ਫਿਰ ਰਿਹਾ। ਕੋਈ ਆਪਣੇ ਆਪ 'ਚ ਤੇ ਕੋਈ ਕਾਰੋਬਾਰ 'ਚ। ਹਰ ਇੱਕ ਦੇ ਮੱਥੇ 'ਤੇ ਉਸ ਦਾ ਸਿਰਨਾਵਾਂ ਵਾਰ ਵਾਰ ਏਹੀ ਲਿਖਣ ਨੂੰ ਜੀਅ ਕਰਦਾ ਕਿ:

ਰਹੀ ਨਾ ਸੁਧ-ਬੁਧ ਸਾਰ
ਇਹ ਬੰਦੇ ਦੀ ਹਾਰ ਪਿਆਰੇ
ਇਹ ਬੰਦੇ ਦੀ ਹਾਰ

ਫੇਰ ਵੀ ਮਾਨਵ ਆਪਣੇ ਆਪ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਆਪਣੇ ਹੀ ਦਰਦ ਤੋਂ ਬੇਖ਼ਬਰ ਗੁਆਚਾ ਆਪਣੀ ਜੀਵਨ ਯਾਤਰਾ ਕਰਦਾ ਜਾ ਰਿਹਾ ਜਿਸ ਨੂੰ ਕਿਸੇ ਦੂਜੇ ਦੀ ਖ਼ੈਰ-ਖਬਰ ਲੈਣ ਦੀ ਬਿਲਕੁੱਲ ਵਿਹਲ ਨਹੀਂ।

ਦਿਲ ਦੇ ਦਰਦਾਂ ਦਾ ਇਤਿਹਾਸ ਏਡਾ ਲੰਮਾ ਤੇ ਦਰਦਾਂ ਭਰਪੂਰ ਹੈ ਕਿ ਇਸ ਨੂੰ ਛੇੜਿਆਂ ਕਾਂਬਾ ਛਿੜ ਪੈਂਦਾ। ਮਾਸੂਮ ਜਿੰਦਾਂ ਕੰਧਾਂ 'ਚ ਚਿਣੀਆਂ ਜਾ ਰਹੀਆਂ ਹੋਣ, ਤੱਤੀ ਤਵੀ 'ਤੇ ਇਮਤਿਹਾਨ ਲਿਆ ਜਾ ਰਿਹਾ ਹੋਵੇ, ਵਹਿਸ਼ੀ ਰੰਗ 'ਚ ਸਿਰ ਤੇ ਧੜ ਅਲੱਗ ਅਲੱਗ ਕੀਤੇ ਜਾ ਰਹੇ ਹੋਣ, ਸਰੀਰ ਦੀ ਚਮੜੀ ਉਤਾਰੀ ਜਾ ਰਹੀ ਹੋਵੇ, ਜਿੰਦ ਨੂੰ ਸਲੀਬ 'ਤੇ ਟੰਗਿਆ ਜਾ ਰਿਹਾ ਹੋਵੇ ਜਾਂ ਫੇਰ ਆਪਣੇ ਹੀ ਲਾਲ ਨੂੰ ਨੇਜ਼ੇ ਤੇ ਟੰਗਿਆ ਦੇਖਣਾ ਪਵੇ ਤਾਂ ਲਾਜ਼ਮੀ ਹੀ ਹੈ ਕਿ ਮਾਨਵ ਆਪਣੇ ਹੀ ਸਾਹਮਣੇ ਦਹਿਲ ਕੇ ਰਹਿ ਜਾਵੇ। ਅੱਜ ਦੇ ਸਮੇਂ 'ਚ ਸਵਾਰਥ ਏਨਾ ਵਧ ਗਿਆ ਕਿ ਦਿਲ ਦੇ ਦਰਦਾਂ ਦੀ ਗਾਥਾ ਛੇੜਨ ਵਾਲਾ ਕੋਈ ਨਹੀਂ, ਜਿਨ੍ਹਾਂ ਦਾ ਇਤਿਹਾਸ ਫਰੋਲਣ ਦੀ ਕਿਸੇ ਕੋਲ ਵਿਹਲ ਨਹੀਂ, ਕੋਈ ਵੀ ਇਨ੍ਹਾਂ ਦਾ ਇਤਿਹਾਸ ਹਵਾ 'ਤੇ ਲਿਖਣ ਵਾਲਾ ਨਹੀਂ। ਮਾਇਆ ਹਾਸਲ ਕਰਕੇ ਇਤਿਹਾਸ ਲਿਖਣ ਵਾਲੇ ਬਹੁਤ ਨੇ ਪਰ ਦਿਲ ਦੇ ਦਰਦਾਂ ਦਾ ਇਤਿਹਾਸ ਪੈਸੇ ਲੈ ਕੇ ਲਿਖਿਆ ਹੀ ਨਹੀਂ ਜਾ ਸਕਦਾ।

♦♦♦



# 7

# ਜਿੱਤਣ ਲੀਡਰ ਹਾਰਨ ਲੋਕ

ਸਿਆਸੀ ਲੀਡਰਾਂ ਦਾ ਆਪਣਾ ਖਾਸ ਸਥਾਨ ਹੈ ਜਿਹੜਾ ਉਨ੍ਹਾਂ ਤੋਂ ਆਸਾਨੀ ਨਾਲ ਖੋਹਿਆ ਨਹੀਂ ਜਾ ਸਕਦਾ। ਉਹ ਏਨੀ ਸਮਰੱਥਾ ਵਾਲੇ ਹੁੰਦੇ ਹਨ ਕਿ ਖੋਹਣ ਨਹੀਂ ਦਿੰਦੇ। ਇਹ ਵੀ ਕਿ ਉਹ ਆਪਣੇ-ਆਲੇ ਦੁਆਲੇ 'ਚ ਕਿਸੇ ਵੀ ਸ਼ਖਸ ਦੀ ਧੂਣੀ ਮਘਣ ਨਹੀਂ ਦਿੰਦੇ ਤੇ ਕਿਸੇ ਦਾ ਕੱਦ ਵਧਣ ਨਹੀਂ ਦਿੰਦੇ।

ਹਰ ਖੇਤਰ 'ਚ ਲੀਡਰ ਮੱਲਾਂ ਮਾਰਦੇ, ਬੁੱਕਦੇ ਅਤੇ ਜਿੱਤ ਜਾਂਦੇ। ਜਿੱਤੇ ਹੋਏ ਫੁੱਲੇ ਨਾ ਸਮਾਉਂਦੇ। ਜਜ਼ਬੇ ਉਛਾਲੇ ਮਾਰਦੇ, ਸੰਭਾਲਿਆਂ ਵੀ ਸੰਭਾਲੇ ਨਾ ਜਾਂਦੇ। ਹਉਮੈ ਨੱਚਦੀ ਤੇ ਟੱਪਦੀ। ਮਾਹੌਲ ਵਸ 'ਚ ਨਾ ਰਹਿੰਦਾ। ਹਉਮੈ ਦੀ ਘੁੰਮਣਘੇਰੀ ਅਜਿਹਾ ਫਸਾਉਂਦੀ ਕਿ ਨਿਮਰਤਾ ਦਾ ਚਿੱਤ-ਚੇਤਾ ਨਾ ਰਹਿਣ ਦਿੰਦੀ। ਸਮਾਂ ਆਪਣੇ ਹੀ ਖੋਲ 'ਚ ਲੁੱਡੀਆਂ ਪਾਈ ਜਾਂਦਾ।

ਜਿੱਤ ਉਸ ਅਹਿਸਾਸ ਵਲ ਲੈ ਜਾਂਦੀ ਜਿੱਥੇ ਸ਼ਖਸ ਆਪਣੇ ਆਪ ਨੂੰ ਆਪਣੇ ਹੀ ਮੋਢਿਆਂ 'ਤੇ ਚੁੱਕੀ ਫਿਰਦਾ, ਜਿੱਥੇ ਉਸਨੂੰ ਆਪਣੇ ਤੋਂ ਅੱਗੇ ਕੋਈ ਨਾ ਲੱਗਦਾ ਅਤੇ ਉਹ ਹਵਾ 'ਤੇ ਸਵਾਰ ਹੋਇਆ ਸਮਝਦਾ। ਉਸਨੂ ਜਿੱਤ ਦਾ ਕੋਈ ਸਾਨੀ ਨਾ ਦਿਸਦਾ। ਜਿੱਤ ਕੱਦ ਵਧਾਵੇ, ਚਾਅ ਪੈਲਾਂ ਪਾਵੇ। ਮਨ ਦੀ ਫ਼ਿਜ਼ਾ 'ਤੇ ਆਪਣਾ ਰੰਗ ਚੜ੍ਹਾਵੇ। ਜਿੱਤ ਦੇ ਰੰਗ ਹਜ਼ਾਰ ਤੇ ਹੁੰਦੇ ਜਸ਼ਨਾਂ ਦੇ ਦੀਦਾਰ।

ਕੋਈ ਵੀ ਖੇਤਰ ਹੋਵੇ ਲੀਡਰ ਅਜਿਹੀ ਬਣਤ ਬਣਾਉਂਦੇ ਹਨ ਕਿ ਉਨ੍ਹਾਂ ਦੀ ਮਰਜ਼ੀ ਦਾ ਰਾਹ ਉਨ੍ਹਾਂ ਦੇ ਪੈਰਾਂ ਹੇਠ ਵਿਛਿਆ ਹੀ ਰਹੇ। ਉਹ ਆਪਣੀ ਤੋਰ 'ਚ ਤੁਰਦੇ ਤੁਰਦੇ ਏਨੇ ਖੀਵੇ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਭਾਈ-ਭਤੀਜਾਵਾਦ ਤੋਂ ਬਾਹਰ ਦੀ ਖ਼ਬਰ ਹੀ ਚੰਗੀ ਨਹੀਂ ਲਗਦੀ।

ਏਨੇ ਬੇਖ਼ਬਰ ਹੋ ਜਾਂਦੇ ਹਨ ਕਿ ਉਨ੍ਹਾਂ ਕੋਲ ਉਨ੍ਹਾਂ ਲੋਕਾਂ ਦੀ ਖੈਰ-ਖ਼ਬਰ ਲੈਣ ਦੀ ਵਿਹਲ ਹੀ ਨਹੀਂ ਹੁੰਦੀ ਜਿਨ੍ਹਾਂ ਉਸ ਨੂੰ ਜਿਤਾਇਆ ਹੁੰਦਾ। ਅਜਿਹਾ ਲੀਡਰ ਸਮਝਦਾ ਤਾਂ ਏਹੀ ਹੈ ਕਿ ਉਹ ਆਪਣੇ ਬਲਬੂਤੇ ਹੀ ਜਿੱਤਿਆ ਹੈ ਕਿਸੇ ਦੇ ਅਹਿਸਾਨ ਨਾਲ ਨਹੀਂ। ਅਜਿਹੀ ਜਿੱਤ ਨੂੰ ਉਹ ਆਪਣੇ ਕੰਮਾਂ, ਵਡਿਆਈ, ਪਹੁੰਚ ਤੇ ਸ਼ੋਹਰਤ ਦੀ ਹੀ ਜਿੱਤ ਸਮਝਦਾ ਹੋਇਆ ਲੋਕਾਂ ਦੀ ਹਮਾਇਤ ਤੇ ਮੱਦਦ ਨੂੰ ਉੱਕਾ ਹੀ ਨਾਕਾਰਨ ਦਾ ਯਤਨ ਕਰਦੈ, ਜੋ ਅਸਲੀਅਤ ਨਹੀਂ ਕੇਵਲ ਭਰਮ-ਭੁਲੇਖਾ ਮਾਤਰ ਹੀ ਹੁੰਦਾ।

ਫਿਰਕਿਆਂ ਦੇ ਹੋਣ ਜਾਂ ਸੰਸਥਾਵਾਂ ਦੇ ਲੀਡਰਾਂ ਦੀ ਫਿਤਰਤ ਵਿੱਚ ਬਹੁਤਾ ਫਰਕ ਨਹੀਂ ਹੁੰਦਾ। ਵਿੱਦਿਅਕ ਤੇ ਸਾਹਿਤਕ ਖੇਤਰਾਂ ਦੇ ਆਗੂ ਵੀ ਵੱਖਰੀ ਤਰ੍ਹਾਂ ਦੇ ਨਹੀਂ ਹੁੰਦੇ। ਕਬੀਲਿਆਂ ਦੇ ਸਮਾਜ ਦੇ ਰਹਿਬਰ ਵੀ ਆਪੋ-ਆਪਣੀ ਤੂਤੀ ਵਜਾਉਣ ਤੋਂ ਵੱਡਾ ਕੰਮ ਨਹੀਂ ਕਰਦੇ। ਧਰਮ ਤੇ ਰਾਜਨੀਤੀ ਵੱਖਰੀ ਤੇ ਵਿਲੱਖਣ ਕਿਸਮ ਦੇ ਉੱਚ ਆਗੂ ਪੈਦਾ ਨਹੀਂ ਕਰ ਸਕੇ। ਇਹ ਸਾਰੇ ਤੇ ਹੋਰ ਖੇਤਰਾਂ ਦੇ ਆਗੂ ਜਨਤਾ ਬਾਰੇ ਸੋਚਣ-ਸਮਝਣ ਵਾਲੇ ਬੂਹੇ ਖੋਲ੍ਹਣ ਦਾ ਚੇਤਾ ਹੀ ਨਹੀਂ ਰਖਦੇ।

ਕਿਸੇ ਵੀ ਪ੍ਰਕਿਰਿਆ ਰਾਹੀਂ ਕਰਨੀ ਹੋਵੇ, ਲੋਕ ਚੋਣ ਕਰਨ ਵੇਲੇ ਆਪਣੇ ਵਲੋਂ ਸਹੀ ’ਤੇ ਟਿੱਕ ਕਰਨਾ ਨਹੀਂ ਭੁੱਲਦੇ। ਉਸ ਵੇਲੇ ਉਹ ਮਹਿਸੂਸ ਕਰਦੇ ਹਨ ਕਿ ਆਪਣੇ ਆਗੂ ਨੂੰ ਜਿਤਾ ਕੇ ਉਹ ਜਿੱਤ ਗਏ ਪਰ ਉਨ੍ਹਾਂ ਨੂੰ ਅਸਲੀਅਤ ਦਾ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਉਨ੍ਹਾਂ ਦੀ ਕੋਈ ਸਾਰ ਤੱਕ ਨਹੀਂ ਲਈ ਜਾਂਦੀ, ਪੁੱਛ ਪ੍ਰਤੀਤ ਨਹੀਂ ਹੁੰਦੀ। ਉਹ ਆਪਣੇ ਆਪ ਨੂੰ ‘ਮਾਰੇ-ਮਾਰੇ’ ਹੀ ਸਮਝਣ ਤੋਂ ਬਿਨਾਂ ਕੁੱਝ ਨਹੀਂ ਕਰ ਸਕਦੇ :-

ਜਿੱਤ ਗਏ ਸਨ ਲੋਕ ਜਿਤਾ ਕੇ ਲੀਡਰ ਨੂੰ
ਪਰ ਫਿਰਦੇ ਨੇ ਹੁਣ ਤਾਂ ਮਾਰੇ ਮਾਰੇ ਲੋਕ

ਲੀਡਰ ਤੇ ਲੋਕ ਸਮਾਜ ਦੇ ਅਜਿਹੇ ਦੋ ਵਰਗ ਹਨ ਜਿਨ੍ਹਾਂ ਦਾ ਇੱਕ-ਦੂਜੇ ਬਗੈਰ ਕੰਮ ਨਹੀਂ ਚਲਦਾ। ਜੇ ਲੋਕ ਚੰਗੇ ਲੀਡਰ ਦੀ ਚੋਣ ਕਰ ਲੈਣ ਤਾਂ ਆਗੂ ਨੂੰ ਵੀ ਕਦੇ ਆਪਣੇ ਵਿਸ਼ਵਾਸ ਪਾਤਰ ਤੇ ਪਿਆਰੇ ਲੋਕਾਂ ਦਾ ਵਿਸ਼ਵਾਸ ਨਹੀਂ ਤੋੜਨਾ ਚਾਹੀਦਾ। ਉਂਜ ਅਕਸਰ ਹੀ ਇਸਦੇ ਉਲਟ ਹੁੰਦਾ ਹੈ ਤੇ ਆਗੂ ਲੋਕ ਜਿੱਤ ਹੋ ਜਾਣ ਬਾਅਦ ਆਪਣੇ ਪੈਰਾਂ ਹੇਠਲੀ ਜ਼ਮੀਨ ਦਾ ਚੇਤਾ ਹੀ ਨਹੀਂ ਰੱਖਦੇ। ਏਹੀ ਕਾਰਨ ਹੈ ਕਿ ਤਖ਼ਤ ਉੱਤੇ ਬੈਠੇ ਆਗੂ ਨੂੰ ਤਖਤੇ ’ਤੇ ਲਟਕਦਿਆਂ ਵੀ ਦੇਖਿਆ ਜਾ ਸਕਦੈ।

ਜਿਸ ਵੀ ਦੇਸ਼ ਤੇ ਸੂਬੇ ਵਿੱਚ ਜਿੰਨਾ ਚਿਰ ਗਰੀਬੀ, ਅਨਪੜ੍ਹਤਾ, ਮੂਰਖਤਾ, ਜਾਤ-ਬਰਾਦਰੀ ਅਤੇ ਧਨ-ਦੌਲਤ ਦਾ ਚਮਤਕਾਰ, ਬੇਇਨਸਾਫੀ ਤੇ ਵਿਤਕਰਿਆਂ ਦਾ ਬੋਲ-ਬਾਲਾ ਰਹੇਗਾ, ਓਨੀ ਦੇਰ ‘ਜਿੱਤਣ ਆਗੂ ਹਾਰਨ ਲੋਕ’ ਦਾ ਵਾਕ ਜਾਗਦੇ ਮੱਥਿਆਂ ਦੀ ਸਕਰੀਨ ਉੱਤੇ ਸਕਰੋਲ (ਸੁਰਖੀ) ਵਾਂਗ ਚਲਦਾ ਹੀ ਰਹੇਗਾ, ਚਲਦਾ ਹੀ ਰਹੇਗਾ।

◆◆◆



# 8

# ਲਘੂ ਮਨੁੱਖ ਜਦੋਂ ਬਹਿ ਜਾਵਣ ਉੱਚੀਆਂ ਥਾਂਵਾਂ ਉੱਤੇ

ਉੱਚੀਆਂ ਥਾਵਾਂ ਐਵੇਂ ਕਿਵੇਂ ਨਹੀਂ ਬਣਦੀਆਂ। ਕਿੰਨੇ ਹੱਥ, ਕਿੰਨੇ ਜ਼ਿਹਨ, ਕਿੰਨੀ ਮਿਹਨਤ ਅਤੇ ਕਿੰਨੀਆਂ ਕਲਮਾਂ ਆਪੋ ਆਪਣੀ ਭੂਮਿਕਾ ਨਿਭਾਂਦੀਆਂ ਅਤੇ ਨੀਹਾਂ ਨੂੰ ਉੱਪਰ ਤੱਕ ਲੈ ਜਾਂਦੀਆਂ। ਨੀਹਾਂ ਬਿਨਾਂ ਸਿਖਰਾਂ ਨਹੀਂ ਉਸਰਦੀਆਂ ਪਰ ਸਿਖਰਾਂ ਨੂੰ ਨੀਹਾਂ ਕਦੇ ਨਹੀਂ ਵਿਸਰਦੀਆਂ। ਅਨੇਕਾਂ ਲੋਕਾਂ ਦੇ ਮਿਲਵੇਂ ਤੇ ਸਰਗਰਮ ਯਤਨ ਅਜਿਹੇ ਫਾਸਲੇ ਤੈਅ ਕਰਦੇ ਹਨ ਜਿਹੜੇ ਕੱਲੇ-ਦੁਕੱਲਿਆਂ ਨਹੀਂ ਕੀਤੇ ਜਾ ਸਕਦੇ। ਯਤਨਾਂ ਦੇ ਸਿੱਟੇ ਉਦੋਂ ਨਜ਼ਰ ਆਉਂਦੇ ਹਨ ਜਦੋਂ ਕਾਇਮ ਹੋਏ ਮਿਆਰ ਤੇ ਮਿਨਾਰ ਛੁਪੇ ਨਹੀਂ ਰਹਿੰਦੇ ਸਗੋਂ ਪਰਗਟ ਹੋ ਕੇ ਮਹਿਮਾਂ ਖੱਟਣ।

ਕਿੰਨੀ ਸਾਧਨਾ ਤੇ ਤਪੱਸਿਆ ਨਾਲ ਅਜਿਹੀਆਂ ਉੱਚੀਆਂ ਥਾਵਾਂ ਕਾਇਮ ਹੁੰਦੀਆਂ ਹਨ, ਇਸ ਦਾ ਪਤਾ ਉਨ੍ਹਾਂ ਨੂੰ ਹੁੰਦਾ ਹੈ ਜਿਹੜੇ ਸਾਧਕ ਹੋਣ ਜਾਂ ਫੇਰ ਘੋਰ ਤਪੱਸਿਆ ਦੇ ਅਣਥੱਕ ਤੇ ਸੁਹਿਰਦ ਭਾਗੀ। ਜਾਂ ਫੇਰ ਇਸ ਬਾਰੇ ਉਨ੍ਹਾਂ ਤੋਂ ਪੁੱਛਿਆ ਜਾ ਸਕਦਾ ਹੈ ਜਿਨ੍ਹਾਂ ਇਸ ਸਾਧਨਾ ਦੀ ਪ੍ਰਕ੍ਰਿਆ ਨੂੰ ਨੇੜਿਉਂ ਦੇਖਿਆ ਪਰਖਿਆ ਹੋਵੇ । ਉੱਚ ਬੁੱਧੀ ਦੇ ਸਾਧਨਾਂ ਬਿਨਾਂ ਉੱਚੀਆਂ ਥਾਵਾਂ ਕਾਇਮ ਹੀ ਨਹੀਂ ਹੋ ਸਕਦੀਆਂ। ਉਹ ਹੀ ਆਪਣੇ ਮੌਲਿਕ ਖਿਆਲਾਂ ਦੀਆਂ ਉਡਾਰੀਆਂ ਲਾਉਂਦੇ ਤੇ ਉੱਚ-ਥਾਵਾਂ ਬਣਾਉਂਦੇ।

ਅਜਿਹੀਆਂ ਉੱਚ-ਥਾਵਾਂ ਤੇ ਉੱਚੀ ਬੁੱਧ-ਵਿਵੇਕ ਵਾਲੇ ਸੱਜਣ ਹੀ ਕਾਰਗਰ ਸਾਬਤ ਹੋ ਸਕਦੇ ਹਨ ਜਿਨ੍ਹਾਂ ਕੋਲ ਤਾਜ਼ੇ ਖਿਆਲ ਹੁੰਦੇ ਹਨ, ਮਘਦੀਆਂ ਚਿਣਗਾਂ ਤੇ ਉੱਚੀਆਂ ਉਡਾਰੀਆਂ। ਉਹ ਹੀ ਖੋਲ੍ਹ ਸਕਦੇ ਹਨ ਜੁਗਨੂਆਂ ਵਾਲੀ ਦੁਨੀਆਂ ਦੇ ਬੂਹੇ ਅਤੇ ਤਾਜ਼ੀਆਂ ਹਵਾਵਾਂ ਦੇ ਵਿਸ਼ਾਲ ਦੁਆਰ। ਉਹ ਜ਼ਾਬਤੇ ਅਤੇ ਮਰਿਯਾਦਾ ਵਿੱਚ ਰਹਿ ਕੇ ਅਜਿਹੇ ਹਾਸਲਾਂ ਦੀ ਕਮਾਈ ਕਰਨ ਵੱਲ ਰੁਚਿਤ ਰਹਿੰਦੇ ਹਨ ਜਿਹੜੇ ਮਿਆਰਾਂ ਦੀ ਨੁੱਕਰ ਤੱਕ ਨੂੰ ਭੁਰਨ ਨਹੀਂ ਦਿੰਦੇ।

ਇਸ ਦੇ ਉਲਟ ਜਦ ਲਘੂ ਮਨੁੱਖ ਗਲਤ ਮਲਤ ਵੈਸਾਖੀਆਂ ਨਾਲ ਉੱਚ ਥਾਵਾਂ ’ਤੇ ਪਹੁੰਚ ਜਾਂਦੇ ਹਨ ਉਹ ਆਪਣੇ ਬਾਰੇ ਗਲਤ ਫਹਿਮੀ ਦਾ ਸ਼ਿਕਾਰ ਹੋਏ ਬਿਨਾਂ ਨਹੀਂ ਰਹਿੰਦੇ। ਉਹ ਆਪਣੇ ਲਘੂਪਨ ’ਚ ਸੁਧਾਰ ਦੀ ਬਜਾਏ ਉਨ੍ਹਾਂ ਓਬੜ ਖਾਬੜ ਰਾਹਾਂ ਉੱਤੇ ਪੈ ਜਾਂਦੇ ਹਨ ਜਿਨ੍ਹਾਂ ਉੱਤੇ ਉਨ੍ਹਾਂ ਤੋਂ ਤੁਰ ਹੀ ਨਹੀਂ ਹੁੰਦਾ।

ਉਨ੍ਹਾਂ ਅੰਦਰ ਹਉਮੈ ਦੀ ਹਵਾ ਵਗਣ ਲੱਗ ਪੈਂਦੀ ਹੈ ਅਤੇ ਆਲੇ-ਦੁਆਲੇ ਓਪਰੀ ਹਵਾ। ਅਜਿਹਾ ਕੁੱਝ ਵਾਪਰਦਾ ਹੋਣ ਕਾਰਨ ਉਹ ਆਪਣੇ ਲਘੂਪਨ/ਬੌਨੇਪਣ ਨੂੰ ਹੋਰ ਵੀ ਨਿਘਾਰ ਤੋਂ ਨਹੀਂ ਬਚਾ ਪਾਉਂਦੇ। ਉਹ ਅਗਿਆਨ ਦੀ ਉਸ ਡੂੰਘਾਈ ਵਿੱਚ ਜਾ ਡਿਗਦੇ ਹਨ ਜਿਥੋਂ ਉਹ ਖੁਦ ਤਾਂ ਬਾਹਰ ਨਿਕਲਣ ਦੇ ਸਮਰੱਥ ਨਹੀਂ ਰਹਿੰਦੇ ਅਤੇ ਹੋਰ ਕੋਈ ਉਸ ਦੀ ਮੱਦਦ ਲਈ ਨਹੀਂ ਬਹੁੜਦਾ।

ਅੱਜ ਦਾ ਸਮਾਂ ਹੀ ਬਾਵਰਾ ਹੋ ਕੇ ਰਹਿ ਗਿਆ ਜਿਸ ਵਿੱਚ ਚੋਰ ਦਰਵਾਜ਼ਾ ਬੜਾ ਹੀ ਕੰਮ ਕਰ ਰਿਹਾ। ਅਜਿਹਾ ਦਰਵਾਜਾ ਜਿਸ ਰਾਹੀਂ ਲੰਘ ਕੇ ਆਇਆ ਉੱਚੀ ਥਾਂ 'ਤੇ ਬਹਿ ਕੇ ਦੂਜਿਆਂ ਨੂੰ ਟਿੱਚ ਜਾਨਣ ਤੋਂ ਜ਼ਰਾ ਵੀ ਨਹੀਂ ਸ਼ਰਮਾਉਂਦਾ, ਮਾੜੀ ਮੋਟੀ ਵੀ ਸ਼ਰਮ ਨਹੀਂ ਖਾਂਦਾ। ਕਈ ਵਾਰ ਤਾਂ ਉਸ ਦੀਆਂ ਗੱਲਾਂ ਬਾਤਾਂ ਸੁਣ ਕੇ ਉਸ ਦੇ ਹੀ ਅਧੀਨ ਕੰਮ ਕਰਨ ਵਾਲਿਆਂ ਨੂੰ ਸ਼ਰਮ ਵੀ ਆਉਂਦੀ ਹੈ ਤੇ ਸ਼ਰਮਾਕਲ ( ਵਿਅੰਗਮਈ) ਜਿਹਾ ਹਾਸਾ ਵੀ। ਇਸ ਕਰਕੇ ਕਿ ਜਿਸ ਥਾਂ 'ਤੇ ਉਹ ਲਘੂ ਮਨੁੱਖ ਬੈਠ ਗਿਆ ਹੁੰਦਾ ਹੈ ਜਾਂ ਬਿਠਾ ਦਿੱਤਾ ਗਿਆ ਹੁੰਦਾ ਹੈ ਉਸ ਦੀ ਉਸ ਨੂੰ ਉੱਕਾ ਹੀ ਸਮਝ ਨਹੀਂ ਹੁੰਦੀ। ਉਸ ਦੇ ਹੇਠ ਕੰਮ ਕਰਨ ਵਾਲੇ ਉਸ ਤੋਂ ਵੱਧ ਜਾਣਦੇ ਹੋਏ ਵੀ ਚੋਰ ਦਰਵਾਜਿਉਂ ਆਏ ਦੀ ਮੂਰਖਤਾ ਨੂੰ ਮੰਨਣ ਬਿਨਾਂ ਹੋਰ ਕੁੱਝ ਨਹੀਂ ਕਰ ਸਕਦੇ।

ਜਦੋਂ ਲਘੂ ਮਨੁੱਖ ਉੱਚੀਆਂ ਥਾਵਾਂ 'ਤੇ ਬਹਿ ਜਾਂਦੇ ਹਨ ਜਾਂ ਸਿਫਾਰਸ਼ਾਂ ਨਾਲ ਬਿਠਾ ਦਿੱਤੇ ਜਾਂਦੇ ਹਨ ਉਥੇ ਨਿਘਾਰ ਨੂੰ ਰੋਕਣਾ ਆਸਾਨ ਨਹੀਂ ਹੁੰਦਾ। ਛੋਟੀ/ਬੌਣੀ ਅਕਲ ਦਾ ਹੋਣ ਕਾਰਨ ਲਘੂ ਮਨੁੱਖ ਆਪਣੇ ਸਾਥੀਆਂ ਦੇ ਅਮੀਰ ਅਨੁਭਵਾਂ ਤੇ ਲੰਮੇ ਤਜ਼ਰਬਿਆਂ ਦਾ ਫਾਇਦਾ ਉਠਾ ਸਕਣ ਦੇ ਵੀ ਕਾਬਲ ਨਹੀਂ ਹੁੰਦਾ, ਕਿਉਂਕਿ ਦੂਜਿਆਂ ਦੇ ਅਮੀਰ ਅਨੁਭਵਾਂ ਦਾ ਅਮੁੱਲਾ ਲਾਭ ਵੀ ਉਹ ਹੀ ਉਠਾ ਸਕਦਾ ਹੈ ਜਿਸ ਕੋਲ ਉੱਚ ਅਕਲ ਦਾ ਪੂਰਾ ਖਜ਼ਾਨਾ ਹੋਵੇ। ਲਘੂ ਮਨੁੱਖ ਆਪਣੇ ਹਾਸਲਾਂ ਦੀ ਲੀਕ ਵੱਡੀ ਕਰ ਹੀ ਨਹੀਂ ਸਕਦਾ, ਸਾਥੀਆਂ ਦੀ ਲੀਕ ਛੋਟੀ ਕਰਨ ਦੇ ਆਹਰ ਵਿੱਚ ਹੀ ਲੱਗਿਆ ਰਹਿੰਦਾ ਤਾਂ ਕਿ ਉਸ ਦੀ ਮੂਰਖਤਾ ਛੁਪੀ ਰਹੇ। ਉੱਚੀਆਂ ਥਾਵਾਂ ਤੇ ਬਹਿ ਕੇ ਲਘੂ ਮਨੁੱਖ ਉਹ ਉੱਤਮਤਾ ਬਣੀ ਨਹੀਂ ਰਹਿਣ ਦਿੰਦੇ ਜਿਹੜੀ ਵਰ੍ਹਿਆਂ ਦੀ ਮਿਹਨਤ ਤੇ ਅਨੁਭਵਾਂ ਨਾਲ ਕਮਾਈ ਹੁੰਦੀ ਹੈ ਐਵੇਂ ਕਿਵੇਂ ਨਹੀਂ। ਉਹ ਸੁੱਚਮਤਾ ਕਾਇਮ ਨਹੀਂ ਰਹਿਣ ਦਿੰਦੇ ਜਿਹੜੀ ਪਵਿੱਤਰ ਤੇ ਸੁਹਿਰਦ ਰੂਹਾਂ ਨੇ ਪੂਰੀ ਸੁਹਿਰਦਤਾ ਅਤੇ ਲਗਨ ਨਾਲ ਬਣਾਈ ਹੁੰਦੀ ਹੈ ਐਵੇਂ ਕਿਵੇਂ ਨਹੀਂ। ਅਜਿਹੇ ਮੌਕਿਆਂ ਉੱਤੇ ਉੱਚੀਆਂ ਥਾਵਾਂ ਹੀ ਨਿਰਾਸ਼ ਤੇ ਮਾਯੂਸ ਨਹੀਂ ਹੁੰਦੀਆਂ ਸਗੋਂ ਆਲਾ ਦੁਆਲਾ ਵੀ ਪ੍ਰੇਸ਼ਾਨ ਤੇ ਗਮਗੀਨ ਹੋਏ ਬਿਨਾਂ ਨਹੀਂ ਰਹਿੰਦਾ। ਅਜਿਹੀ ਸਥਿਤੀ ਨੂੰ ਕਾਵਿਮਈ ਅੰਦਾਜ਼ ਵਿੱਚ ਚਿਤਰਤ ਕਰਨਾ ਹੋਵੇ ਤਾਂ ਇਹ ਕੁੱਝ ਆਖੇ ਬਿਨਾਂ ਨਹੀਂ ਸਰਨਾ:



ਐਸੇ ਵੀ ਹਨ ਇਸ ਦੁਨੀਆਂ ਵਿੱਚ
ਰਹਿਣ ਘਸਾਂਦੇ ਜੁੱਤੇ।
ਚੋਰ-ਦਰਵਾਜਿਉਂ ਲੰਘ ਕੇ ਆਵਣ
ਸਦਾ ਹੀ ਰੁੱਤ ਕਰੁੱਤੇ।
ਥਾਵਾਂ ਨੂੰ ਉਹ ਗਰਕ ਨੇ ਕਰਦੇ
ਬਣ ਕੇ ਲੋਭੀ ਕੁੱਤੇ।
ਮਿਆਰਾਂ ਨੂੰ ਕੁੱਝ ਵੀ ਨਾ ਮੰਨਣ
ਸਮਝੋ ਰਹਿੰਦੇ ਸੁੱਤੇ।
ਲਘੂ ਮਨੁੱਖ ਜਦੋਂ ਬਹਿ ਜਾਵਣ
ਉੱਚੀਆਂ ਥਾਵਾਂ ਉੱਤੇ।

♦♦♦

# 9

# ਮੈਂ ਵਿੱਚੋਂ ਨਾ ਲੱਭੇ ਬੰਦਾ

ਮੈਂ ਦਾ ਕਿੱਸਾ ਛੇੜਨ ਲੱਗਿਆਂ ਬੜੀ ਹੀ ਸਾਵਧਾਨੀ ਤੋਂ ਕੰਮ ਲੈਣਾ ਪਵੇਗਾ। ਇਸ ਬਾਰੇ ਗੱਲ ਕਰਨੀ, ਜਿੰਨੀ ਸਮਝੀ ਜਾ ਰਹੀ ਹੈ ਓਨੀ ਸਹਿਜ ਤੇ ਸੌਖੀ ਨਹੀਂ। ਇਸ ਅੰਦਰ ਦਾਖਲ ਹੋਣ ਦਾ ਰਾਹ ਹੀ ਨਹੀਂ ਲੱਭਦਾ। ਸੌ ਬੰਦਸ਼ਾਂ ਸੌ ਅੜਿੱਕੇ। ਇੱਕ-ਅੱਧ ਝੀਤ ਜੇ ਲੱਭ ਪਵੇ ਤਾਂ ਵੀ ਹੱਥ ਕੁੱਝ ਨਹੀਂ ਲੱਗਦਾ। ਇਹੋ ਜਹੀ ਹਾਲਤ ਹੋ ਜਾਂਦੀ ਬੰਦਾ ਆਪਣੇ ਆਪ ਤੋਂ ਭੱਜਦਾ। ਵੱਡਾ ਖ਼ਜ਼ਾਨਾ ਹੈ ਮੈਂ, ਜਿਸ 'ਚੋਂ ਉਹ ਕੁੱਝ ਲੱਭਦਾ ਰਹਿੰਦਾ ਹੈ ਜੋ ਹੋਰ ਕਿਤਿਉਂ ਨਹੀਂ ਲੱਭਦਾ। ਮੈਂ ਦੀਆਂ ਗੱਲਾਂ ਕਰਨ ਵਾਲੇ ਸਾਧਾਰਨ ਤੋਂ ਉਲਟ ਹਾਲਤਾਂ ਤੋਂ ਪਿੱਛੇ ਨਹੀਂ ਹਟਦੇ। ਬਹੁਤੀ ਵਾਰ ਉਨ੍ਹਾਂ ਦੇ ਕੁੱਝ ਸਮਝ ਨਾ ਆਵੇ- ਪਤਾ ਨਾ ਲੱਗਦਾ ਕਿਹੜਾ ਰਸਤਾ ਕਿੱਧਰ ਜਾਵੇ। ਆਖੀ ਜਾਏ ਅਜਿਹਾ ਰਾਹੀ।

'ਕਦੇ ਕਦੇ ਮੈਂ ਕੱਲਮ ਕੱਲਾ,
ਸਦੀਆਂ ਤੋਂ ਚੁੱਪ ਦਾ ਦੁੰਮ ਛੱਲਾ।
ਲੱਭਾਂ ਬੋਲ ਤੇ ਸ਼ਬਦ ਉਡੀਕਾਂ,
ਪਰ ਰੇਤੇ 'ਤੇ ਵਾਹੁੰਦਾ ਲੀਕਾਂ।'

ਬਹੁਤੇ ਲੋਕ ਮੈਂ ਵੱਲ ਵਧਦੇ ਹੀ ਨਹੀਂ। ਮੈਂ ਦੇ ਬੂਹਿਆਂ ਨੂੰ ਲੱਗੇ ਜੰਗਾਲੇ ਜੰਦਰੇ ਨੂੰ ਖੋਲ੍ਹਣ ਲਈ ਤਿਆਰ ਹੀ ਨਹੀਂ ਹੁੰਦੇ। ਇਹ ਉਨ੍ਹਾਂ ਲਈ ਵਾਧੂ ਝੰਜਟ ਜਿਸ ਵਿੱਚ ਪੈ ਉਹ ਸਮਾਂ ਗੁਆਉਣਾ ਹੀ ਨਹੀਂ ਚਾਹੁੰਦੇ। ਉਨ੍ਹਾਂ ਲਈ ਸਰਦੀ 'ਚ ਗਰਮ ਮੌਸਮ ਤੇ ਗਰਮੀਆਂ 'ਚ ਠਰੀ ਜਾਂਦਾ ਤੇ ਬਾਹਰੋ ਬਾਹਰ ਸਰੀ ਜਾਂਦਾ।

ਜਿਹੜੇ ਮੈਂ ਅੰਦਰ ਦਾਖਲ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਕੋਲ ਵੀ ਮੌਲਿਕ ਕਹਿਣ ਲਈ ਕੁੱਝ ਨਹੀਂ ਹੁੰਦਾ। ਉਹ ਅੰਦਰ ਵਿੱਚ ਰਚਦੇ ਨਹੀਂ ਜਾਂ ਅੰਦਰਲੀ ਮੈਂ ਨੂੰ ਜ਼ਰਾ ਵੀ ਸਮਝਦੇ ਨਹੀਂ। ਬੋਲਣ ਤਾਂ ਵੀ ਦੂਜਿਆਂ ਵਰਗਾ ਬੋਲਣ, ਵੱਖਰਾ ਕੁੱਝ ਨਹੀਂ ਹੁੰਦਾ। ਹਉਮੈਂ ਉਵੇਂ ਈ ਫੁੰਕਾਰੇ ਮਾਰੇ।

ਜਿਹੜਾ ਮੈਂ ਮੈਂ ਕਰਦਾ ਰਹਿੰਦਾ ਉਹ ਮੈਂ ਦੀ ਮਹਿਮਾਂ ਦੇ ਉੱਚੇ ਟਿੱਲੇ ਚੜ੍ਹਿਆ ਰਹਿੰਦਾ। ਉਸ ਨੂੰ ਮੈਂ ਦੀ ਸਮਝ ਨਾ ਆਉਂਦੀ। ਉਸ ਨੂੰ ਮੈਂ ਦੀ ਰਮਜ਼ ਨਾ ਆਉਂਦੀ। ਇਸ ਲਈ ਉਸ ਚੋਂ ਉਹ ਨਾ ਲੱਭਦਾ। ਉਹ ਭਲਾ ਬੰਦਾ ਸੀ ਰੱਬ ਦਾ।

ਵਕਤਾਂ ਦੇ ਮੋਢਿਆਂ 'ਤੇ ਚੜ੍ਹਕੇ ਦੂਜਿਆਂ ਨੂੰ ਕੀੜੇ-ਮਕੌੜੇ ਸਮਝਣ ਵਾਲਾ



ਆਪਣੇ ਸੋਨ-ਸੁਨਹਿਰੇ ਪਲਾਂ ਨੂੰ ਆਪੇ ਹੀ ਗੁਆ ਮਾਰਦਾ। ਆਪਣੇ ਅੰਦਰਲੇ ਚਾਨਣ ਨੂੰ ਨਾ ਦੇਖਦਿਆਂ, ਨਾ ਪਹਿਚਾਣਦਿਆਂ ਹਨੇਰਿਆਂ 'ਚ ਗੁਆਚਿਆ ਫਿਰਦਾ ਅਤੇ ਸਮੇਂ ਦੇ ਮੱਥੇ 'ਤੇ ਟਿੱਕਾ ਬਣਨ ਵਾਲਾ ਧੱਬੇ ਦਾ ਧੱਬਾ ਹੋ ਕੇ ਰਹਿ ਜਾਂਦਾ :-

ਹੰਕਾਰ ਵਿੱਚ ਰੁਲਿਆ ਫਿਰਦਾ
ਹਉਮੈਂ ਵਿੱਚ ਪਿਆ ਲੱਭੇ ਬੰਦਾ
ਆਪਣੇ ਮਾਣਕ-ਮੋਤੀਆਂ ਹੇਠਾਂ
ਆਪਣਾ ਆਪਾ ਦੱਬੇ ਬੰਦਾ
ਹੈਗਾ ਆ ਜੋ ਚਾਨਣ-ਚਾਨਣ
ਹੋ ਗਿਆ ਧੱਬੇ ਧੱਬੇ ਬੰਦਾ
ਮੱਥੇ ਵਿੱਚ ਖੜ੍ਹ ਜ਼ੋਰ ਲਗਾਉ
ਮੈਂ ਵਿੱਚੋਂ ਨਾ ਲੱਭੇ ਬੰਦਾ

ਕਈ ਇੱਕ ਦੀ ਮੈਂ ਤਾਂ ਏਨੀ ਦੌੜੀ ਫਿਰਦੀ ਹੈ ਕਿ ਭਟਕਣ ਤੋਂ ਸਿਵਾ ਕੁੱਝ ਪੱਲੇ ਨਹੀਂ। ਬੇਚੈਨੀ ਦੇ ਆਲਮ 'ਚ ਕਿਧਰੇ ਟਿਕਾਅ ਨਹੀਂ। ਘੁੰਮਣਘੇਰੀਆਂ ਪਿੱਛਾ ਨਹੀਂ ਛੱਡਦੀਆਂ ਅਤੇ ਮੰਜ਼ਿਲ ਕੋਈ ਮਿਲਦੀ ਨਹੀਂ। ਇਸੇ ਰਾਮ-ਰੌਲ਼ੇ 'ਚ ਜ਼ਿੰਦਗੀ ਦਾ ਅਹਿਮ ਸਫਰ ਆਖਰੀ ਪੜਾਵਾਂ ਤੱਕ ਤਾਂ ਪਹੁੰਚ ਜਾਂਦਾ ਹੈ ਪਰ ਹਾਸਲ ਕੁੱਝ ਵੀ ਨਹੀਂ ਹੁੰਦਾ।

ਜਿਹੜੀ ਮੈਂ ਦਿਖਾਵਿਆਂ ਤੇ ਅਡੰਬਰਾਂ 'ਚ ਗੁਆਚੀ ਫਿਰੇ ਉਹ ਅਸਲੀਅਤ ਦੇ ਨੇੜੇ ਨਹੀਂ ਰਹਿੰਦੀ। ਧਰਤੀ 'ਤੇ ਪੈਰ ਨਾ ਹੋਣ ਕਾਰਨ ਹਵਾ 'ਚ ਲਟਕੀ ਮੈਂ ਦੇ ਸਿਰ 'ਤੇ ਸੱਚ ਦੀ ਛਾਂ ਨਹੀਂ ਹੁੰਦੀ। ਏਧਰ ਉੱਧਰ ਫੋਕੀਆਂ ਕਲਪਨਾਵਾਂ 'ਚ ਭੁਆਂਟਣੀਆਂ ਖਾਂਦੀ ਮੈਂ ਕਿਸੇ ਸਿਰੇ ਦਾ ਖੁਰਾ-ਖੋਜ ਲੱਭਣ ਵਿੱਚ ਸਫਲ ਨਹੀਂ ਹੁੰਦੀ।

ਆਪਣੀ ਹੀ ਮੈਂ 'ਚੋਂ ਆਪੇ ਨੂੰ ਲੱਭਣਾਂ ਇਸ ਕਰਕੇ ਆਸਾਨ ਨਹੀਂ ਹੁੰਦਾ ਕਿਉਂਕਿ ਮੈਂ ਕਿਸੇ ਥਾਂ ਹੋਰ ਰੂਪ 'ਚ ਹੁੰਦੀ ਹੈ ਕਿਸੇ ਥਾਂ ਹੋਰ। ਧਰਮ ਸਥਾਨ 'ਤੇ ਜਾ ਕੇ ਸਾਊ ਤੇ ਸਾਫ ਮਨ ਪਰ ਘਰ ਤੇ ਸਮਾਜ 'ਚ ਵਾਪਸ ਆ ਕੇ ਮੁੜ ਪਹਿਲਾਂ ਵਾਲਾ ਮੈਲ਼ਾ ਮਨ, ਕੁਚੈਲ਼ਾ ਤਨ। ਇੰਜ ਆਪੇ 'ਚੋਂ ਮੈਂ ਨਹੀਂ ਲੱਭਦੀ ਨਾ ਮੈਂ 'ਚੋਂ ਲੱਭੇ ਬੰਦਾ।

ਬਹੁਤੀ ਵਾਰ ਮੈਂ ਉਹ ਤੁਰ੍ਹਲਾ ਲਾਉਂਦੀ ਹੈ, ਉਹ ਕਲਗੀ ਪਹਿਨਦੀ ਹੈ, ਉਹ ਕੁੱਲਾ ਰੱਖਦੀ ਹੈ ਜਿਨ੍ਹਾਂ ਦੇ ਉਹ ਹਾਣ ਦੀ ਨਹੀਂ ਹੁੰਦੀ। ਅਜਿਹੀ ਗੁਬਾਰੇ ਵਰਗੀ ਫੁੱਲੀ ਮੈਂ 'ਚੋਂ ਬੰਦਾ ਕਿਵੇਂ ਲੱਭ ਸਕਦੈ? ਅਜਿਹੀ ਦਿਸ਼ਾ 'ਚ ਜਿੰਨਾ ਮਰਜ਼ੀ ਜ਼ੋਰ ਲਗਾਉ ਮੈਂ ਵਿੱਚੋਂ ਨਾ ਲੱਭੇ ਬੰਦਾ।

ਅੱਜ ਕੱਲ ਮੈਂ ਮੈਂ ਦਾ ਸ਼ੋਰ ਕਿਤੇ ਵੱਧ ਸੁਣਾਈ ਦੇ ਰਿਹਾ। ਕਿਸੇ ਨੂੰ ਛੇੜ ਬੈਠੋ ਕਿ ਅੱਗਿਉਂ ਅਜਿਹਾ ਬੂਹਾ ਖੁੱਲ੍ਹੇਗਾ ਕਿ ਅਹੁਦਿਆਂ, ਪੱਦਵੀਆਂ ਤੇ ਪ੍ਰਾਪਤੀਆਂ

ਦੇ ਅਜਿਹੇ ਦੁੱਧੀਆਂ ਲਾਟੂ ਜਗਣਗੇ ਕਿ ਸੁਣਨ ਵਾਲਾ ਚੁੰਧਿਆ ਕੇ ਹੀ ਰਹਿ ਜਾਵੇਗਾ।

ਹਉਮੈ 'ਚ ਸੜ ਰਹੇ ਬੰਦੇ ਕੋਲ ਕੁੱਝ ਨਹੀਂ ਹੁੰਦਾ, ਬਹੁਤੀ ਵਾਰ ਤਾਂ ਉਸ ਅੰਦਰ ਬੰਦਾ ਵੀ ਨਹੀਂ ਹੁੰਦਾ। ਆਪਣੀਆਂ ਆਪੇ ਹੀ ਕੀਤੀਆਂ ਜਾ ਰਹੀਆਂ ਸਿਫਤਾਂ ਦੇ ਜੰਗਲ 'ਚ ਹੀ ਗੁੰਮ ਗੁਆਚ ਗਿਆ ਹੁੰਦਾ। ਅਜਿਹੀ ਮੈਂ 'ਚੋਂ ਕੀ ਲੱਭੇਗਾ-ਮੈਂ ਵਿੱਚੋਂ ਨਾ ਲੱਭੇ ਬੰਦਾ।

ਆਪਣੇ ਆਪ 'ਚ ਏਨਾ ਗੁਆਚਿਆ ਫਿਰਦਾ ਹੈ ਮਨੁੱਖ ਕਿ ਇੱਛਾਵਾਂ ਦਾ ਜੰਗਲ ਹੋਰ ਪਾਸੇ ਭੱਜਿਆਂ ਫਿਰਦਾ ਹੈ ਤੇ ਜਜ਼ਬਿਆਂ ਦਾ ਹੋਰ ਪਾਸੇ, ਬਿਰਤੀ ਦੀ ਸਮਾਧੀ ਹੋਰ ਪਾਸੇ, ਸੁਰਤੀ ਦਾ ਟਿਕਾਅ ਹੋਰ ਪਾਸੇ, ਵਿਚਾਰ ਫਿਰਨ ਨਿੱਗਰਤਾ ਤੇ ਉਸਾਰੂ ਦਿਸ਼ਾ ਵਲ ਤੇ ਸੋਚ ਨਿਘਾਰ ਵਲ। ਅਜਿਹੇ ਹਾਲਤ 'ਚ ਕੋਈ ਦਿਸ਼ਾ ਨਹੀਂ ਲੱਭਦੀ। ਜਦ ਮੈਂ 'ਚ ਮਨੁੱਖ ਹੀ ਹਾਜ਼ਰ ਨਹੀਂ ਤਾਂ ਬੰਦਾ ਕਿੱਥੋਂ ਲੱਭੇ ਤੇ ਦਿਸ਼ਾ ਕਿੱਥੋਂ ਲੱਭੇ? ਗੁਆਚੀ ਮੈਂ 'ਚੋਂ ਮਿਲੇ ਨਾ ਬੰਦਾ। ਉੱਖੜੀ ਮੈਂ ਚੋਂ ਲੱਭੇ ਨਾ ਬੰਦਾ।

♦♦♦



# 10

# ਖਿਆਲਾਂ ਖਿਆਲਾਂ ਵਿੱਚ ਕਰਦਾ ਹੈ ਹਰ ਕੋਈ ਤਸਵੀਰਕਸ਼ੀ

ਖਿਆਲ ਬੜੀ ਚੀਜ਼ ਨੇ, ਜੇ ਨਾ ਹੁੰਦੇ ਤਾਂ ਕੀ ਬਣਦਾ। ਜਿੱਧਰ ਮਰਜ਼ੀ ਤੋਰ ਲਉ, ਭਜਾ ਲਉ, ਉਡਾ ਲਉ ਇਹ ਕਦੇ ਕਿਸੇ ਨੂੰ ਵੀ ਨਾਂਹ ਨਹੀਂ ਕਰਦੇ। ਇਹ ਅਸੀਮ ਯਾਤਰਾ 'ਤੇ ਤੁਰੇ ਰਹਿੰਦੇ ਹਨ ਜਿੱਥੋਂ ਇਨ੍ਹਾਂ ਨੂੰ ਕੋਈ ਵੀ ਸ਼ਕਤੀ ਰੋਕ ਨਹੀਂ ਸਕਦੀ। ਇਹ ਕੋਈ ਅੰਬਰ ਸਿਰਜ ਸਕਦੇ ਹਨ ਉੱਚੀਆਂ ਤੋਂ ਉੱਚੀਆਂ ਉਡਾਰੀਆਂ ਭਰਨ ਵਾਸਤੇ ਜਿਨ੍ਹਾਂ ਵਾਸਤੇ ਕਿਸੇ ਤੋਂ ਵੀ ਆਗਿਆ ਲੈਣ ਦੀ ਜ਼ਰੂਰਤ ਨਹੀਂ ਹੁੰਦੀ।

ਉਹ ਖਲਾਅ ਹੈ ਖ਼ਿਆਲ ਜਿਸ ਵਿੱਚ ਕੋਈ ਵੀ ਰੰਗ ਭਰਿਆ ਜਾ ਸਕਦਾ ਹੈ- ਆਪਣੀ ਉਡਾਣ ਮੁਤਾਬਕ, ਆਪਣੀ ਸਮਰੱਥਾ ਅਨੁਸਾਰ। ਮਨ ਦੇ ਉਹ ਫੁਰਨੇ ਵੀ ਹਨ ਖਿਆਲ ਜਿਹੜੇ ਯਾਦਾਂ ਦੀ ਪਰਿਕਰਮਾਂ ਵੀ ਕਰ ਸਕਦੇ ਹਨ ਅਤੇ ਭਵਿੱਖ ਦੇ ਸੁਪਨਿਆਂ ਦੀ ਵੀ। ਸੋਚਾਂ ਦਾ ਉਹ ਸਮੂਹ ਵੀ ਹੈ ਖ਼ਿਆਲ ਜਿਸ ਦੀ ਨਾ ਤਾਂ ਦਸ਼ਾ ਨਿਰਧਾਰਤ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਦਿਸ਼ਾ।

ਖ਼ਿਆਲਾਂ ਖ਼ਿਆਲਾਂ ਵਿੱਚ ਤਸਵੀਰਕਸ਼ੀ ਹੋਣਾ ਕੋਈ ਨਵੀਂ ਗੱਲ ਨਹੀਂ। ਚਾਹੇ ਅਣਚਾਹੇ ਹਰ ਕੋਈ ਹੀ ਕਰਦਾ। ਕਦੇ ਕੁੱਝ ਦੇਖਦਾ ਕਦੇ ਕੁੱਝ। ਇਹ ਤਸਵੀਰਕਸ਼ੀ ਆਪੋ ਆਪਣੀ ਬਿਰਤੀ ਮੁਤਾਬਕ ਵੀ ਹੁੰਦੀ ਹੈ ਤੇ ਚਾਹਤ ਅਨੁਸਾਰ ਵੀ। ਆਪੋ ਆਪਣੇ ਆਦਰਸ਼ਾਂ ਮੁਤਾਬਕ ਵੀ ਹੁੰਦੀ ਹੈ ਤੇ ਵਿਚਾਰਾਂ ਅਨੁਸਾਰ ਵੀ।

ਕੋਈ ਖ਼ਿਆਲਾਂ ਵਿੱਚ ਸੁੰਦਰਤਾ ਨੂੰ ਚਿਤਵਦਾ ਹੈ ਜਿਹੜੀ ਮੁੜ ਚੇਤੇ ਦੀ ਕਿੱਲੀ ਤੋਂ ਉਤਰਨ ਦਾ ਨਾਂ ਤੱਕ ਨਹੀਂ ਲੈਂਦੀ। ਸੁੰਦਰਤਾ ਦਾ ਸੰਸਾਰ ਅਜਿਹਾ ਹੈ ਜਿਹੜਾ ਮਨ ਮੋਹੀ ਰੱਖਦਾ ਅਤੇ ਧਿਆਨ ਦੀਆਂ ਤਣਾਵਾਂ ਨੂੰ ਏਧਰ ਉੱਧਰ ਨਹੀਂ ਹੋਣ ਦਿੰਦਾ। ਇਹ ਅਜਿਹਾ ਕੇਂਦਰ-ਬਿੰਦੂ ਬਣ ਜਾਂਦੀ ਹੈ ਜਿਹੜੀ ਕਿਸੇ ਸਮੇਂ ਵੀ ਆਨੰਦ ਨੂੰ ਗੈਰਹਾਜ਼ਰ ਨਹੀਂ ਹੋਣ ਦਿੰਦੀ।

ਬਰਾਬਰਤਾ ਦੇਖਣ ਵਾਲਾ ਅਸਲੀ ਦੁਨੀਆਂ ਤੋਂ ਮੁਖ ਮੋੜਦਿਆਂ ਖ਼ਿਆਲ ਦੀ ਉਡਾਣ 'ਚ ਉਹ ਤਸਵੀਰਕਸ਼ੀ ਕਰਦਾ ਹੈ ਜਿਹੜੀ ਤੁਰਤ ਫੁਰਤ ਅਜਿਹਾ ਸੰਸਾਰ ਸਿਰਜ ਦਿੰਦੀ ਹੈ ਜਿਹੜਾ ਸਾਕਾਰ ਹੋਏ ਸੰਸਾਰ ਤੋਂ ਅਲੱਗ, ਵਿਲੱਖਣ ਤੇ

ਜਾਦੂਮਈ ਜਿਹਾ ਹੋ ਜਾਂਦਾ। ਉਹ ਆਪਣੇ ਮਨ ਦੀ ਸੰਤੁਸ਼ਟੀ ਕਰਨ ਲਈ ਏਸੇ ਤਰ੍ਹਾਂ ਦੇ ਅਮਲ ਵਿੱਚ ਨਿਰੰਤਰ ਪਿਆ ਰਹਿੰਦਾ।

ਕੁਦਰਤ ਨੂੰ ਚਿਤਰਨ ਵਾਲਿਆਂ ਦੀ ਕਮੀ ਨਹੀਂ। ਉਹ ਇਸ ਦੇ ਪੱਖਾਂ ਤੇ ਪਸਾਰਾਂ ਦੀ ਬਾਰੀਕੀ ਵਿੱਚ ਜਾ ਕੇ ਰਹੱਸਾਂ ਦੀ ਤਹਿ ਤੱਕ ਜਾਣ ਦੇ ਯਤਨ ਨਹੀਂ ਛੱਡਦੇ। ਉਹ ਆਕਾਰਾਂ ਨੂੰ ਦੇਖਦਿਆਂ ਉਨ੍ਹਾਂ ਦੇ ਸਿਰਜਕ ਨੂੰ ਕਿਆਸੇ ਬਿਨਾ ਨਹੀਂ ਰਹਿੰਦੇ। ਸ਼ਕਤੀ ਦਾ ਅਧਿਐਨ ਕਰਦਿਆਂ ਸ਼ਾਇਦ ਰੱਬ ਦੀ ਸਿਰਜਣਾ ਦਾ ਖਿਆਲ ਪਿੱਛਾ ਨਹੀਂ ਛੱਡਦਾ। ਹੁਣ ਤੱਕ ਜਿਨ੍ਹਾਂ ਰੱਬ ਨੂੰ ਸਥਾਪਤ ਹੋਇਆ ਵੀ ਮੰਨ ਲਿਆ, ਜ਼ਰੂਰੀ ਹੈ ਕਿ ਪਹਿਲਾਂ ਪਹਿਲ ਇਸ ਪਰਮ ਸ਼ਕਤੀ ਦਾ ਖ਼ਿਆਲ ਮਾਤਰ ਹੀ ਆਇਆ ਹੋਵੇਗਾ।

ਖ਼ਿਆਲਾਂ ਵਿੱਚ ਤਸਵੀਰਕਸ਼ੀ ਕਰਨ ਵਾਲੇ ਹਰ ਛਿਣ ਕਦੇ ਦੋਸਤ ਨੂੰ ਯਾਦ ਕਰਦੇ ਹਨ ਕਦੇ ਮਹਿਬੂਬ ਨੂੰ, ਕਦੇ ਈਰਖਾਲੂ ਨੂੰ ਯਾਦ ਕਰਦੇ ਹਨ ਕਦੇ ਦੁਸ਼ਮਣ ਨੂੰ, ਕਦੇ ਘ੍ਰਿਣਾ ਕਰਨ ਵਾਲੇ ਨੂੰ ਚੇਤੇ ਕਰਦੇ ਹਨ ਕਦੇ ਪੱਖਪਾਤੀ ਨੂੰ, ਕਦੇ ਪਾਕ-ਪਵਿੱਤਰ ਨੂੰ ਕਦੇ ਪਖੰਡੀ ਨੂੰ ਅਤੇ ਕਦੇ ਚਲਿੱਤਰੀ ਨੂੰ ਕਦੇ ਚਰਿੱਤਰੀ ਨੂੰ।

ਕੋਈ ਰੰਗਾਂ ਬਾਰੇ ਖਿਆਲ ਕਰਦਿਆਂ ਤਰ੍ਹਾਂ ਤਰ੍ਹਾਂ ਦੇ ਆਕਾਰ ਬਣਾ ਧਰਦਾ। ਅਜਿਹੀ ਰੰਗੀਨੀ ਪੈਦਾ ਕਰਦਾ ਕਿ ਦੇਖਣ ਵਾਲਾ ਦੰਗ ਰਹਿ ਜਾਂਦਾ। ਅਜਿਹੇ ਚਿੱਤਰ-ਸੰਸਾਰ ਸਿਰਜ ਦਿੰਦਾ ਜਿਨ੍ਹਾਂ ਵਿੱਚ ਰੰਗ-ਬਰੰਗਤਾ ਵੀ ਹੁੰਦੀ ਹੈ ਅਤੇ ਵੰਨ-ਸੁਵੰਨਤਾ ਵੀ। ਕਲਾ ਦੀਆਂ ਕਰਵਟਾਂ ਆਪਣੇ ਜੌਹਰ ਬਿਖੇਰਨ ਬਿਨ੍ਹਾਂ ਨਹੀਂ ਰਹਿੰਦੀਆਂ।

ਜੇ ਖ਼ਿਆਲ ਨਾ ਹੁੰਦੇ ਤਾਂ ਬਹੁਤ ਸਾਰੀਆਂ ਕਾਢ੍ਹਾਂ ਦੇ ਮੁੱਢ ਹੀ ਨਾ ਬੱਝਦੇ, ਸੋਮੇ ਹੀ ਨਾ ਲੱਭਦੇ। ਏਨਾ ਕੁੱਝ ਛੁਪਿਆ ਤੇ ਅਣਲੱਭਿਆ ਹੀ ਰਹਿ ਜਾਂਦਾ ਜਿਸ ਦਾ ਹਿਸਾਬ ਲਾਉਣਾ ਆਸਾਨ ਨਹੀਂ।

ਹਰ ਕੋਈ ਖ਼ਿਆਲਾਂ 'ਚ ਦੇਖਦਾ ਹੈ ਵਰਤਮਾਨ ਦੇ ਅਮੀਰ ਸੁਪਨੇ ਤੇ ਭਵਿੱਖ ਦੇ ਸੋਨ-ਸੁਨਹਿਰੇ ਸਵੇਰੇ ਜਿਨ੍ਹਾਂ 'ਚ ਚਿਤਵੀ ਜਾਂਦੀ ਹੈ ਸੂਰਜ ਦੀਆਂ ਕਿਰਨਾਂ ਦੀ ਹੁਨਰ-ਭਰੀ ਅਮੀਰੀ ਅਤੇ ਕੋਮਲ ਕਲਾਵਾਂ ਦੀ ਜਾਦੂ ਬਿਖੇਰਦੀ ਫਕੀਰੀ। ਖਿਆਲ ਉਡਦੇ ਹਨ ਤਾਂ ਤਸਵੀਰਕਸ਼ੀ ਕਦੇ ਦੂਰ ਨਹੀਂ ਰਹਿੰਦੀ।

♦♦♦



## 11

# ਚਿਰਾਂ ਤੋਂ ਲਾਰਿਆਂ ਉੱਤੇ ਟੰਗਿਆ ਭਾਰਤ ਦੇਸ਼ ਮਹਾਨ

ਵਾਅਦੇ ਦੇ ਪੂਰਾ ਨਾ ਹੋਣ 'ਚੋਂ ਜਨਮ ਧਾਰ ਲੈਂਦਾ ਹੈ ਲਾਰਾ। ਜਦ ਵਾਅਦਾ ਪੂਰਾ ਨਹੀਂ ਹੁੰਦਾ ਤਾਂ ਪੈ ਜਾਂਦਾ ਇੱਕ ਖੱਪਾ। ਲਾਰਾ ਲੱਪਾ। ਵਚਨ ਜਦੋਂ ਵਫ਼ਾ ਨਾ ਪਾਲਣ ਸਮੇਂ ਨੂੰ ਵੱਜਦਾ ਧੱਫਾ। ਲਾਰਾ ਲੱਪਾ, ਲਾਰਾ ਲੱਪਾ ਲਾਈ ਰੱਖਦੇ। ਵਕਤਾਂ ਨੂੰ ਵਖਤਾਂ 'ਚ ਪਾਈ ਰੱਖਦੇ। ਲੋਕਾਂ ਨੂੰ ਫੋਕਾ ਈ ਨਚਾਈ ਰਖਦੇ। ਪੱਬਾਂ ਹੇਠ ਉਡੀਕ ਵਿਛਾਈ ਰੱਖਦੇ ਤੇ ਅੱਖਾਂ 'ਚ ਸੁਪਨੇ ਜਗਾਈ ਰੱਖਦੇ।

ਭਾਰਤੀਆਂ ਅੱਗੇ ਲਾਰਿਆਂ ਦੇ ਲਾਲੀਪੌਪ ਇਸ ਤਰ੍ਹਾਂ ਲਟਕਾਏ ਜਾਂਦੇ ਹਨ ਕਿ ਕੋਈ ਵੀ ਇਨ੍ਹਾਂ ਵਲ ਖਿੱਚੇ ਹੋਏ ਬਿਨਾਂ ਨਹੀਂ ਰਹਿ ਸਕਦਾ। ਲਾਰਿਆਂ ਵਿੱਚ ਉਹ ਕੁੱਝ ਹੁੰਦਾ ਹੈ ਜਿਹੜਾ ਲੋਕਾਂ ਨੂੰ ਆਪਣੀ ਲੋਕਾਈ ਵਿੱਚ ਰਿਝਾਈ ਰੱਖਣ ਵਿੱਚ ਕਦੇ ਅਸਫਲ ਨਹੀਂ ਹੁੰਦਾ। ਲਾਰਾ ਇੱਛਾ ਦੀ ਉਸ ਗੋਦੀ ਵਿੱਚ ਆਸਣ ਲਾਈ ਬੈਠਾ ਰਹਿੰਦਾ ਹੈ ਜਿਹੜੀ ਦੇਰ ਤੱਕ ਵੀ ਨਿਰਾਸ਼ ਹੋਣ ਦਾ ਨਾਂ ਨਹੀਂ ਲੈਂਦੀ।

ਕਹਿੰਦੇ ਹਨ ਕਦੇ ਸੋਨੇ ਦੀ ਚਿੜੀ ਸੀ ਭਾਰਤ। ਹਰ ਕੋਈ ਇਸ ਦੀ ਸਿਫਤ ਕਰਨ ਵਿੱਚ ਹੀ ਆਪਣਾ ਗੌਰਵ ਸਮਝਦਾ। ਇਸ ਦਾ ਸੋਨਾ ਤੇ ਸੋਨੇ ਦੀ ਚਿੜੀ ਕਿੱਥੇ ਗਏ, ਕਿੱਧਰ ਉਡ-ਪੁਡ ਗਏ? ਇਸ ਬਾਰੇ ਵੱਖ ਵੱਖ ਰਾਵਾਂ ਵਿੱਚ ਦੱਸਿਆ ਜਾਂਦਾ। ਕੋਈ ਕਹਿੰਦਾ ਮੁਗਲ ਲੈ ਗਏ ਲੁੱਟ ਕੇ ਸੋਨੇ ਦੀ ਚਿੜੀ ਤੇ ਕਦੇ ਕੋਈ ਆਖਦਾ ਕਿ ਅੰਗਰੇਜ਼ਾਂ ਨੇ ਕੱਖ ਨਹੀਂ ਛੱਡਿਆ ਸੋਨੇ ਦੀ ਚਿੜੀ ਦੇ ਪੱਲੇ।

ਬਹੁਤ ਸਾਰੇ ਭਾਰਤ ਮਾਤਾ ਦੇ ਸਪੂਤ ਵੀ ਇਸ ਸੋਨੇ ਦੀ ਚਿੜੀ ਦੇ ਫੰਗ ਤੋੜਨ ਵਿੱਚ ਪਿੱਛੇ ਨਹੀਂ ਰਹੇ। ਉੱਚੇ ਕਾਰੋਬਾਰਾਂ ਵਾਲੇ, ਵੱਡੀਆਂ ਕੋਠੀਆਂ ਵਾਲੇ ਅਤੇ ਵੱਡੇ ਨਖਰਿਆਂ ਵਾਲਿਆਂ ਦੀ ਜਾਂਚ-ਪੜਤਾਲ ਕਰਵਾ ਕੇ ਦੇਖੀ ਜਾਵੇ ਤਾਂ ਸਭ ਦੇ ਸਭ ਹੀ ਸੋਨ-ਚਿੜੀ ਨੂੰ ਲੁੱਟਣ ਦੇ ਦੋਸ਼ੀ ਨਿਕਲਣਗੇ, ਨਿਰੇ ਚਿੜੀ-ਮਾਰ। ਬਹੁਤ ਘੱਟ ਹੋਣਗੇ ਜਿਹੜੇ ਮਿਹਨਤ ਤੇ ਇਮਾਨਦਾਰੀ ਦੇ ਰਾਹ ਤੁਰਕੇ ਉੱਚੀਆਂ ਥਾਵਾਂ ਅਤੇ ਲਿਸ਼ਕਦੀਆਂ ਕੋਠੀਆਂ 'ਚ ਪਹੁੰਚੇ ਹੋਣਗੇ।

ਦੇਸ਼ ਦੇ ਆਮ ਵਾਸੀ ਧਰਮ ਦੇ ਚੁੰਗਲ 'ਚ ਫਸੇ ਕਿਸਮਤ ਦੇ ਆਸਰੇ ਨੂੰ ਹੱਥਾਂ 'ਚੋਂ ਕਿਰਨ ਨਹੀਂ ਦਿੰਦੇ, ਸੋਚ 'ਚੋਂ ਗਿਰਨ ਨਹੀਂ ਦਿੰਦੇ। ਧਰਮ ਤੇ ਕਿਸਮਤ ਦੇ ਲਾਰਿਆਂ ਦੀ ਅਗੰਮੀ ਲੀਲਾ ਦਾ ਕੋਈ ਜਵਾਬ ਨਹੀਂ। ਕਿਸਮਤ ਦੇ ਲਾਰੇ ਚੰਗੇ ਦਿਨਾਂ ਦੀ ਆਸ ਦਿਖਾਉਂਦੇ ਤੇ ਧਰਮ ਦੇ ਲਾਰੇ ਸਿੱਧੇ ਹੀ ਸਵਰਗਾਂ ਦੇ ਦਰਸ਼ਨ ਦੀ

ਤਾਂਘ ਮਘਾਈ ਰੱਖਦੇ। ਜਿਸ ਸੰਤ ਨੇ ਸਿਰਫ ਸੁਣਿਆਂ ਹੀ ਹੁੰਦਾ ਹੈ ਸਵਰਗਾਂ ਬਾਰੇ ਉਹ ਵੀ ਮੌਕਾ ਮਿਲਣ 'ਤੇ ਇਸ ਨੂੰ ਆਪਣੀ ਜੇਬ ਵਿੱਚੋਂ ਕੱਢ ਵਿਖਾਉਂਦੈ, ਅਤੇ ਸਰੋਤਿਆਂ ਨੂੰ ਖ਼ੂਬ ਰਿਝਾਉਂਦੈ।

ਕੋਈ ਮੁਕਾਬਲਾ ਨਹੀਂ ਰਾਜਨੀਤੀ ਕੋਲ ਲਾਰਿਆਂ ਦਾ। ਵਿਸ਼ਾਲ ਜੰਗਲ ਤੇ ਲਾਰਿਆਂ ਦਾ ਬਹੁਤ ਵੱਡਾ ਭੰਡਾਰ। ਹਰ ਨੇਤਾ ਹੀ ਐਸਾ ਲਾਰੇ ਲਾਵੇ ਜੋ ਸਭ ਦਾ ਮਨ ਭਰਮਾਵੇ। ਲਾਰਿਆਂ ਦੇ ਜੰਗਲ ਵਿੱਚ ਘਿਰੇ ਲੋਕਾਂ ਨੂੰ ਇਹ ਚੇਤਾ ਹੀ ਭੁਲਾ ਦਿੱਤਾ ਜਾਂਦਾ ਕਿ ਉਨ੍ਹਾਂ ਨੂੰ ਜੋ ਕੁੱਝ ਦੱਸਿਆ ਜਾ ਰਿਹਾ ਹੈ ਉਹ ਲਾਰੇ ਹਨ ਕੇਵਲ ਕਾਰੇ। ਵਰ੍ਹਿਆਂ ਦੇ ਲੰਘਣ ਬਾਅਦ ਹੀ ਉਨ੍ਹਾਂ ਨੂੰ ਪਤਾ ਲੱਗਦਾ ਕਿ ਨੇਤਾ ਲੋਕ ਜਿਹੜੇ ਵਾਅਦੇ ਉਨ੍ਹਾਂ ਨਾਲ ਕਰ ਗਏ ਸਨ ਉਹ ਵਾਅਦੇ ਨਹੀਂ, ਲਾਰੇ ਸਨ ਜੋ ਕਦੇ ਪੂਰੇ ਨਹੀਂ ਹੋਣੇ।

ਖੇਤਰ ਵਿੱਦਿਆ ਦਾ, ਜਿੱਥੇ ਰੌਸ਼ਨੀ ਕਰਨ ਦਾ ਵਾਅਦਾ ਕੀਤਾ ਜਾਂਦਾ। ਪਰ, ਜਿੰਨਾ ਨ੍ਹੇਰ ਵਿੱਦਿਆ ਦੇ ਖੇਤਰ 'ਚ ਹੈ ਸ਼ਾਇਦ ਹੀ ਕਿਸੇ ਹੋਰ ਖੇਤਰ ਵਿੱਚ ਹੋਵੇ। ਵਾਅਦਾ ਕੀਤਾ ਜਾਂਦਾ ਹੈ ਕਿ ਪੜ੍ਹਾਈ ਬਾਅਦ ਨੌਕਰੀ ਦੀ ਰੌਸ਼ਨੀ ਵੀ ਮਿਲੇਗੀ ਤੇ ਸੁੱਖ-ਅਰਾਮ ਦਾ ਚਾਨਣ ਵੀ। ਪਰ ਇਹ ਵਾਅਦਾ ਵੀ ਆਪਣੇ ਪਿੱਛੇ ਰੌਸ਼ਨੀ ਨਹੀਂ ਕੇਵਲ ਹਨੇਰਾ ਹੀ ਛੱਡ ਜਾਂਦਾ ਜਿਸ ਵਿੱਚ ਘਿਰਿਆ ਨਾਗਰਿਕ ਆਪਣਾ ਆਪਾ ਲੱਭਣ ਦੇ ਵੀ ਕਾਬਲ ਨਹੀਂ ਰਹਿੰਦਾ। ਲਾਰੇ ਦੇ ਲਾਲੀਪੌਪ ਤੋਂ ਬਿਨਾਂ ਉਸਦੇ ਹੱਥ-ਪੱਲੇ ਕੁੱਝ ਨਹੀਂ ਆਉਂਦਾ।

ਭਾਰਤ ਦੀ ਵੱਡੀ ਸਰਕਾਰ ਅਤੇ ਰਾਜ ਸਰਕਾਰਾਂ ਦੇ ਹਾਕਮਾਂ ਕੋਲ ਲਾਰਿਆਂ ਦੇ ਭੰਡਾਰ ਹਨ ਜਿਹੜੇ ਅੱਖਾਂ ਅੱਗੇ ਲਟਕਦਿਆਂ ਅਸਲੀਅਤ ਦਾ ਚਿੱਤ-ਚੇਤਾ ਨਹੀਂ ਆਉਣ ਦਿੰਦੇ, ਲਾਰਿਆਂ ਨੂੰ ਟੰਗਣ ਲਈ ਹੈਂਗਰਾਂ ਦੀ ਕੋਈ ਕਮੀ ਨਹੀਂ। ਲੋਕ ਉਨ੍ਹਾਂ ਦੇ ਆਸਰੇ ਹੀ ਆਪਣੀਆਂ ਖਾਹਸ਼ਾਂ ਦੇ ਪਰਿੰਦਿਆਂ ਨੂੰ ਹੱਥੋਂ ਨਹੀਂ ਛੱਡਦੇ। ਏਹੀ ਕਾਰਨ ਹੈ ਕਿ ਲੋਕ ਲਾਰਿਆਂ 'ਤੇ ਹੀ ਟੰਗੇ ਹੋਏ ਸਮਾਂ ਗੁਜ਼ਾਰਦੇ ਰਹਿੰਦੇ ਹਨ ਪਰ ਏਕਤਾ ਕਰਕੇ ਸੰਘਰਸ਼ ਕਰਨ ਵਲ ਨਹੀਂ ਤੁਰਦੇ। ਏਹੀ ਵਜ੍ਹਾ ਹੈ ਕਿ ਚਿਰਾਂ ਤੋਂ ਲਾਰਿਆਂ ਉੱਤੇ ਟੰਗਿਆ ਭਾਰਤ ਦੇਸ਼ ਮਹਾਨ।

ਲੋਕਾਂ ਦੇ ਸਬਰ ਨੂੰ ਅਜ਼ਮਾਉਣ ਵਾਲੇ ਲਾਰਿਆਂ ਦੇ ਸਿਰਜਕਾਂ ਨੂੰ ਪੁੱਠੀ ਸਲਾਮ ਕਰਨੀ ਬਣਦੀ ਹੈ ਜਿਹੜੇ ਪੁੱਠੀ ਸੋਚ ਦੇ ਰਾਹ ਤੁਰਦਿਆਂ ਕੋਈ ਸਿੱਧਾ ਕੰਮ ਨਹੀਂ ਕਰਦੇ। ਭਾਈ-ਭਤੀਜਾਵਾਦ ਦੇ ਰਾਮ-ਰੌਲ਼ੇ ਵਿੱਚ ਗ੍ਰਸੇ ਲਾਰਿਆਂ ਦੇ ਵਣਜਾਰਿਆਂ ਨੂੰ ਏਨਾ ਕੁ ਚੇਤਾ ਕਰਾਉਣਾ ਜ਼ਰੂਰ ਬਣਦਾ ਹੈ ਕਿ ਕੁਦਰਤੀ ਸੋਮਿਆਂ ਦੀ ਭਰਪੂਰਤਾ ਦੇ ਹੁੰਦਿਆਂ-ਸੁੰਦਿਆਂ ਵੀ ਭਾਰਤ ਦੇ ਲੋਕਾਂ ਤੱਕ ਵੀ ਪਦਾਰਥ ਦੀ ਸਹੀ ਵੰਡ ਹੋ ਸਕਦੀ ਹੈ ਪਰ ਜੇ ਉਹ ਤਨੋਂ ਮਨੋਂ ਸੁਹਿਰਦਤਾ ਨਾਲ ਚਾਹੁਣ ਤੇ ਇਹ ਵੀ ਕਿ ਆਮ ਲੋਕਾਈ ਨੂੰ ਲਾਰਿਆਂ ਤੇ ਟੰਗੀ ਰੱਖਣ ਨਾਲ ਇੱਕ



ਦਿਨ ਅਜਿਹਾ ਆ ਜਾਵੇਗਾ ਜਦੋਂ ਜਨ ਸਾਧਾਰਨ ਨੂੰ ਵਰਚਾਉਣਾ ਤੇ ਟਿਕਾਣਾ ਅਸਾਨ ਨਹੀਂ ਰਹੇਗਾ ਕਿਉਂਕਿ :

ਹਾਕਮ ਰਾਜ ਕਰੀ ਜਾਵਣਗੇ
ਅਸੀਂ ਆਮ ਇਨਸਾਨ
ਰੱਬ ਮਿਲਾਉਣ ਦਾ ਵਾਅਦਾ ਕਰਦੇ
ਮੱਥੇ 'ਚ ਬੀਆਬਾਨ
ਸਾਧਨ ਬਹੁਤ ਵੰਡੇ ਨਾ ਕੋਈ
ਕੀ ਕਰੇ ਹਿੰਦੁਸਤਾਨ
ਚਿਰਾਂ ਤੋਂ ਲਾਰਿਆਂ ਉੱਤੇ ਟੰਗਿਆ
ਭਾਰਤ ਦੇਸ਼ ਮਹਾਨ

♦♦♦

# 12

## ਛਾਇਆ ਰਹੇ ਜਦ ਸਿਰ ਦੇ ਉੱਤੇ ਸੁਪਨਮਈ ਅਸਮਾਨ

ਨੀਂਦ ਦੀ ਗੋਦ ਵਿੱਚ ਉਗਮਦੇ ਤੇ ਪਸਰਦੇ ਨੇ ਸੁਪਨੇ। ਸੁਪਨਿਆਂ ਦਾ ਸੰਸਾਰ ਹੁੰਦਾ ਹੋਇਆ ਵੀ ਨਹੀਂ ਹੁੰਦਾ। ਜਦ ਪਸਰਦਾ ਹੈ ਸੁਪਨਾ ਤਾਂ ਲੱਗਦਾ ਹੀ ਨਹੀਂ ਕਿ ਜੋ ਦੇਖਿਆ ਜਾ ਰਿਹਾ ਉਹ ਬਹੁਤ-ਚਿਰਾ ਨਹੀਂ। ਪਰ ਨੀਂਦ-ਵਿਗੁੱਚੇ ਨੂੰ ਇਸਦੀ ਛਿਣ-ਭੰਗਰਤਾ ਦਾ ਪਤਾ ਹੀ ਨਹੀਂ ਲੱਗਦਾ। ਉਸ ਨੂੰ ਤਾਂ ਸਭ ਕੁੱਝ ਸਾਕਾਰ ਹੋਇਆ ਇਕਦਮ ਅਸਲੀਅਤ ਜਾਪਦਾ। ਸਜਿਆ ਸਜਾਇਆ ਤੇ ਸ਼ਾਨਾਮੱਤਾ।

ਸੁਪਨੇ ਦਾ ਸੰਸਾਰ ਬੜਾ ਵਚਿੱਤਰ ਹੁੰਦਾ। ਬਹੁਤ ਵਾਰ ਤਾਂ ਉਹ ਕੁੱਝ ਅੱਖਾਂ ਅੱਗੇ ਆ ਜਾਂਦਾ ਜਿਹੜਾ ਕਦੇ ਵੀ ਦੇਖਿਆ ਤੱਕ ਨਹੀਂ ਹੁੰਦਾ। ਅਜਿਹਾ ਸੰਸਾਰ ਜਿਸ ਦੀ ਰੌਚਿਕਤਾ ਜੇ ਚੇਤਿਆਂ ਵਿੱਚ ਟਿਕੀ ਰਹੇ ਤਾਂ ਸਦਾ ਵਾਸਤੇ ਅਨੰਦ ਦਾ ਕਾਰਨ ਬਣੀ ਰਹੇ। ਸੁਪਨੇ ਵਿਸ਼ਾਲ ਹੁੰਦੇ ਹਨ, ਲੁਭਾਣੇ ਹੁੰਦੇ ਹਨ ਅਤੇ ਪੂਰੀ ਤਰ੍ਹਾਂ ਮਨਮੋਹਕ ਜਿਹੜੇ ਕਿਸੇ ਤੋਂ ਵੀ ਦੂਰ ਨਹੀਂ ਰਹਿੰਦੇ।

ਜਾਗਦੇ ਮਨੁੱਖ ਨੂੰ ਪਤਾ ਹੁੰਦਾ ਹੈ ਕਿ ਨੀਂਦ 'ਚ ਆਏ ਸੁਪਨੇ ਸੱਚ ਨਹੀਂ ਹੁੰਦੇ। ਇਨ੍ਹਾਂ ਦਾ ਕੋਈ ਅਧਾਰ ਨਹੀਂ ਹੁੰਦਾ, ਕੋਈ ਨੀਂਹ ਨਹੀਂ ਹੁੰਦੀ। ਇਹ ਬੇ-ਸੁਰ, ਬੇ-ਪੈਰ ਆਉਂਦੇ ਅਤੇ ਤੁਰ ਜਾਂਦੇ। ਪਿੱਛੇ ਕੋਈ ਨਾਂ ਨਿਸ਼ਾਨ ਵੀ ਨਹੀਂ ਛੱਡਦੇ। ਜਿਵੇਂ ਆਪਣੇ ਆਪ ਵਿੱਚ ਲਿਪਟੇ ਆਉਂਦੇ ਤਿਵੇਂ ਆਪਣੇ ਆਪ 'ਚ ਲਿਪਟੇ ਮੁੜ ਪਰਤ ਜਾਂਦੇ।

ਸੁਪਨੇ ਦਾ ਆਉਣਾ ਮਾੜੀ ਗੱਲ ਨਹੀਂ। ਇਸ ਵਿੱਚ ਉਹ ਸੰਸਾਰ ਦੇਖ ਲਿਆ ਜਾਂਦਾ ਜਿਹੜਾ ਚਿੱਤ ਚੇਤਿਆਂ ਵਿੱਚ ਵੀ ਨਹੀਂ ਹੁੰਦਾ। ਬਹੁਤ ਵਾਰ ਜਦ ਮੱਥੇ ਅੰਦਰ ਸਪੁਨਿਆਂ ਦਾ ਅਸਮਾਨ ਤਣਦਾ ਹੈ ਤਾਂ ਜਾਗਣ ਬਾਅਦ ਵੀ ਸਵੇਰੇ ਉੱਠ ਉਨ੍ਹਾਂ ਦੀ ਵਚਿੱਤਰਤਾ ਅਤੇ ਰੌਚਿਕਤਾ ਵਿੱਚ ਹੀ ਗੁਆਚਿਆ ਰਹਿਣਾ ਚਾਹੁੰਦਾ। ਜਦ ਉਹ ਸੁਪਨੇ ਨੂੰ ਚਿੱਟੇ ਦਿਨ ਦੇ ਯਥਾਰਥ ਨਾਲ ਟਕਰਾਉਂਦਿਆਂ ਦੇਖਦਾ ਤਾਂ ਸੁਪਨੇ ਵਾਂਗ ਹੀ ਖੁਦ ਵੀ ਚਕਨਾਚੂਰ ਹੋ ਕੇ ਰਹਿ ਜਾਂਦਾ। ਆਮ ਤੌਰ ਤੇ ਕਿਹਾ ਜਾਂਦਾ ਕਿ ਵੱਡੇ ਸੁਪਨੇ ਲਉ। ਵੱਡੇ ਤੋਂ ਵੱਡੇ ਖਿਆਲਾਂ ਮਗਰ ਦੌੜੋ ਤਾਂ ਕਿ ਵੱਡੇ ਹਾਸਲਾਂ ਦੇ ਬੂਹੇ ਖੋਲ੍ਹੇ ਜਾ ਸਕਣ। ਨਵੇਂ ਨਵੇਕਲੇ ਪਸਾਰਾਂ ਵਲ ਵੱਧਿਆ ਜਾ ਸਕੇ। ਉਨ੍ਹਾਂ ਸਿਖਰਾਂ ਨੂੰ ਛੋਹਿਆ ਜਾ ਸਕੇ ਜਿਹੜੀਆਂ ਕਿਸੇ ਹੋਰ ਨੇ ਕਦੇ ਵੀ ਛੋਹੀਆਂ ਨਾ ਹੋਣ। ਉਹ ਪ੍ਰਾਪਤੀਆਂ ਕੀਤੀਆਂ ਜਾ ਸਕਣ ਜੋ ਇੱਛਾਵਾਂ 'ਚ ਤੀਬਰਤਾ ਨਾਲ ਸਿਰ ਪਰਨੇ ਦੌੜ ਰਹੀਆਂ ਹੋਣ।



ਸੁਪਨੇ ਲੈਣ ਤੋਂ ਪਿੱਛੇ ਨਹੀਂ ਰਹਿਣਾ ਚਾਹੀਦਾ। ਸੁਪਨੇ ਲੈਣ ਨਾਲ ਮਾਨਵ ਅੰਦਰ ਸਰਗਰਮੀ ਵਧਦੀ ਹੈ ਤੇ ਅੱਗੇ ਤੁਰਨ ਦੀ ਹਿੰਮਤ। ਪਰ, ਵੱਡੇ ਸੁਪਨੇ ਲੈਣ ਤੋਂ ਪਹਿਲਾਂ ਹੌਸਲਾ ਤੇ ਤਿਆਰੀ ਵੀ ਵੱਡੀ ਹੋਵੇ ਤਾਂ ਹੀ ਅਗਾਊਂ ਹੋਣ ਵਾਲੇ ਖਤਰਿਆਂ ਦਾ ਸਾਹਮਣਾ ਕੀਤਾ ਜਾ ਸਕਦਾ। ਬਿਨ੍ਹਾਂ ਵੱਡੀ ਤਿਆਰੀ ਅਤੇ ਪੂਰੇ ਹੌਸਲੇ ਦੇ ਲਿਆ ਵੱਡਾ ਸੁਪਨਾ ਬਹੁਤੀ ਵਾਰ ਮਾਨਵ ਦੀਆਂ ਇੱਛਾਵਾਂ ਤੇ ਉਡਾਣਾਂ ਨੂੰ ਚੂਰ ਚੂਰ ਕਰ ਜਾਂਦਾ।

ਵੱਡੇ ਹਾਸਲਾਂ ਲਈ ਵੱਡੇ ਸੁਪਨੇ ਜ਼ਰੂਰੀ ਹਨ ਤਾਂ ਹੀ ਜਾ ਕੇ ਸੱਚ ਦਾ ਸਫ਼ਰ ਕਿਸੇ ਸਹੀ ਟਿਕਾਣੇ ਲੱਗ ਸਕਦਾ। ਅਜਿਹਾ ਮੌਕਾ ਹੁੰਦਾ ਹੈ ਇਹ ਜਦ ਸਿਰ ਦੇ ਉੱਤੇ ਸੁਪਨਮਈ ਅਸਮਾਨ ਤਣਿਆ ਰਹਿੰਦਾ। ਹਰੇਕ ਦੇ ਅਰਮਾਨ ਹੁੰਦੇ ਹਨ ਸੁਪਨੇ ਲੈਣਾ ਤੇ ਉਨ੍ਹਾਂ ਨੂੰ ਸਾਕਾਰ ਕਰਨਾ। ਕੋਈ ਰਾਗ ਸੁਣਦਾ ਹੈ ਕੋਈ ਫ਼ੁਰਮਾਨ। ਕੋਈ ਦੁਨਿਆਵੀ ਰੰਗ ਦੇਖਦਾ ਹੈ ਕੋਈ ਅਧਿਆਤਮਕ। ਕਿਸੇ ਨੂੰ ਕੁੱਝ ਸਮਝ ਹੀ ਨਹੀਂ ਪੈਂਦਾ ਕਿ ਇਹ ਸਾਰਾ ਕੁੱਝ ਕੀ ਹੋ ਰਿਹਾ। ਉਹ ਹੈਰਾਨ ਹੋਣ ਬਿਨਾ ਕੁੱਝ ਨਹੀਂ ਕਰ ਸਕਦਾ। ਹੈਰਾਨੀ ਇਸ ਲਈ ਕਿ ਜਿਹੜੇ ਸੁਪਨੇ ਉਹ ਲੈ ਰਿਹਾ ਹੁੰਦਾ ਹੈ, ਜਿਹੜੀਆਂ ਉਡਾਣਾਂ ਉਹ ਭਰ ਰਿਹਾ ਹੁੰਦਾ ਉਹ ਉਸਦੀ ਸੋਚ ਦੇ ਦਾਇਰੇ ਤੱਕ ਨਹੀਂ ਰਹਿੰਦੇ। ਵੱਡੇ ਹੋਣ ਕਾਰਨ ਉਸਦੀ ਲਪੇਟ ਤੱਕ ਨਹੀਂ ਰਹਿੰਦੇ। ਕਾਵਿ-ਭਾਸ਼ਾ ਵਿੱਚ ਇਸ ਨੂੰ ਕੁੱਝ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦੈ :

ਹਰ ਇੱਕ ਸੁਪਨੇ ਲੈਣਾ ਚਾਹੁੰਦਾ
ਹਰ ਇੱਕ ਦੇ ਅਰਮਾਨ
ਕੋਈ ਤਾਂ ਸੁਣਦਾ ਰਾਗ ਇਨ੍ਹਾਂ ਵਿੱਚ
ਕੋਈ ਸੁਣਦਾ ਫੁਰਮਾਨ
ਕਿਸੇ ਨੂੰ ਕੁੱਝ ਪਤਾ ਨਾ ਲੱਗਦਾ
ਹੋਇਆ ਫਿਰੇ ਹੈਰਾਨ
ਛਾਇਆ ਰਹੇ ਜਦ ਸਿਰ ਦੇ ਉੱਤੇ
ਸੁਪਨਮਈ ਅਸਮਾਨ।

ਸਿਰ 'ਤੇ ਸੁਪਨਮਈ ਅਸਮਾਨ ਛਾਇਆ ਰਹੇ ਤਾਂ ਬੰਦੇ 'ਚ ਸਿਰਜਣਾਤਮਿਕ ਚੰਗਿਆੜੀਆ ਦਾ ਜਨਮ ਹੁੰਦਾ। ਉਹ ਤਾਰਾਂ 'ਚੋਂ ਸੁਰਾਂ ਪੈਦਾ ਕਰਕੇ ਰਾਗ ਦਾ ਰੰਗ ਬੰਨ੍ਹ ਸਕਦਾ, ਤਰ੍ਹਾਂ ਤਰ੍ਹਾਂ ਦੇ ਚਿੱਤਰ-ਸੰਸਾਰ ਸਿਰਜ ਸਕਦੈ ਅਤੇ ਵਲਵਲਿਆਂ ਨਾਲ ਸ਼ਬਦਾਂ ਦਾ ਕੋਮਲ ਸੰਸਾਰ ਸਿਰਜ ਸਕਦੈ। ਸੁਪਨਮਈ ਅਸਮਾਨ ਸਿਰ ਉੱਤੇ ਛਾਇਆ ਰਹੇ ਤਾਂ ਕੋਈ ਹਾਕਮ ਵੀ ਜ਼ਾਲਮ ਨਹੀਂ ਹੋ ਸਕਦਾ ਕਿਉਂਕਿ ਉਸਦੀ ਅਕਲ ਅਤੇ ਜਜ਼ਬਾਤ 'ਤੇ ਨਾਜ਼ੁਕਤਾ ਦਾ ਪਹਿਰਾ ਲੱਗਿਆ ਰਹੇਗਾ।

♦♦♦

# 13

## ਤਾਇਨਾਤ ਰਹਿੰਦੇ ਨੇ ਹਰ ਥਾਂ ਸਦਾ ਹੀ ਤਾਨਾਸ਼ਾਹ

ਤਾਨਾਸ਼ਾਹ ਉਹ ਜਿਹੜਾ ਸਦਾ ਹੀ ਆਪਣੀ ਚਲਾਵੇ, ਕਦੇ ਵੀ ਹੋਰ ਕਿਸੇ ਦੀ ਨਾ ਮੰਨੇ। ਭਾਵੇਂ ਸਾਰੇ ਦਾ ਸਾਰਾ ਗ਼ਲਤ ਹੋਵੇ ਤਾਂ ਵੀ ਉਹ ਆਪਣੇ ਉਠਾਏ ਕਦਮਾਂ ਨੂੰ ਪਿੱਛੇ ਮੋੜਨ ਲਈ ਤਿਆਰ ਨਹੀਂ ਹੁੰਦਾ। ਉਸ ਦਾ ਸਦਾ ਹੀ ਇਰਾਦਾ ਹੁੰਦਾ ਹੈ ਆਪਣੀ ਮਰਜ਼ੀ ਨੂੰ ਲਾਗੂ ਕਰਨ ਦਾ ਅਤੇ ਹਉਮੈ ਨੂੰ ਫੈਲਾਉਣ ਦਾ। ਉਹ ਆਪਣੀ ਹਸਤੀ ਤੋਂ ਵੱਡੀ ਹਸਤੀ ਹੋਰ ਕਿਸੇ ਦੀ ਵੀ ਨਹੀਂ ਸਮਝਦਾ। ਏਨਾ ਹੀ ਨਹੀਂ ਉਹ ਹੋਰ ਕਿਸੇ ਨੂੰ ਵੀ ਕੀੜੇ-ਮਕੌੜੇ ਤੋਂ ਵੱਧ ਮੰਨਣ ਵਾਸਤੇ ਤਿਆਰ ਹੀ ਨਹੀਂ ਹੁੰਦਾ। ਏਦਾਂ ਕਰਨ ਨਾਲ ਹੀ ਉਸਦੀ ਪਰਜਾ ਵਿੱਚ ਦਹਿਸ਼ਤ ਛਾਈ ਰਹਿੰਦੀ ਹੈ ਤੇ ਭਰਮ ਵੱਸ ਉਸ ਦਾ ਉੱਚਾ ਰੁਤਬਾ ਬਣਿਆ ਰਹਿੰਦਾ।

ਉਸ ਦੇ ਸ਼ਬਦ ਹਰ ਕਿਸੇ ਲਈ ਆਦੇਸ਼ ਹੁੰਦੇ ਹਨ ਅਤੇ ਬੋਲ ਹੁਕਮ ਜਿਨ੍ਹਾਂ ਦੀ ਕੋਈ ਹੁਕਮ-ਅਦੂਲੀ ਨਹੀਂ ਕਰ ਸਕਦਾ। ਜਿਹੜਾ ਹੁਕਮਾਂ ਤੇ ਆਦੇਸ਼ਾਂ ਨੂੰ ਨਹੀਂ ਮੰਨਦਾ ਉਸਨੂੰ ਟੇਢੇ-ਮੇਢੇ ਰਾਹਾਂ ਉੱਤੇ ਤੁਰਦਿਆਂ ਸਖਤ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ। ਉਲਟੀ ਅਵਾਜ਼ ਤੇ ਵਿਰੋਧੀ ਸੁਰ ਸੁਣਨੀ ਤਾਨਾਸ਼ਾਹ ਦੇ ਸੁਭਾਅ ਵਿੱਚ ਨਹੀਂ ਹੁੰਦੀ। ਸੁਣਨੀ ਪੈ ਜਾਵੇ ਤਾਂ ਉਸਦਾ ਚੈਨ ਕਾਇਮ ਨਹੀਂ ਰਹਿੰਦਾ। ਉਸਨੂੰ ਅਮਨ-ਚੈਨ ਉਦੋਂ ਹੀ ਹੁੰਦਾ ਹੈ ਜਦੋਂ ਉਹ ਵਿਰੋਧੀਆਂ ਦੀ ਬੋਲਤੀ ਬੰਦ ਕਰਕੇ ਰੱਖ ਦੇਵੇ। ਮਨੁੱਖ ਹੁੰਦਿਆਂ ਹੋਇਆਂ ਵੀ ਉਸ ਕੋਲ ਮਨੁੱਖਤਾ ਨਹੀਂ ਹੁੰਦੀ। ਅਜਿਹਾ ਹੁੰਦਾ ਹੈ ਤਾਨਾਸ਼ਾਹ ਜਿਹੜਾ ਮਨੁੱਖੀ ਲਬਾਦੇ ਵਿੱਚ ਵੀ ਮਨੁੱਖਤਾ ਦੇ ਹੱਕ ਵਿੱਚ ਨਹੀਂ ਹੁੰਦਾ। ਉਸ ਨੂੰ ਕੇਵਲ ਉਹੀ ਮਨੁੱਖ ਚੰਗੇ ਲੱਗਦੇ ਹਨ ਜਿਹੜੇ ਉਸਦੇ ਆਖੇ ਵਿੱਚ ਹੋਣ ਅਤੇ ਜਿਹੜੇ ਉਸਦੇ ਹਰ ਸ਼ਬਦ ਤੇ ਬੋਲ ਨੂੰ ਲੇਲਿਆਂ ਵਾਂਗ ਪੂਰੀ ਤਰ੍ਹਾਂ ਸਵੀਕਾਰ ਕਰ ਲੈਣ। ਜੀ-ਹਜ਼ੂਰੀਏ ਵੀ ਇਸ ਤਰ੍ਹਾਂ ਦੇ ਹੋਣ ਕਿ ਜ਼ਰਾ-ਮਾਤਰ ਵੀ ਹੀਲ-ਹੁੱਜਤ ਨਾ ਕਰਨ ਸਗੋਂ ਦਿਨ ਨੂੰ ਰਾਤ ਕਹਿਣ ਲਈ ਤਿਆਰ ਹੋਣ ਤੇ ਰਾਤ ਨੂੰ ਦਿਨ। ਕੇਵਲ ਇਸ ਲਈ ਕਿ ਉਨ੍ਹਾਂ ਦਾ ਆਕਾ ਇਹੀ ਕੁੱਝ ਚਾਹੁੰਦਾ ਹੈ ਉਸਤੋਂ ਏਧਰ-ਓਧਰ ਨਹੀਂ, ਜ਼ਰਾ ਮਾਤਰ ਵੀ ਘੱਟ ਵੱਧ ਨਹੀਂ।

ਤਾਨਾਸ਼ਾਹ ਕੇਵਲ ਰਾਜਨੀਤੀ ਵਿੱਚ ਹੀ ਨਹੀਂ ਹੁੰਦੇ, ਸਮਾਜ ਦੇ ਹਰ ਖੇਤਰ ਵਿੱਚ ਹੀ ਛਾਏ ਰਹਿੰਦੇ ਹਨ ਜਿਨ੍ਹਾਂ ਦੇ ਕੰਮ ਕਰਨ ਦਾ ਆਪਣਾ ਆਪਣਾ ਦਾਇਰਾ ਹੁੰਦਾ। ਖੇਤਰ ਭਾਵੇਂ ਸਮਾਜਿਕ ਵਰਤਾਰਿਆਂ ਦਾ ਹੋਵੇ ਭਾਵੇਂ ਸਿੱਖਿਆ ਦਾ,



ਪੱਤਰਕਾਰੀ ਦਾ ਹੋਵੇ ਚਾਹੇ ਖੇਡਾਂ ਦਾ, ਧਰਮ ਦਾ ਹੋਵੇ ਭਾਵੇਂ ਦਫਤਰ ਦਾ। ਜਿਹੜਾ ਵੀ ਜਿਸ ਖੇਤਰ ਵਿੱਚ ਚੌਕੜਾ ਮਾਰ ਕੇ ਬੈਠ ਗਿਆ ਉਹ ਆਪਣੇ ਜਲਵੇ ਦਿਖਾਉਣੇ ਸ਼ੁਰੂ ਕਰ ਦਿੰਦਾ ਹੈ, ਭਾਵੇਂ ਉਸਦੇ ਖੇਤਰ ਦਾ ਕੰਮ ਚੌਪਟ ਹੋ ਕੇ ਰਹਿ ਜਾਵੇ । ਕਾਰਨ ਇਹ ਹੁੰਦਾ ਹੈ ਕਿ ਉਹ ਆਪਣੇ ਆਪ ਨੂੰ ਸਭ ਤੋਂ ਸਿਆਣਾ ਵੀ ਸਮਝਣ ਲੱਗ ਪੈਂਦਾ ਹੈ ਅਤੇ ਮੌਲਿਕਤਾ ਦਾ ਉੱਚ-ਮੁਨਾਰਾ ਵੀ। ਉਸ ਦੀ ਪੂਰੀ ਕੋਸ਼ਿਸ਼ ਕਿਸੇ ਦੀ ਖਿੱਚੀ ਹੋਈ ਵੱਡੀ ਲਕੀਰ ਨੂੰ ਛੋਟੀ ਕਰਨਾ ਹੁੰਦਾ ਹੈ, ਆਪਣੀ ਨੂੰ ਵੱਡੀ ਕਰਨਾ ਨਹੀਂ।

ਸਮਾਜ ਦੇ ਵਰਤਾਰੇ ਅਜੇ ਤੱਕ ਨਹੀਂ ਬਦਲ ਸਕੇ ਜਿਨ੍ਹਾਂ ਵਿੱਚੋਂ ਪਿਛਲੀਆਂ ਸਦੀਆਂ ਦੀ ਰਹਿੰਦ-ਖੂੰਹਦ ਕਿਰਨ ਲਈ ਤਿਆਰ ਨਹੀਂ ਕਿਉਂਕਿ ਕੇਰਨ ਵਾਲਿਆਂ ਦੇ ਜ਼ਿਹਨ ਨੂੰ ਨਵੀਂ ਸੋਚ ਦੇ ਰੌਸ਼ਨਦਾਨ ਨਹੀਂ ਲੱਗ ਸਕੇ। ਅਕਸਰ ਜਾਤਾਂ ਦੀ ਵੰਡ ਦਾ ਸ਼ੋਰ ਪਿਆ ਰਹਿੰਦਾ, ਗੋਤਾਂ ਦੀ ਚਰਚਾ ਹੁੰਦੀ ਰਹਿੰਦੀ ਹੈ ਤੇ ਬਰਾਦਰੀਆਂ ਦੀ ਵੀ। ਵਿਸ਼ਵ ਭਰ ਦੇ ਲੋਕ ਅੱਗੇ ਵੱਲ ਵੱਧਣ ਨੂੰ ਫਖ਼ਰ ਸਮਝਦੇ ਹੋਏ ਨਵੀਆਂ ਨਵੇਲੀਆਂ ਪ੍ਰਾਪਤੀਆਂ ਕਰਨੀਆਂ ਨਹੀਂ ਭੁੱਲਦੇ ਪਰ ਭਾਰਤ ਦੇ ਲੋਕ ਅਜੇ ਵੀ ਪਿਛਲ ਪੈਰ ਤੁਰਨ ਤੋਂ ਗੁਰੇਜ਼ ਨਾ ਕਰਦੇ ਹੋਏ ਅਤੀਤ ਦੀਆਂ ਬੁਰਾਈਆਂ ਨੂੰ ਸਮਾਜ ਦੇ ਮੱਥੇ ਦਾ ਤਾਜ ਸਮਝਣ ਤੋਂ ਬਾਜ਼ ਨਹੀਂ ਆਉਂਦੇ।

ਵਿੱਦਿਆ ਦਾ ਖੇਤਰ ਅਜੇ ਵੀ ਅਗਿਆਨ ਨਾਲ ਭਰਿਆ ਪਿਆ ਹੈ। ਅਧਿਆਪਕ ਅੱਜ ਦੇ ਹਾਣ ਦਾ ਨਹੀਂ ਹੋ ਰਿਹਾ। ਅਜੇ ਵੀ ਅੱਜ ਦਾ ਚਾਨਣ ਵੰਡਣ ਦੇ ਕਾਬਲ ਨਾ ਹੋ ਕੇ ਹਨੇਰ ਢੋਅ ਰਿਹਾ। ਅੱਜ ਵੀ ਉਹ ਵਿੱਦਿਆ ਦੇਣ ਲਈ ਨਵੀਆਂ ਜੁਗਤਾਂ ਤੋਂ ਦੂਰ ਤੁਰਿਆ ਫਿਰਦਾ, ਥਾਣੇਦਾਰੀ ਨਾਲ ਹੀ ਕੰਮ ਚਲਾਉਣ ਦਾ ਯਤਨ ਕਰ ਰਿਹਾ। ਨਿੱਤ ਦੀਆਂ ਖਬਰਾਂ 'ਚ ਅਧਿਆਪਕ ਦਾ ਜ਼ਿਕਰ ਹੁੰਦਾ ਹੈ ਪਰ ਅਫਸੋਸ ਨਾਲ ਪੜ੍ਹਨਾ ਪੈਂਦਾ ਹੈ ਅੱਜ ਦੇ ਸਮੇਂ ਵਿੱਚ ਰਹਿੰਦਿਆ ਸਮਾਜ ਤੋਂ ਉੱਪਰ ਨਹੀਂ ਉੱਠ ਸਕਿਆ।

ਪੱਤਰਕਾਰੀ ਦੇ ਖੇਤਰ ਦਾ ਸਬੰਧ ਬਹੁਤਾ ਕਰਕੇ ਲੋਕਾਂ ਨਾਲ ਹੈ ਜਾਂ ਫੇਰ ਸਮਾਜ ਦੀ ਬੇਹਤਰੀ ਨਾਲ। ਜੇ ਪੱਤਰਕਾਰੀ ਦਾ ਖੇਤਰ ਆਪ ਹੀ ਹਨੇਰੇ ਵਿੱਚ ਡੁੱਬਿਆ ਹੋਇਆ ਹੋਵੇ ਤਾਂ ਸਮਾਜ ਵਿੱਚ ਚਾਨਣ ਕਿਵੇਂ ਕਰ ਸਕਦਾ? ਪੱਤਰਕਾਰੀ ਦਾ ਖੇਤਰ ਫੈਲਿਆ ਤਾਂ ਬਹੁਤ ਹੈ ਪਰ ਇਸ ਦੀਆਂ ਸੋਚਾਂ ਵਿੱਚ ਏਨਾ ਵਖਰੇਵਾਂ ਆ ਗਿਆ ਕਿ ਪਤਾ ਹੀ ਨਹੀਂ ਲੱਗਦਾ ਕਿ ਤੱਥ ਕੀ ਹਨ ਤੇ ਸੱਚ ਕੀ, ਗਲਤ ਕੌਣ ਤੇ ਠੀਕ ਕਿਹੜਾ? ਰੇਡੀਓ, ਟੈਲੀਵੀਜ਼ਨ, ਰਸਾਲੇ ਤੇ ਅਖਬਾਰਾਂ ਆਪੋ ਆਪਣੀ ਤੂਤੀ ਵਜਾ ਕੇ ਅਜਿਹੀ ਕਿਸਮ ਦਾ ਭੰਬਲਭੂਸਾ ਪੈਦਾ ਕਰਦੇ ਹਨ ਜਿਸ ਵਿੱਚੋਂ ਪਾਠਕ/ਸਰੋਤੇ ਦੇ ਪਿੜ-ਪੱਲੇ ਕੁੱਝ ਵੀ ਨਹੀਂ ਪੈਂਦਾ। ਹਰ ਮਾਲਕ/ਸੰਪਾਦਕ ਆਪੋ-ਆਪਣੀ ਤਾਨਾਸ਼ਾਹੀ ਚਲਾ ਰਿਹਾ ਜੋ ਉਸਨੂੰ ਪਸੰਦ ਹੈ ਉਹੀ ਕੁੱਝ ਛਪ ਰਿਹਾ। ਲੋਕਾਂ ਦੀ ਪਸੰਦ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ ਅਤੇ ਪਾਠਕਾਂ/ਸਰੋਤਿਆਂ ਦੀਆਂ ਇੱਛਾਵਾਂ ਦਾ ਕੋਈ ਖਿਆਲ ਨਹੀਂ ਰੱਖਿਆ ਜਾ ਰਿਹਾ।

ਖੇਡਾਂ ਜੋ ਇੱਕਦਮ ਪਾਰਦਰਸ਼ੀ ਹੁੰਦੀਆਂ ਹਨ, ਦੇ ਖੇਤਰ ਵਿੱਚ ਵੀ ਸਿਆਸਤ ਦੀ ਤਾਨਾਸ਼ਾਹੀ ਨਹੀਂ ਛੱਡੀ ਜਾ ਰਹੀ। ਮੈਰਿਟ ਛੱਡ ਕੇ ਮਰਜ਼ੀ ਮੁਤਾਬਿਕ ਚੁਣੇ ਜਾਂਦੇ ਹਨ ਖਿਡਾਰੀ। ਕੋਈ ਤਾਨਾਸ਼ਾਹ ਸੋਚ ਇਹ ਨਹੀਂ ਸੋਚਦੀ ਕਿ ਇਸਦੇ ਨਤੀਜੇ ਕੀ ਹੋਣਗੇ? ਇਹੀ ਕਾਰਨ ਹੈ ਕਿ ਚੰਗੇ ਖਿਡਾਰੀਆਂ ਦੇ ਹੁੰਦਿਆਂ-ਸੁੰਦਿਆਂ ਵੀ ਉਹ ਉੱਚ ਪ੍ਰਾਪਤੀਆਂ ਨਹੀਂ ਹੋ ਸਕੀਆਂ ਜਿਹੜੀਆਂ ਜੇ ਧਿਆਨ ਨਾਲ ਤੁਰਿਆ ਜਾਂਦਾ ਤਾਂ ਹੁਣ ਤੱਕ ਜ਼ਰੂਰ ਹੋ ਜਾਂਦੀਆਂ। ਧਰਮ ਦੇ ਖੇਤਰ ਵਿੱਚ ਵਿਸ਼ਵਾਸ ਦਾ ਬੋਲਬਾਲਾ ਹੁੰਦਾ ਅਤੇ ਰੂਹ ਦੀ ਯਾਤਰਾ, ਰੂਹਾਨੀ ਅਨੁਭਵ ਦੀ ਕਮਾਈ ਹੀ ਇਸ ਰਾਹ ਦਾ ਮਨੋਰਥ ਹੁੰਦਾ ਪਰ ਧਰਮ ਦੇ ਰਹਿਬਰ ਆਪੋ/ਆਪਣੇ ਫਿਰਕਿਆਂ ਦੀ ਗਿਣਤੀ ਵਧਾਉਣ ਵਾਸਤੇ ਉਹ ਉਪੱਦਰ ਕਰਦੇ ਹਨ ਜਿਹੜੇ ਤਾਨਾਸ਼ਾਹੀ ਦੀ ਕ੍ਰਿਆ ਤੋਂ ਘੱਟ ਨਹੀਂ ਹੁੰਦੇ। ਜਬਰੀ ਧਰਮ ਬਦਲੀ ਕਰਵਾਉਣਾ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਪਰ ਸਾਰੇ ਹੀ ਧਰਮਾਂ ਵਾਲੇ ਕਰਵਾਉਂਦੇ ਹਨ ਅਤੇ ਪੂਰੇ ਯਤਨ ਕਰਦੇ ਹਨ ਕਿ ਉਨ੍ਹਾਂ ਦੇ ਅਜਿਹਾ ਕਰਨ ਦਾ ਕਿਸੇ ਨੂੰ ਪਤਾ ਨਾ ਲੱਗੇ।

♦♦♦



# 14

## ਮਨ ਦੀਆਂ ਅੱਖਾਂ ਜੇ ਖੁੱਲ੍ਹ ਜਾਵਣ, ਦਿਸ ਪੈਣ ਵਚਿੱਤਰ ਝਲਕਾਂ

**ਤਨ** ਵਿੱਚ ਟਿਕਿਆ ਹੋਇਆ ਹੈ ਮਨ, ਪਰ ਹੈ ਬੜਾ ਸ਼ਕਤੀਸ਼ਾਲੀ। ਤਨ ਆਪਣੇ ਆਪ ਨਹੀਂ ਭੱਜਦਾ, ਏਹੀ ਭਜਾਈ ਫਿਰਦਾ। ਜਿਸ ਨੂੰ ਕਾਬੂ 'ਚ ਕਰਨ ਵਾਲਾ ਆਪ ਕਾਬੂ 'ਚ ਨਹੀਂ ਆਉਂਦਾ। ਆ ਵੀ ਨਹੀਂ ਸਕਦਾ ਕਿਉਂਕਿ ਉਸ ਦੀ ਸੀਮਾ ਹੀ ਕੋਈ ਨਹੀਂ। ਉੱਨਾ ਹੀ ਅਸੀਮ ਹੈ ਜਿੰਨਾ ਕੁਦਰਤ ਦਾ ਸੋਮਾ ਤੇ ਬ੍ਰਹਿਮੰਡ ਦਾ ਅਧਾਰ।

ਮਨ ਹਰ ਪਲ ਹਰਕਤ 'ਚ ਰਹਿੰਦਾ। ਦੌੜਿਆ ਰਹਿੰਦਾ ਸਾਰੀਆਂ ਦਿਸ਼ਾਵਾਂ ਵਲ। ਹਰ ਪਲ ਦੌੜੇ ਰਹਿਣ ਕਾਰਨ ਤਨ ਨੂੰ ਫਸਾਈ ਰੱਖਦਾ, ਭੰਬਲ਼ਭੂਸੇ 'ਚ ਪਾਈ ਰੱਖਦਾ। ਟਿਕਾਅ ਦੀ ਅਣਹੋਂਦ ਕਾਰਨ ਤਨ ਬੇਚੈਨੀ ਦੇ ਆਲਮ 'ਚ ਅਜਿਹਾ ਘਿਰਦਾ ਹੈ ਕਿ ਉਸ ਨੂੰ ਚੈਨ ਹੀ ਨਸੀਬ ਹੀ ਨਹੀਂ ਹੁੰਦਾ।

ਮਨ ਦੀਆਂ ਤਣਾਵਾਂ ਕੱਸਣੀਆਂ ਸੌਖਾ ਕੰਮ ਨਹੀਂ। ਪਹਿਲੀ ਗੱਲ ਤਾਂ ਇਹ ਹੈ ਕਿ ਆਪਣੀਆਂ ਤਣਾਵਾਂ ਕਿਸੇ ਦੇ ਹੱਥ ਜਾਣ ਹੀ ਨਹੀਂ ਦਿੰਦਾ। ਜੇ ਚਲੀਆਂ ਹੀ ਜਾਣ ਤਾਂ ਵਾਪਸ ਆਪਣੇ ਹੱਥ ਲਿਆਉਣ ਲਈ ਦੇਰ ਨਹੀਂ ਲਾਉਂਦਾ। ਏਹੀ ਕਾਰਨ ਹੈ ਕਿ ਤਨ ਭਟਕਿਆ ਹੀ ਰਹਿੰਦਾ, ਇਹ ਹੀ ਭਟਕਾਈ ਫਿਰਦਾ। ਇਹ ਹੀ ਹਸਾਈ ਫਿਰਦਾ , ਇਹ ਹੀ ਰੁਆਈ ਫਿਰਦਾ।

ਜਿਹੜਾ ਸ਼ਖਸ ਤਨ ਤੇ ਮਨ ਦੀਆਂ ਪਰਤਾਂ ਵਿੱਚ ਵਿਚਰ ਕੇ ਇਨ੍ਹਾਂ ਦਾ ਅਧਿਐਨ ਕਰਦਾ, ਉਹ ਕਿਸੇ ਨਾ ਕਿਸੇ ਨਤੀਜੇ 'ਤੇ ਪਹੁੰਚਣ ਵਿੱਚ ਜ਼ਰੂਰ ਸਫਲ ਹੋ ਜਾਂਦਾ। ਅਜਿਹਾ ਸੋਚਵਾਨ, ਸਾਧਨਾ ਤੇ ਸਮਾਧੀ ਵਾਲਾ ਸ਼ਖਸ ਮਨ ਨੂੰ ਟਿਕਾਅ ਵਿੱਚ ਲਿਆ ਕੇ ਗਹਿਰ-ਗੰਭੀਰ ਯਤਨ ਕਰਦਾ ਹੈ ਕਿ ਉਸ ਦੀਆਂ ਅੱਖਾਂ ਖੁੱਲ੍ਹ ਜਾਣ ਤੇ ਖੁੱਲੀਆਂ ਹੀ ਰਹਿਣ।

ਜੇ ਮਨ ਦੀਆਂ ਅੱਖਾਂ ਖੁੱਲ੍ਹ ਜਾਣ ਤਾਂ ਬੁੱਧ, ਬਿਬੇਕ ਦੇ ਏਨੇ ਬੂਹੇ ਖੁੱਲ੍ਹ ਜਾਂਦੇ ਹਨ ਕਿ ਬੰਦਾ ਹੈਰਾਨ ਹੀ ਰਹਿ ਜਾਂਦਾ। ਸਾਰਾ ਸੰਸਾਰ ਉਸ ਦੀ ਬੁੱਕਲ਼ ਵਿੱਚ ਆ ਜਾਂਦਾ ਹੈ ਅਤੇ ਕੁੱਝ ਵੀ ਤਾਂ ਬੇਗਾਨਾ ਨਹੀਂ ਲੱਗਦਾ। ਮਾਨਵ 'ਚ ਪਾਏ ਹਰ ਤਰ੍ਹਾਂ ਦੇ ਵਿੰਗ-ਵਲ਼ੇਵੇਂ ਤੇ ਵਖਰੇਵੇਂ ਸ਼ਰਾਰਤੀਆਂ ਦੀ ਸ਼ਰਾਰਤ ਤੋਂ ਵੱਧ ਕੁੱਝ ਨਹੀਂ ਲੱਗਦੇ।

ਜਿਸ ਸ਼ਖਸ ਦੇ ਮਨ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ ਉਹ ਮੋਹ-ਮਾਇਆ ਤੋਂ ਉੱਪਰ ਉੱਠਣ ਵਿੱਚ ਵਿਚਰ ਰਹੇ ਸੱਚ ਤੇ ਝੂਠ ਵਿਚਲਾ ਫਰਕ ਸਮਝ ਲੈਂਦਾ। ਸਮਾਜ ਵਿੱਚ ਹੋ ਰਹੀਆਂ ਤਬਦੀਲੀਆਂ ਉਸ ਦੀ ਨਜ਼ਰ ਤੇ ਪਹੁੰਚ ਤੋਂ ਦੂਰ ਨਹੀਂ ਰਹਿੰਦੀਆਂ। ਉਹ ਆਪਣੇ ਆਪ ਅੰਦਰ ਹੀ ਜਾਗ ਪੈਂਦਾ ਤੇ ਫੇਰ ਜਾਗਿਆ ਹੀ ਰਹਿੰਦਾ।

ਮਨ ਦੀਆਂ ਅੱਖਾਂ ਖੁੱਲ੍ਹਣ ਨਾਲ ਅਜਿਹੀਆਂ ਵਚਿੱਤਰ ਤੇ ਵਿਲੱਖਣ ਝਲਕਾਂ ਦੇ ਦੀਦਾਰ ਹੁੰਦੇ ਹਨ, ਜਿਹੜੀਆਂ ਕਦੇ ਚਿੱਤ ਚੇਤੇ ਨਹੀਂ ਹੁੰਦੀਆਂ, ਜਿਹੜੀਆਂ ਕਦੇ ਸੁਪਨੇ ਵਿੱਚ ਵੀ ਨਹੀਂ ਦੇਖੀਆਂ ਹੁੰਦੀਆਂ। ਮਨ ਦੀਆਂ ਖੁੱਲ੍ਹੀਆ ਅੱਖਾਂ ਵਾਲਾ, ਮਾਨਵ ਦੀਆਂ ਪਰਤਾਂ ਵਿੱਚ ਹੁੰਦੇ ਕੌਤਕਾਂ 'ਚੋਂ ਲੰਘਦਿਆਂ ਉਹ ਕੁੱਝ ਦੇਖਦਾ ਤੇ ਮਹਿਸੂਸਦਾ ਹੈ ਜਿਹੜਾ ਹੋਰ ਕਿਸੇ ਦੇ ਨਸੀਬ ਵਿੱਚ ਨਹੀਂ ਹੁੰਦਾ। ਉਸ ਨੂੰ ਸਮਾਜਾਂ ਦੀ ਸਤਹੀ ਜਹੀ ਲੀਲਾ ਹੀ ਸਮਝ ਨਹੀਂ ਪੈਂਦੀ ਸਗੋਂ ਇਨ੍ਹਾਂ ਵਿੱਚ ਹੁੰਦੇ ਜ਼ੁਲਮ, ਵਿਤਕਰੇ ਤੇ ਬੇਇਨਸਾਫੀਆ ਵੀ ਸਾਫ ਦਿਸਣ ਲੱਗ ਪੈਂਦੀਆਂ ਹਨ, ਜਿਸ ਕਾਰਨ ਉਹ ਆਪਣੀਆਂ ਅੱਖਾਂ ਮੀਚ ਕੇ ਨਹੀਂ ਵਿੱਚਰ ਸਕਦਾ। ਫੇਰ ਉਹ ਤਰੀਕੇ ਨਾਲ ਸਰਗਰਮੀ ਕਰਦਾ ਹੈ ਕਿਸੇ ਲੱਠਮਾਰ ਨੀਤੀ ਨਾਲ ਨਹੀਂ।

ਇਸ ਦੁਨੀਆਂ ਦੇ ਮੇਲੇ ਤੱਕ ਹੀ ਨਹੀਂ ਸੋਚਦਾ ਖੁੱਲ੍ਹੀਆ ਅੱਖਾਂ ਵਾਲਾ ਸਗੋਂ ਇਸਦੀ ਪਿੱਠ ਭੂਮੀ ਦੇ ਝਮੇਲੇ ਦੀ ਵਚਿੱਤਰਤਾ ਨੂੰ ਬੁੱਝਣ, ਸਮਝਣ ਤੇ ਮਹਿਸੂਸਣ ਦਾ ਯਤਨ ਕਰਦਾ ਹੋਇਆ ਉਹ ਅਜਿਹੀਆਂ ਝਲਕਾਂ ਦੇ ਬੂਹੇ ਖੋਲ੍ਹ ਲੈਂਦਾ ਹੈ ਜਿਨ੍ਹਾਂ ਦੇ ਅੰਦਰ ਹਰ ਤਰ੍ਹਾਂ ਦੇ ਪ੍ਰਕਾਸ਼ ਦੀ ਘਾਟ ਨਹੀਂ ਰਹਿੰਦੀ।

ਬਸ, ਇੱਥੋਂ ਹੀ ਸ਼ੁਰੂ ਹੁੰਦੀ ਹੈ ਉਹ ਯਾਤਰਾ ਜਿਹੜੀ ਹੋਰ ਜਹਾਨਾਂ ਵੱਲ ਜਾਂਦੀ ਹੈ ਤੇ ਹੋਰ ਬ੍ਰਹਿਮੰਡਾਂ ਵੱਲ ਵੀ। ਇਸ ਦੁਨੀਆਂ ਦੇ ਝੂਠ, ਅਡੰਬਰ ਤੇ ਫੋਕੀ ਹਉਮੈ ਤੋਂ ਮੁਕਤ ਹੁੰਦਿਆਂ ਉਹ ਭਵਿੱਖ ਦੀ ਦੁਨੀਆਂ ਨੂੰ ਸੋਨ-ਸੁਨਿਹਰਾ ਬਣਾਉਣ ਲਈ ਸੱਚ ਦਾ ਹੋਕਾ ਦਿੰਦਾ ਹੈ ਤੇ ਹੁੰਦੇ ਜ਼ੁਲਮਾਂ ਵੱਲ ਧਿਆਨ ਧਰਦਿਆਂ ਬਗਾਵਤ ਕਰਨ ਲਈ ਕਹਿਣ ਤੋਂ ਵੀ ਨਹੀਂ ਘਬਰਾਂਦਾ।

♦♦♦



# 15

## ਦੋਗਲਿਆਂ ਰਾਹਾਂ ਦਾ ਪਾਂਧੀ ਪਾਰ ਕਦੇ ਨਾ ਲੰਘੇ

**ਪੰਧ** ਤਾਂ ਪੰਧ ਹੈ ਜਿਹੜਾ ਕਦੇ ਨਹੀਂ ਮੁੱਕਦਾ। ਰਾਹੀ ਮੁੱਕ ਜਾਂਦਾ ਹੈ ਪਰ ਪੰਧ ਦੇ ਅੰਤ ਦੀ ਥਾਹ ਨਹੀਂ ਲੱਗਦੀ। ਰਾਹੀ ਕੋਲ ਸਫਰ ਦੀ ਇੱਛਾ ਹੁੰਦੀ ਹੈ ਜਾਂ ਫੇਰ ਪੈਰਾਂ ਅੱਗੇ ਰਾਹ। ਆਪਣੀ ਸੂਝ-ਬੂਝ ਤੇ ਆਪਣੇ ਵਿਵੇਕ ਨਾਲ ਉਹ ਰਾਹਾਂ 'ਚੋਂ ਰਾਹ ਦੀ ਚੋਣ ਕਰਦਾ ਹੈ ਤਾਂ ਕਿ ਮਿੱਥੀ ਮੰਜ਼ਿਲ 'ਤੇ ਪਹੁੰਚ ਸਕੇ। ਰਾਹ ਸਾਫ ਸੁਥਰਾ ਹੋਵੇ ਤਾਂ ਔਖ ਨਹੀਂ ਹੁੰਦੀ। ਰਾਹ ਸਾਫ ਨਾ ਹੋਵੇ ਤਾ ਪਾਂਧੀ ਨੂੰ ਦੁੱਖ-ਦਰਦ 'ਚੋਂ ਵੀ ਲੰਘਣਾ ਪੈਂਦਾ ਹੈ ਅਤੇ ਟੇਢੇ-ਮੇਡਿਆਂ ਰਾਹਾਂ ਵਿੱਚੋਂ ਵੀ। ਫੇਰ ਵੀ ਇਹ ਪੱਕਾ ਨਹੀਂ ਹੁੰਦਾ ਕਿ ਪਾਂਧੀ ਧੁਰ ਪਹੁੰਚੇ ਜਾਂ ਪਾਰ ਲੰਘ ਜਾਵੇ।

ਸਮਾਜ ਵਿੱਚ ਰਹਿੰਦਿਆਂ ਰਸਤਿਆਂ ਦੀ ਘਾਟ ਨਹੀਂ। ਰਾਹਾਂ ਦੀ ਬਹੁਤਾਤ ਹੋਣ ਕਰਕੇ ਅਕਸਰ ਹੀ ਇਹ ਪਤਾ ਨਹੀਂ ਲੱਗਦਾ ਕਿ ਕਿਹੜੇ ਰਾਹ 'ਤੇ ਤੁਰਿਆ ਜਾਵੇ। ਰਾਹ ਲੱਭਣ ਲਈ ਆਪਣੇ ਆਪ ਨੂੰ ਯਤਨ ਕਰਨੇ ਪੈਂਦੇ ਹਨ ਤੇ ਰਹਿਬਰਾਂ ਨੂੰ ਵੀ। ਆਪਣੀ ਸੂਝ-ਬੂਝ, ਆਪਣਾ ਅਨੁਭਵ ਪ੍ਰਪੱਕ ਹੋਣ ਤਾਂ ਰਾਹ ਦੀ ਚੋਣ ਕਰਨੀ ਮੁਸ਼ਕਲ ਨਹੀਂ ਹੁੰਦੀ। ਵੱਖ ਵੱਖ ਖੇਤਰਾਂ ਦੇ ਆਗੂ ਸਹੀ ਅਗਵਾਈ ਕਰਨ ਤਾਂ ਅਗਿਆਨੀ ਵੀ ਅਗਿਆਨੀ ਨਹੀਂ ਰਹਿੰਦਾ। ਸੁਹਿਰਦਤਾ ਨਾਲ ਨਿੱਠ ਕੇ ਤੁਰਿਆ ਪਾਂਧੀ ਉੱਥੇ ਪਹੁੰਚ ਜਾਂਦਾ ਜਿੱਥੇ ਦਾ ਉਸ ਨੇ ਕਿਆਸ ਕੀਤਾ ਹੁੰਦਾ ਜਾਂ ਜਿੱਥੇ ਪਹੁੰਚਣ ਦਾ ਇਰਾਦਾ ਧਾਰਿਆ ਹੁੰਦਾ।

ਕਿੰਨੇ ਰਾਹ ਤੇ ਕਿੰਨੇ ਰਾਹੀ ਕੁੱਝ ਵੀ ਪਤਾ ਨਹੀਂ ਲੱਗਦਾ। ਹਰ ਰਾਹੀ ਆਪਣਾ ਸੁਪਨਾ, ਆਪਣਾ ਚਿਤਵਣ ਅਤੇ ਆਪਣਾ ਸਾਫ ਸਪੱਸ਼ਟ ਮਿੱਥਿਆ ਨਿਸ਼ਾਨਾ। ਜਿਨ੍ਹਾਂ ਨੂੰ ਨਿਸ਼ਾਨੇ ਦੀ ਸਾਰ ਹੋਵੇ, ਮੰਜ਼ਿਲ ਦੀ ਸਾਰ ਹੋਵੇ, ਮੰਜ਼ਿਲ ਦੇ ਸਿਰਨਾਵੇਂ ਦਾ ਪਤਾ ਹੋਵੇ ਉਹ ਰਾਹ 'ਚ ਨਹੀਂ ਭਟਕਦੇ ਪਰ ਜਿਹੜੇ ਆਪਣੇ ਆਪ ਵਿੱਚ ਉਲਝ ਕੇ ਰਾਹ ਦਾ ਸਿਰਨਾਵਾਂ ਭੁੱਲ ਕੇ ਦੋਚਿੱਤੇ ਹੋ ਜਾਣ ਉਨ੍ਹਾਂ ਦੀ ਦੁਬਿਧਾ ਦਾ ਇਲਾਜ ਲੱਭਣਾਂ ਆਸਾਨ ਨਹੀਂ ਹੁੰਦਾ। ਇੱਕੋ ਮਸਲੇ ਬਾਰੇ ਦੋਗਲੀ ਪਹੁੰਚ ਅਪਨਾਉਣ ਵਾਲਿਆਂ ਨੂੰ ਕਿਧਰੇ ਢੋਈ ਨਹੀਂ ਮਿਲਦੀ। ਉਂਜ ਅਜਿਹੇ ਲੋਕ ਚਤੁਰਾਈ ਦੇ ਦਾਇਰਿਆਂ ਵਿੱਚ ਵਿਚਰਦੇ ਅਕਸਰ ਇਹ ਭੁਲੇਖਾ ਪਾਲ ਰੱਖਦੇ ਹਨ ਕਿ ਉਨ੍ਹਾਂ ਦੇ ਦੋਗਲੇਪਨ ਦਾ ਕਿਸੇ ਨੂੰ ਪਤਾ ਨਹੀਂ ਜਦ ਕਿ ਉਸ ਦਾ ਸਭ ਨੂੰ ਪਤਾ ਹੁੰਦਾ। ਅਜਿਹੇ ਮਨੁੱਖ ਜ਼ਿੰਦਗੀ ਦੇ ਮਸਲੇ ਤੇ ਮੁੱਦਿਆਂ ਦੀਆਂ ਭੁੱਲ-

ਭੁਲੱਈਆਂ ਵਿੱਚ ਐਸੇ ਗਵਾਚਦੇ ਹਨ ਕਿ ਉਨ੍ਹਾਂ ਦੇ ਪੈਰਾਂ ਨੂੰ ਕੋਈ ਸਿੱਧਾ ਰਾਹ ਨਸੀਬ ਨਹੀਂ ਹੁੰਦਾ।

ਦੁਚਿੱਤੇ ਤੇ ਦੋਗਲਿਆਂ ਦਾ ਮੁਸ਼ਕਲਾਂ ਦੇ ਸਾਗਰ ਵਿੱਚੋਂ ਪਾਰ ਲੰਘਣਾ ਉਨਾ ਹੀ ਔਖਾ ਹੁੰਦਾ ਹੈ ਜਿੰਨਾ ਸੂਈ ਦੇ ਨੱਕੇ 'ਚੋਂ ਬੰਦੇ ਦਾ ਲੰਘਣਾ, ਕਿਸੇ ਅਨਜਾਣ ਦਾ ਸਾਗਰ 'ਚ ਤਰਨਾ, ਮਨੁੱਖ ਦਾ ਕਿਸੇ ਸਹਾਰੇ ਬਗੈਰ ਹਵਾ ਵਿੱਚ ਉਡਣਾ ਜਾਂ ਫੇਰ ਮਨ ਦੇ ਵਿੰਗ-ਵਲੇਵਿਆਂ 'ਚੋਂ ਪਾਰ ਹੋਣਾ। ਮਾਅਨਾ ਇਹ ਨਿਕਲਦਾ ਹੈ ਕਿ ਖੰਡਿਤ ਬਿਰਤੀ ਨਾਲ ਬਿਖਰਿਆ ਹੋਣ ਕਾਰਨ ਇਕਾਗਰਤਾ ਗੁਆ ਕੇ ਦੋਗਲਿਆਂ ਰਾਹਾਂ ਦਾ ਪਾਂਧੀ ਪਾਰ ਕਦੇ ਨਾ ਲੰਘਦਾ। ਇੱਕ ਤੋਂ ਬਾਅਦ ਦੂਜਾ ਅੜਿੱਕਾ, ਦੂਜੇ ਬਾਅਦ ਤੀਜਾ ਉਸ ਦੀ ਪੇਸ਼ ਨਹੀਂ ਜਾਣ ਦਿੰਦੇ। ਰਾਹ 'ਚ ਫਸੇ ਅਜਿਹੇ ਦੋਗਲੇ ਲਈ ਇਹੀ ਤਰਸ ਦੇ ਬੋਲ ਮੂੰਹੋਂ ਨਿਕਲਦੇ ਹਨ, ਵਿਚਾਰਾ ਦੋਗਲਾ। ਹਾਂ, ਸਾਰੇ ਇੱਕ ਮਨ, ਇੱਕ ਚਿੱਤ ਹੋ ਕੇ ਆਪਣੇ ਆਪ ਅੱਗੇ ਇੱਕ ਪ੍ਰਸ਼ਨ ਚਿੰਨ੍ਹ ਲਾਉਣ ਤਾਂ ਕਿ ਦੋ-ਚਿੱਤੇ ਹੋਣ ਦਾ ਪਤਾ ਲੱਗ ਸਕੇ:

ਕਿੰਨੇ ਛਿਣ ਤੇ ਕਿੰਨੇ ਹਉਕੇ
ਸਮਾਂ ਹੈ ਕਿੰਜ ਪਰੋਇਆ
ਇਸ ਨੇ ਢੋਏ ਵਿੰਗ ਵਲੇਵੇਂ
ਭਰਮ-ਭੁਲੇਖਾ ਢੋਇਆ
ਰੌਸ਼ਨੀਆਂ ਦੀ ਸਾਰ ਲਈ ਨਾ
ਨੇਰ੍ਹਿਆਂ ਅੰਦਰ ਮੋਇਆ
ਕਿਹੜੇ ਖਿੱਤੇ ਲੰਘ ਕੇ ਆਇਆ
ਕਿਉਂ ਮਨ ਦੋ-ਚਿੱਤਾ ਹੋਇਆ?

ਜਾਂ ਫੇਰ

ਦੋਗਲਿਆਂ ਰਾਹਾਂ ਦਾ ਪਾਂਧੀ
ਪਾਰ ਕਦੇ ਨਾ ਲੰਘੇ
ਆਪਣੀ ਇੱਕ ਇਕਹਿਰੀ ਰੂਹ ਨੂੰ
ਦੋਸਾਂਗੜ 'ਤੇ ਟੰਗੇ

♦♦♦



# 16

# ਰੰਗਾਂ ਦੀ ਲੀਲ੍ਹਾ

'ਰੰਗ' ਸ਼ਬਦ ਦਾ ਉਚਾਰਣ ਕਰਦਿਆਂ ਹੀ ਕਈ ਰੰਗ ਸੋਚਾਂ ਦੀ ਕੈਨਵਸ 'ਤੇ ਉਭਰਨ ਲੱਗ ਪੈਣ। ਹਰਾ, ਪੀਲਾ, ਲਾਲ, ਨੀਲਾ , ਗੁਲਾਬੀ ਤੇ ਕਾਲ਼ਾ। ਹੋਰ ਵੀ ਬੜੇ। ਇਹ ਸਾਰੇ ਉਹ ਰੰਗ ਹਨ ਜਿਨ੍ਹਾਂ ਬਿਨਾ ਰੌਣਕ ਨਹੀਂ ਲਗਦੀ। ਕੈਨਵਸ 'ਤੇ ਮੇਲਾ ਨਹੀਂ ਭਰਦਾ ਅਤੇ ਖੂਬਸੂਰਤੀ ਦਾ ਜਲੌਅ ਪੈਦਾ ਨਹੀਂ ਹੁੰਦਾ। ਰੰਗਾਂ ਦੀ ਆਪਣੀ ਵਿਲੱਖਣ ਲੀਲ੍ਹਾ ਹੈ ਜਿਸ ਦੇ ਅਰਥਾਂ ਦੀ ਫੁਹਾਰ ਮਾਨਣੀ ਹਰ ਕਿਸੇ ਦਾ ਨਸੀਬ ਨਹੀਂ ਹੁੰਦਾ । ਹੋ ਹੀ ਨਹੀਂ ਸਕਦਾ।

ਦਿਲ ਦੀ ਚਰਚਾ 'ਚ ਦਾਖਲ ਹੋਈਏ ਤਾਂ ਕਈ ਤਰ੍ਹਾਂ ਦੇ ਜਜ਼ਬਿਆਂ ਦੀ ਭੀੜ ਦਾ ਸ਼ੋਰ ਸੁਣਨ ਨੂੰ ਮਿਲੇਗਾ। ਜਜ਼ਬੇ ਸ਼ੂਕਦੇ ਤੇ ਉਤੇਜਿਤ। ਦੌੜਦੇ-ਭੱਜਦੇ, ਹਫਦੇ ਤੇ ਥੱਕਦੇ। ਬੋਲਦੇ ਤੇ ਠਹਿਰਦੇ। ਕਦੇ ਮੁਹੱਬਤ ਦਾ ਰੂਪ ਧਾਰਦੇ ਕਦੇ ਨਫ਼ਰਤ ਦੀ ਤਪਸ਼ ਵਿੱਚ ਤਪਦੇ। ਕਦੇ ਕਵਿਤਾ ਬਣਦੇ, ਕਦੇ ਰੰਗਾ-ਰੰਗ ਚਿੱਤਰ। ਕਦੇ ਸੁਰਾਂ ਦਾ ਅਲਾਪ ਬਣਦੇ ਤੇ ਕਦੇ ਨਿਰਾ ਨ੍ਰਿਤ ਹੋ ਜਾਂਦੇ।

ਸੋਚ ਤੇ ਕਲਪਨਾ 'ਚ ਏਨੇ ਰੰਗ ਉਡਦੇ ਕਿ ਪਿੱਛੇ ਦੌੜਿਆਂ ਵੀ ਪਕੜ ਵਿੱਚ ਨਾ ਆਉਂਦੇ। ਉਮਰਾਂ ਦੀਆਂ ਉਮਰਾਂ ਵੀ ਅਸਫਲ ਰਹਿ ਜਾਂਦੀਆਂ ਕਿ ਇਹ ਰੰਗ ਹੱਥ ਨਾ ਲੱਗਦੇ। ਪਰ ਫੇਰ ਵੀ ਇਨ੍ਹਾਂ ਰੰਗਾਂ ਦਾ ਪਿੱਛਾ ਛੱਡਣ ਲਈ ਕੋਈ ਤਿਆਰ ਹੀ ਨਹੀਂ ਹੁੰਦਾ। ਇਸ ਲਈ ਕਿ ਰੇਗਿਸਤਾਨੀ-ਸਫਰ ਪਿੱਛਾ ਹੀ ਨਹੀਂ ਛੱਡਦਾ।

ਕਿੰਨੇ ਰੰਗਾਂ 'ਚ ਵਿਚਰਦਾ ਹੈ ਲੇਖਕ ਤੇ ਕਲਾਕਾਰ। ਉਹ ਏਨੀਆਂ ਭੂਮਿਕਾਵਾਂ ਨਿਭਾਉਂਦਾ ਹੈ ਕਿ ਜ਼ਿੰਦਗੀ ਦੇ ਹਰ ਰੰਗ ਤੱਕ ਪਹੁੰਚ ਸਕੇ। ਉਹ ਹਰ ਰੰਗ ਦੇ ਨਾਲ ਹੋ ਤੁਰਦਾ ਅਤੇ ਉਸ ਦੀ ਹਕੀਕਤ ਫੜਦਿਆਂ ਸਹੀ ਚਿਤਰਣ ਕਰਨ ਦਾ ਯਤਨ ਕਰਦੈ ਤਾਂ ਕਿ ਰੰਗਾਂ ਦੀ ਪਾਕੀਜ਼ਗੀ ਅੱਗੇ ਸ਼ਰਮਿੰਦਾ ਨਾ ਹੋਣਾ ਪਵੇ।

ਰੂਹ ਦੇ ਰੰਗਾਂ ਦੀ ਗੱਲ ਤਾਂ ਕੋਈ ਵਿਰਲਾ ਹੀ ਛੇੜਨ ਦਾ ਯਤਨ ਕਰਦੈ। ਹਰ ਕੋਈ ਰੂਹ ਦੇ ਰੰਗਾਂ ਨੂੰ ਜਾਨਣ ਦਾ ਇੱਛਾਵਾਨ ਨਹੀਂ ਹੁੰਦਾ। ਜੇ ਰੂਹ ਤੱਕ ਪਹੁੰਚਣ ਦੀ ਸਮਰੱਥਾ ਹੀ ਨਾ ਹੋਵੇ ਤਾਂ ਰੂਹ ਦਾ ਰਹੱਸਵਾਦੀ ਅਲਾਪ ਤਾਂ ਕਿਤੇ ਦੂਰ ਦਾ ਦੂਰ ਹੀ ਖੜ੍ਹਾ ਰਹਿ ਜਾਂਦਾ।

ਰੰਗ ਕਦੇ ਕੱਲਾਕਾਰਾ ਨਹੀਂ ਹੁੰਦਾ। ਜੇ ਇੱਕ ਪਲ ਖੁਸ਼ੀ ਦਾ ਰੰਗ ਹੁੰਦਾ ਹੈ ਤਾਂ ਨਾਲ ਹੀ ਕਿਤੇ ਨੇੜੇ ਤੇੜੇ ਦੁੱਖ-ਦਰਦ ਦਾ ਰੰਗ ਹਾਜ਼ਰ ਨਾਜ਼ਰ ਹੁੰਦਾ। ਇਹ ਖੁਸ਼ੀ ਤੇ ਗਮੀ ਦੇ ਰੰਗ ਘੁਲ-ਮਿਲ ਕੇ ਹੀ ਤੁਰਦੇ ਹੋਏ ਉਹ ਸਥਿਤੀ ਪੈਦਾ ਕਰ

ਦਿੰਦੇ ਹਨ ਜਿਸ 'ਚ ਵੰਨ ਸੁਵੰਨਤਾ ਵੀ ਹੁੰਦੀ ਹੈ ਅਤੇ ਤਰ੍ਹਾਂ ਤਰ੍ਹਾਂ ਦੀ ਰੰਗ ਬਰੰਗਤਾ ਵੀ।

ਕੁਦਰਤ ਦੀ ਕਿਤਾਬ ਦਾ ਇਕੱਲਾ ਇਕੱਲਾ ਵਰਕਾ ਅਜਿਹੇ ਰੰਗਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਦਾ ਭੇਤ ਪਾਉਣਾ ਅਸਾਨ ਕੰਮ ਨਹੀਂ। ਏਨੇ ਰੰਗ ਏਨੇ ਰੰਗਾਂ 'ਚ ਵਿਚਰਨ ਕਿ ਹਕੀਕਤ ਸਾਹਮਣੇ ਆ ਖੜ੍ਹੇ, ਵਚਿੱਤਰਤਾ ਲੁੱਡੀਆਂ ਪਾਵੇ, ਅਸਚਰਜਤਾ ਦੇ ਬੂਹੇ ਖੁੱਲ੍ਹ ਜਾਣ, ਵੰਨ-ਸੁਵੰਨਤਾ ਦੀ ਸੁੰਦਰਤਾ ਦਿਸਣ ਲੱਗ ਪਵੇ ਅਤੇ ਆਨੰਦ ਦਾ ਆਲਮ ਪੈਦਾ ਹੋ ਜਾਵੇ।

ਭਾਵੇਂ ਮੌਸਮ ਨੂੰ ਸਮਝਣ-ਬੁੱਝਣ ਲਈ ਕਈ ਯੰਤਰ ਬਣ ਗਏ ਹਨ ਪਰ ਫੇਰ ਵੀ ਮੌਸਮ ਦੇ ਰੰਗਾਂ ਦਾ ਭੇਤ ਨਹੀਂ ਲੱਗਦਾ। ਜਦ ਮੌਸਮ ਦੇ ਸਫੇ 'ਤੇ ਕਵਿਤਾ ਲਿਖੀ ਜਾਂਦੀ ਹੈ ਤਾਂ ਕਿਤੇ ਨੇਰ੍ਹੀ ਕਿਤੇ ਤੂਫਾਨ, ਕਿਤੇ ਔੜ ਕਿਤੇ ਬਾਰਸ਼, ਕਿਧਰੇ ਧੁੱਪ ਕਿਤੇ ਛਾਂ, ਕਿਤੇ ਕਾਲ਼ਾ ਨੇਰ੍ਹਾ ਤੇ ਕਿਧਰੇ ਟਿਮਟਿਮਾਂਦੇ ਤਾਰੇ। ਇਹ ਸਾਰੀ ਇਬਾਰਤ ਹੀ ਕ੍ਰਿਸ਼ਮਾ ਹੈ ਸਿਰਫ ਵਕਤ ਦਾ ਹੀ ਹੇਰ ਫੇਰ ਨਹੀਂ।

ਜ਼ਿੰਦਗੀ ਏਨੇ ਰੰਗਾਂ 'ਚ ਵਿਚਰਦੀ ਹੈ ਜਿਸ ਨੂੰ ਵੱਖ ਵੱਖ ਸਿਨਫਾਂ 'ਚ ਵਰਨਣ ਕਰਨ ਦੇ ਯਤਨ ਤਾਂ ਕੀਤੇ ਜਾਂਦੇ ਹਨ ਪਰ ਸਫਲ ਨਹੀਂ ਹੁੰਦੇ। ਜ਼ਿੰਦਗੀ ਦੇ ਸਮੁੱਚੇ ਵੇਰਵਿਆਂ ਨੂੰ ਇਬਾਰਤ 'ਚ ਬੰਨ੍ਹਿਆ ਹੀ ਨਹੀਂ ਜਾ ਸਕਦਾ। ਜ਼ਿੰਦਗੀ ਦੇ ਵੱਖ ਵੱਖ ਪੱਖਾਂ ਬਾਰੇ ਕਲਮਾਂ ਬੋਲਦੀਆਂ ਰਹੀਆਂ ਪਰ ਇਨ੍ਹਾਂ 'ਚੋਂ ਵੀ ਜ਼ਿੰਦਗੀ ਦਾ ਸਮੁੱਚਾ ਚਿਹਰਾ ਸਾਕਾਰ ਨਹੀਂ ਹੁੰਦਾ।

ਕਵੀ ਆਪਣੇ ਮਨ-ਮਸਤਕ ਦੇ ਮਾਹੌਲ ਵਿੱਚ ਵਿਚਰਦਾ ਜ਼ਿੰਦਗੀ ਬਾਰੇ ਬੋਲਦਾ ਹੈ ਤਾਂ ਆਪਣੇ ਅਨੁਭਵ ਵਿੱਚੋਂ ਬੋਲਣ ਦਾ ਹੀ ਯਤਨ ਕਰਦਾ ਹੈ, ਜਿਸ ਵਿੱਚ ਹਕੀਕਤਾਂ ਵੀ ਹੁੰਦੀਆਂ ਹਨ ਅਤੇ ਕਲਪਨਾਵਾਂ ਦਾ ਸੰਸਾਰ ਵੀ :-

ਵਗਦਾ ਪਾਣੀ ਵੱਗਦੀ ਹਵਾ ਹੈ
ਜ਼ਿੰਦਗੀ ਇਕ ਵੱਗਦਾ ਦਰਿਆ ਹੈ
ਕਿਉਂ ਤੁਰੀ ਤੇ ਕਿੱਥੇ ਹੈ ਜਾਣਾ
ਕਿਸੇ ਨੂੰ ਇਸ ਦਾ ਨਹੀਂ ਪਤਾ ਹੈ

♦♦♦



# 17

# ਪੈਣ ਜਦੋਂ ਸਤਰੰਗੀਆਂ ਪੀਂਘਾਂ

ਸਤਰੰਗੀ ਪੀਂਘ ਦਾ ਮੁਕਾਬਲਾ ਨਹੀਂ। ਅੰਬਰ ਵਿੱਚ ਪੈਂਦੀ ਕੁਦਰਤੀ ਕੈਨਵਸ 'ਤੇ ਕੁਦਰਤੀ ਜਲਵਾ। ਹੁਨਰੀ ਤੇ ਦਿਲਕਸ਼। ਅੰਬਰ ਤੇ ਉੱਕਰੀ ਰੰਗਾਂ ਦੀ ਇਬਾਰਤ ਜੋ ਦਿਲ ਨੂੰ ਵੀ ਮੋਹੇ ਅਤੇ ਰੂਹ ਨੂੰ ਵੀ। ਸਤਰੰਗੀ ਪੀਂਘ ਦਾ ਕੋਈ ਬਦਲ ਨਹੀਂ। ਇਹ ਆਪਣੇ ਆਪ ਹੀ ਪੈਂਦੀ ਹੈ ਪਾਈ ਨਹੀਂ ਜਾ ਸਕਦੀ।

ਜਦੋਂ ਸਿਖਰਾਂ ਛੋਹ ਲਈਆਂ ਜਾਣ, ਉੱਚੀਆਂ ਉਡਾਣਾਂ ਭਰ ਲਈਆਂ ਜਾਣ ਅਤੇ ਜਦੋਂ ਉਹ ਅੰਬਰ ਹੱਥ ਆ ਜਾਵੇ ਜਿਹੜਾ ਅਪਹੁੰਚ ਹੋਵੇ ਤਾਂ ਵੱਡੇ ਤੋਂ ਵੱਡਾ ਹਾਸਲ ਬਣ ਜਾਂਦੀਆਂ ਹਨ ਸਤਰੰਗੀਆਂ ਪੀਂਘਾਂ।

ਜਦ ਕਦੇ ਜਜ਼ਬੇ ਉੱਠ ਰਹੇ ਹੋਣ, ਮੁਹੱਬਤ ਵਲਵਲਿਆਂ ਦੇ ਅੰਬਰ ਦੀ ਹਵਾ 'ਤੇ ਤੈਰ ਰਹੀ ਹੋਵੇ, ਫਿਜ਼ਾ 'ਚ ਘੁੰਗਰੂ ਛਣਕਣ ਦਾ ਅਹਿਸਾਸ ਹੋ ਰਿਹਾ ਹੋਵੇ, ਬੋਲਾਂ ਵਿੱਚ ਆਪਣੇ ਆਪ ਹੀ ਗੁਫਤਗੂ ਹੋ ਰਹੀ ਹੋਵੇ, ਦਿਲ ਉੱਡਣ ਉੱਡਣ ਨੂੰ ਕਰਦਾ ਹੋਵੇ ਤਾਂ ਕਿਸ ਨੂੰ ਸਤਰੰਗੀਆਂ ਪੀਂਘਾਂ ਪੈਣ ਦਾ ਅਹਿਸਾਸ ਨਹੀਂ ਹੁੰਦਾ।

ਕੋਈ ਵੀ ਜਿੱਤ ਹਾਸਲ ਹੋਣ 'ਤੇ ਜਿਹੜਾ ਗੌਰਵ ਧਾਰਨ ਕਰਦਾ ਹੈ, ਜਿਹੜੀ ਖੁਸ਼ੀ ਫੁੰਕਾਰੇ ਮਾਰਦੀ ਹੈ, ਜਿਹੜੇ ਛਿਣ ਆਪੇ ਤੋਂ ਬਾਹਰੇ ਹੁੰਦੇ ਹੋਏ ਆਪਣੇ ਆਪ ਨੂੰ ਆਪਣੇ ਹੀ ਮੋਢਿਆਂ 'ਤੇ ਚੁੱਕੀ ਫਿਰਦੇ ਹਨ ਉਹ ਸਤਰੰਗੀਆਂ ਪੀਂਘਾਂ ਦੇ ਹੁਲਾਰਿਆਂ ਤੋਂ ਜ਼ਰਾ ਵੀ ਘੱਟ ਨਹੀਂ ਹੁੰਦੇ।

ਕਿਸੇ ਥਾਂ ਪਾਸ ਜਾਂ ਪ੍ਰਵਾਨ ਹੋਣ ਵੇਲੇ ਧਰਤੀ 'ਤੇ ਪੈਰ ਨਹੀਂ ਲੱਗਦੇ, ਆਪਣੇ ਜਿਸਮ 'ਚੋਂ ਬਾਹਰ ਨਿਕਲ ਕੇ ਦੌੜਦਾ ਤੇ ਦੂਜਿਆਂ ਨੂੰ ਕਿਤੇ ਪਿੱਛੇ ਛੱਡਣ ਦਾ ਖਿਆਲ ਲਈ ਫਿਰਦਾ ਮਾਨਵ ਉਨ੍ਹਾਂ ਰੰਗਾਂ 'ਚ ਹੀ ਉੱਡਿਆ ਹੁੰਦਾ ਹੈ ਜਿਨ੍ਹਾਂ ਨੂੰ ਸਤਰੰਗੀਆਂ ਪੀਂਘਾਂ ਦਾ ਰੂਪ ਹੀ ਸਮਝਿਆ ਜਾਂਦੈ।

ਜਦ ਕਿਸੇ ਦੋਸਤੀ 'ਚ ਫੁੱਲਝੜੀਆਂ ਜਿਹੀ ਰੌਸ਼ਨੀ ਹੋਵੇ, ਫੁੱਲਾਂ ਵਰਗੀ ਮਹਿਕ ਹੋਵੇ, ਰੁਮਕਦੇ ਪੌਣ ਦੇ ਬੁੱਲਿਆਂ ਵਰਗੀ ਤਾਜ਼ਗੀ ਹੋਵੇ, ਦਰਿਆ ਦੇ ਵਗਦੇ ਪਾਣੀਆਂ ਵਰਗੀ ਨਿਰਮਲਤਾ ਤੇ ਰਵਾਨੀ ਹੋਵੇ ਤਾਂ ਅਹਿਸਾਸ ਸਤਰੰਗੀਆਂ ਪੀਂਘਾਂ ਤੋਂ ਹੇਠਾਂ ਨਹੀਂ ਰਹਿੰਦਾ।

ਜਦੋਂ ਵਰ੍ਹਿਆਂ ਬੱਧੀ ਚਲਦੇ ਖਤਰਨਾਕ ਕੇਸ ਦਾ ਫੈਸਲਾ ਹੱਕ ਵਿੱਚ ਹੋ ਜਾਵੇ, ਕਿਸੇ ਦੁਸ਼ਮਣੀ ਦੀ ਭਿਆਨਕਤਾ ਦਾ ਅੰਤ ਹੋ ਜਾਵੇ, ਕੁੜੱਤਣ ਭਰੇ ਤਲਖ

ਮੌਸਮਾਂ ਤੋਂ ਮੁਕਤੀ ਮਿਲ ਜਾਵੇ ਅਤੇ ਵਿਛੋੜਿਆਂ ਤੋਂ ਛੁਟਕਾਰਾ ਮਿਲ ਜਾਵੇ ਤਾਂ ਆਨੰਦ ਪੀਂਘਾਂ ਦੇ ਹੁਲਾਰਿਆਂ ਤੋਂ ਵੀ ਉੱਪਰ ਉੱਠ ਜਾਂਦਾ।

ਜੇ ਨਜ਼ਰਾਂ ਦਿਸਹੱਦੇ ਲੰਘ ਜਾਣ, ਬੋਲਾਂ ਦੇ ਹੁੰਗਾਰੇ ਅਰਥਾਂ ਤੱਕ ਪੁੱਜ ਜਾਣ, ਜਿਸਮਾਂ ਦੀਆਂ ਸਾਝਾਂ ਰੂਹਾਂ ਤੱਕ ਫੈਲ ਜਾਣ ਅਤੇ ਕਲਪਨਾ ਦੇ ਰਾਗ ਕਿਤੇ ਸਾਕਾਰ ਹੋ ਜਾਣ ਤਾਂ ਸਤਰੰਗੀਆਂ ਪੀਂਘਾਂ ਸਿਰਾਂ ਦੇ ਤਾਜ ਬਣਨੋਂ ਨਹੀਂ ਰਹਿੰਦੀਆਂ।

ਜਦ ਕਦੇ ਸਿਰਜਣਾਂ ਦੇ ਪਲਾਂ 'ਤੇ ਸਵਾਰ ਹੋ ਕੇ ਕੋਈ ਕਵਿਤਾ ਸ਼ਬਦਾਂ 'ਚ ਉੱਤਰ ਆਵੇ, ਸੁਹਜ-ਭਰਪੂਰ ਹੁਨਰੀ ਰੂਪ 'ਚ ਆਕਾਰ ਚਿਤਰ ਦਾ ਰੂਪ ਧਾਰ ਲੈਣ, ਨ੍ਰਿਤ ਦੀਆਂ ਆਦਾਵਾਂ ਮੁਦਰਾਵਾਂ 'ਚ ਵਚਿਤੱਰਤਾ ਪੈਦਾ ਹੋ ਜਾਵੇ ਅਤੇ ਸੁਰਾਂ ਵਿੱਚ ਰਸ-ਭਰਪੂਰ ਸੰਗਮ ਜਨਮ ਧਾਰ ਲਵੇ ਤਾਂ ਸਤਰੰਗੀਆਂ ਪੀਂਘਾਂ ਦਾ ਅਨੁਭਵ ਵੀ ਕਿਤੇ ਉਰੇ ਹੀ ਰਹਿ ਜਾਂਦਾ।

ਜਦੋਂ ਖਲਾਅ ਬਾਰੇ ਸੋਚਦਿਆਂ, ਖਲਾਅ 'ਚੋਂ ਵਿਚਰਦਿਆਂ, ਚਿੱਟੇ ਲਿਬਾਸ ਦੀਆਂ ਸਮਾਧੀਆਂ 'ਚ ਦੂਰ ਦੂਰ ਤੱਕ ਬੈਠੇ ਫਰਿਸ਼ਤਿਆਂ ਦੇ ਦੀਦਾਰ ਹੁੰਦੇ ਹਨ ਤਾਂ ਦੂਰ ਦੂਰ ਤੱਕ ਪੈ ਜਾਂਦੀਆਂ ਹਨ ਹੈਰਾਨੀ ਤੇ ਵੱਚਿਤਰਤਾ ਦੀਆਂ ਸਤਰੰਗੀਆਂ ਪੀਂਘਾਂ ਜਿਹੜੀਆਂ ਮੁੜ ਚੇਤਿਆਂ 'ਚੋਂ ਕਦੇ ਦੂਰ ਨਹੀਂ ਹੁੰਦੀਆਂ, ਕਲਪਨਾਵਾਂ 'ਚੋਂ ਕਦੇ ਦੂਰ ਹੋਣ ਦਾ ਨਾਂ ਹੀ ਨਹੀਂ ਲੈਂਦੀਆਂ।

ਜਦੋਂ ਕਦੇ ਅਨੁਭਵ ਦੇ ਚਮਤਕਾਰ ਵਕਤ ਦੇ ਸਫੇ 'ਤੇ ਸਵਾਰ ਹੋ ਜਾਣ, ਜਦੋਂ ਖਲਾਅ ਵਿੱਚ ਵਿਚਰਦਿਆਂ ਅਸੀਮਤਾ ਤੇ ਅਨੰਤਤਾ ਦੀ ਸਮਾਧੀ ਦੇ ਦੀਦਾਰ ਹੁੰਦੇ ਹਨ ਤਾਂ ਦੂਰ ਦੂਰ ਤੱਕ ਮਨ ਦੇ ਅੰਬਰ 'ਤੇ ਪੈ ਜਾਂਦੀਆਂ ਹਨ ਹੈਰਾਨੀ ਤੇ ਵੱਚਿਤਰਤਾ ਦੀਆਂ ਸਤਰੰਗੀਆਂ ਪੀਂਘਾਂ ਜਿਨ੍ਹਾਂ ਦਾ ਜਲੌਅ ਚੇਤਿਆਂ ਦੇ ਅੰਬਰ 'ਤੇ ਹਮੇਸ਼ਾ ਹਮੇਸ਼ਾ ਲਈ ਟਿਕਿਆ ਹੀ ਰਹਿੰਦਾ।

♦♦♦



# 18

## ਬਿਨ ਖੰਭਾਂ ਉਡਿਆ ਜਾ ਸਕਦੈ, ਮਨ ਅੰਦਰ ਜੇ ਹੋਵਣ ਸੁਪਨੇ

ਸੁਪਨਾ ਵੀ ਅਜੀਬ ਸ਼ੈਅ ਹੈ ਜਿਸ ਦਾ ਸੰਸਾਰ ਹੁੰਦਾ ਹੋਇਆ ਵੀ ਨਹੀਂ ਹੁੰਦਾ। ਜਿੰਨਾ ਚਿਰ ਹੁੰਦਾ ਹੈ ਝੁਠਲਾਇਆ ਨਹੀਂ ਜਾ ਸਕਦਾ। ਜਿੰਨੇ ਪਲ ਰਹੇ ਉਂਨੇ ਹੀ ਗਨੀਮਤ। ਜਿੰਨਾ ਚਿਰ ਸੁਪਨੇ ਦੀ ਲੀਲਾ ਰਹਿੰਦੀ ਹੈ ਉੱਨਾ ਚਿਰ ਸੁਪਨੇ ਦਾ ਸਾਕਾਰ ਹੋਇਆ ਸੱਚ ਜਰਾ ਮਾਤਰ ਵੀ ਛਿਣ-ਭੰਗਰਾ ਵੀ ਨਹੀਂ ਲੱਗਦਾ, ਝੂਠ ਨਹੀਂ ਜਾਪਦਾ। ਸੁਪਨੇ ਵਿੱਚ ਵਿਚਰਦਿਆਂ ਇੰਝ ਹੁੰਦਾ ਹੈ ਕਿ ਇਹ ਸੁਪਨਈ ਸੰਸਾਰ ਸੱਜਿਆ ਦਾ ਸੱਜਿਆ ਰਹੇਗਾ। ਇਸ ਅੰਦਰਲੇ ਮੇਲੇ ਸਦਾ ਭਰੇ ਰਹਿਣਗੇ। ਉਸ ਵੇਲੇ ਸੋਚ ਵਿੱਚ ਇਹ ਆਉਂਦਾ ਹੀ ਨਹੀਂ ਕਿ ਸੱਜਿਆ-ਸਜਾਇਆ ਤੇ ਮੇਲੇ ਵਾਂਗ ਭਰਿਆ-ਭਰਾਇਆ ਇਹ ਸੰਸਾਰ ਅਗਲੀ ਘੜੀ ਤਹਿਸ ਨਹਿਸ ਹੋ ਕੇ ਰਹਿ ਜਾਵੇਗਾ।

ਮਨ ਅਕਸਰ ਸੁਪਨਿਆਂ ਮਗਰ ਦੌੜਿਆ ਰਹਿੰਦਾ। ਸੁਪਨੇ ਟਿਕਣ ਨਹੀਂ ਦਿੰਦੇ। ਸੁਪਨੇ ਕਿ ਜਿਹੜੇ ਅਗਾਂਹ ਤੋਂ ਅਗਾਂਹ ਤੋਰੀ ਰਖਦੇ। ਨੀਂਦ ਵਿੱਚ ਆਏ ਨੀਂਦ ਤੱਕ ਨੂੰ ਚੁਰਾ ਲੈਂਦੇ। ਨੀਂਦ ਵਿੱਚ ਵੀ ਮਨ ਨੂੰ ਚੈਨ ਨਹੀਂ ਮਿਲਦੀ ਤੇ ਮਨ ਭੱਜਿਆ ਰਹਿੰਦਾ। ਬੇਪੈਰੇ ਤੇ ਭੋਲ਼ੇ ਇਸ ਸੰਸਾਰ ਬਾਰੇ ਇਹ ਭੋਲ਼ੀ ਜਿੰਦ ਬੋਲ ਉੱਠਦੀ :

ਹੇ ! ਮੇਰੀਏ ਭੋਲ਼ੀਏ ਜਿੰਦੇ
ਸੁਪਨੇ ਕਿਉਂ ਸੌਣ ਨਹੀਂ ਦਿੰਦੇ?

ਇਹ ਸਵਾਲ ਮਾਸੂਮ ਹੈ ਤੇ ਮਾਸੂਮੀਅਤ ਵਿੱਚ ਹੀ ਬੋਲ ਰਿਹਾ ਪਰ ਇਸ ਦਾ ਜਵਾਬ ਵੀ ਸੋਚਣ ਵਾਲਾ ਅਤੇ ਸੁਪਨਿਆਂ ਮਗਰ ਭੱਜੇ ਫਿਰਨ ਵਾਲਾ ਆਪ ਹੀ ਦਿੰਦਾ ਹੋਇਆ ਆਪ ਮੁਹਾਰੇ ਕਹਿ ਉੱਠਦਾ:

ਹੁਣ ਉਡਣੇ ਦੀ ਲੋੜ ਨਾ ਕਾਈ,
ਮਨ ਵਿੱਚ ਹੀ ਉਡਣ ਪਰਿੰਦੇ।

ਮਨ ਵਿੱਚ ਉਡਦੇ ਪਰਿੰਦਿਆਂ ਦਾ ਅਹਿਸਾਸ ਰੱਖਣ ਵਾਲਾ ਪਰ-ਮੁਕਤ ਪਰਵਾਜ਼ ਏਨੀ ਅਸਾਨੀ ਨਾਲ ਭਰ ਸਕਦਾ ਹੈ ਕਿ ਉਸਨੂੰ ਹੋਰ ਕਿਸੇ ਤੋਂ ਮੱਦਦ ਦੀ ਲੋੜ ਹੀ ਨਹੀਂ ਹੁੰਦੀ।

ਸੁਪਨਿਆਂ ਮਗਰ ਭੱਜਣ ਵਾਲੇ ਨੂੰ ਖੂਬਸੂਰਤ ਸੰਸਾਰ ਦੇਖਣ ਨਾਲ ਚੈਨ ਵੀ ਮਿਲਦਾ ਹੈ ਤੇ ਬੇਚੈਨੀ ਵੀ। ਜਿੰਨਾ ਚਿਰ ਉਸ ਖੂਬਸੂਰਤੀ ਦਾ ਨਜ਼ਾਰਾ ਅੱਖਾਂ ਅੱਗੇ ਰਹਿੰਦਾ ਹੈ, ਚੈਨ ਦਾ ਅਹਿਸਾਸ ਬਣਿਆਂ ਹੀ ਰਹਿੰਦਾ । ਜਦੋਂ ਹੀ ਉਹ ਖੂਬਸੂਰਤੀ ਅਲੋਪ ਹੁੰਦੀ ਹੈ ਤਾਂ ਮਨ ਬੇਚੈਨੀ ਦੇ ਆਲਮ ਵਿੱਚ ਗੁਆਚ ਕੇ ਰਹਿ ਜਾਂਦਾ। ਉਹ ਉਦਾਸੀ ਦੀਆਂ ਪਰਤਾਂ ਵਿੱਚ ਇਸ ਤਰ੍ਹਾਂ ਲਿਪਟ ਕੇ ਰਹਿ ਜਾਂਦਾ ਹੈ ਕਿ ਮੁੜ ਉਸਨੂੰ ਆਪਣਾ ਆਪ ਅਸਾਨੀ ਨਾਲ ਨਹੀਂ ਲੱਭਦਾ। ਵੱਡੇ ਕੱਦ ਵਾਲਾ ਸੰਖੇਪਤਾ ਦੀਆਂ ਨਿੱਗਰ ਕਵਿਤਾਵਾਂ ਵਾਲਾ ਕਵੀ ਭਾਈ ਵੀਰ ਸਿੰਘ ਇਸਦੇ ਸਰੂਪ ਨੂੰ ਕੁੱਝ ਇਸ ਤਰ੍ਹਾਂ ਪ੍ਰਗਟਾ ਰਿਹਾ:

ਸੁਪਨੇ ਵਿੱਚ ਤੁਸਾਂ ਮਿਲੇ ਅਸਾਨੂੰ
ਅਸਾਂ ਧਾਹ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ।

ਮਨੋਵਿਗਿਆਨੀ ਸੁਪਨੇ ਦੇ ਸੱਚ ਨੂੰ ਜਾਨਣ ਦਾ ਜਤਨ ਕਰਦੇ ਰਹਿੰਦੇ ਹਨ ਪਰ ਇਹ ਉਨ੍ਹਾਂ ਨੂੰ ਵੀ ਆਪਣੇ ਸੱਚ ਦੇ ਲੜ ਨਹੀਂ ਫੜਾਉਂਦਾ। ਦਰਅਸਲ ਸੁਪਨੇ ਨੂੰ ਆਪ ਵੀ ਨਹੀਂ ਪਤਾ ਹੁੰਦਾ ਕਿ ਉਹ ਕੀ ਹੈ? ਫੇਰ ਕਿਸੇ ਨੂੰ ਆਪਣੇ ਬਾਰੇ ਕੀ ਦੱਸੇ? ਕਿਹੜਾ ਸਰੂਪ ਦੱਸੇ, ਕੀ ਦੇਵੇ ਸਿਰਨਾਵਾਂ? ਇਸ ਦੀ ਪ੍ਰੀਭਾਸ਼ਾ ਲੱਭਦੇ ਲੱਭਦੇ ਬਹੁਤੇ ਖੋਜੀ ਖੁਦ ਹੀ ਸੁਪਨਾ ਹੋ ਗਏ। ਪਰ ਹਾਂ, ਨਾ ਤਾਂ ਸੁਪਨਾ ਹੀ ਆਪਣੀ ਹੋਂਦ ਤੋਂ ਇਨਕਾਰ ਕਰ ਸਕਦਾ ਹੈ ਤੇ ਨਾਂ ਹੀ ਇਹ ਕਿ ਖੋਜੀਆਂ ਨੂੰ ਇਸਦਾ ਕੋਈ ਖੁਰਾ-ਖੋਜ ਲੱਭਦਾ ਹੀ ਨਾ ਹੋਵੇ।

ਦਿਨੇਂ ਹੀ ਸੁਪਨੇ ਲੈਣ ਵਾਲਿਆਂ ਦੀ ਘਾਟ ਨਹੀਂ। ਪੂਰੇ ਹੋਣ ਨਾ ਹੋਣ ਪਰ ਉਹ ਆਪਣੇ ਕੱਦ ਤੋਂ ਵੀ ਵੱਡੇ ਸੁਪਨੇ ਲੈਣ ਤੋਂ ਬਾਜ਼ ਨਹੀਂ ਆਉਂਦੇ। ਕਈ ਵਾਰ ਸਮੇਂ ਦੇ ਪੈਰ ਹੇਠ ਬਟੇਰ ਵੀ ਆ ਜਾਂਦਾ ਹੈ ਤੇ ਕੱਦ ਤੋਂ ਵੱਡਾ ਸੁਪਨਾ ਸਾਹਮਣੇ ਆ ਹਾਜ਼ਰ ਹੁੰਦਾ ਹੈ। ਇਹ ਕੋਈ ਅਤਿਕਥਨੀ ਨਹੀਂ, ਬਹੁਤਿਆਂ ਦੇ ਸੁਪਨੇ ਸਾਕਾਰ ਹੁੰਦੇ ਦੇਖੇ ਤੇ ਸੁਪਨੇ ਦੇ ਬਲਿਹਾਰ ਜਾਣ ਨੂੰ ਜੀਅ ਕੀਤਾ।

ਵੱਡੇ ਸੁਪਨੇ ਲੈਣ ਵਿੱਚ ਕੋਈ ਹਰਜ਼ ਨਹੀਂ ਪਰ ਸ਼ਰਤ ਇਹ ਜ਼ਰੂਰ ਮੰਨ ਕੇ ਚੱਲੇ ਕਿ ਜੇ ਇਹ ਪੂਰੇ ਨਾ ਹੋਏ ਤਾਂ ਲੱਗਣ ਵਾਲੀ ਸੱਟ-ਚੋਟ ਨੂੰ ਟਿੱਚ ਸਮਝਿਆ ਜਾਵੇਗਾ। ਵੱਡੇ ਸੁਪਨੇ ਬਹੁਤ ਵਾਰ ਪੂਰੇ ਹੁੰਦੇ ਵੀ ਨਹੀਂ ਪਰ ਇਸ ਤੋਂ ਘਬਰਾਉਣਾ ਭਵਿੱਖ ਦੀ ਜੇਬ ਵਿੱਚੋਂ ਹਾਸਲ ਕਮਾਉਣ ਦੀ ਸਮਰੱਥਾ ਤੇ ਇੱਛਾ ਗੁਆ ਬੈਠਣਾਂ ਹੋਵੇਗਾ। ਵੱਡੇ ਸੁਪਨੇ ਵੱਡੇ ਦਿਲ ਵਾਲਾ ਲੈ ਸਕਦੈ ਕਿਉਂਕਿ ਉਹ ਕਿਸੇ ਵੇਲੇ ਵੀ ਦਲੇਰੀ ਨੂੰ ਅਵਾਜ਼ ਮਾਰ ਸਕਦੈ। ਅਜਿਹਾ ਬੰਦਾ ਬਿਨਾਂ-ਖੰਭਾਂ ਤੋਂ ਉਡਾਰੀਆਂ ਭਰ ਸਕਦਾ ਤੇ ਉਹ ਵੀ ਵਿਸਾਲ਼ ਧਰਤੀਆਂ 'ਤੇ ਅਤੇ ਉੱਚੇ ਅੰਬਰਾਂ ਵਿੱਚ।



ਛੋਟੇ-ਵੱਡਿਆਂ ਦੀ ਨਹੀਂ ਸਗੋਂ ਜਿਸ ਕੋਲ ਜਿਸ ਤਰ੍ਹਾਂ ਦੇ ਵੀ ਹੋਣ, ਸੁਪਨੇ ਜ਼ਰੂਰ ਹੋਣ। ਇਹ-ਖਿਆਲਾਂ ਭਰੇ ਹੋਣ ਜਾਂ ਵਿਚਾਰਾਂ-ਭਰੇ ਪਰ ਹੋਣ ਜ਼ਰੂਰ। ਇਹ ਤਿਕੋਣੇ ਹੋਣ ਜਾਂ ਚੌਰਸ, ਗੋਲ ਹੋਣ ਜਾਂ ਮੋੜਾਂ ਵਾਲੇ, ਇਹ ਨੋਕੀਲੇ ਹੋਣ ਜਾਂ ਪਥਰੀਲੇ ਪਰ ਇਹ ਹੋਣ ਜ਼ਰੂਰ। ਇਹ ਹੋਣਗੇ ਤਾਂ ਹੀ ਕਲਪਨਾ ਦੀਆਂ ਹਵਾਵਾਂ 'ਤੇ ਸਵਾਰ ਹੋਇਆ ਜਾ ਸਕੇਗਾ, ਉਹ ਥਾਵਾਂ ਗਾਹੀਆਂ ਜਾ ਸਕਣਗੀਆਂ ਜਿਹੜੀਆਂ ਚਿੱਤ ਚੇਤੇ ਵੀ ਨਹੀਂ ਹੁੰਦੀਆਂ। ਅਜਿਹਾ ਕਰਨ ਲਈ ਸੁਪਨਿਆਂ ਦੀਆਂ ਉਡਾਰੀਆਂ ਭਰਦੇ ਰਹਿਣਾ ਚਾਹੀਦਾ ਤੇ ਆਖੀ ਜਾਣਾ ਚਾਹੀਦਾ ਕਿ:

ਬਿਨ ਖੰਭਾਂ ਉਡਿਆ ਜਾ ਸਕਦੈ
ਮਨ ਅੰਦਰ ਜੇ ਹੋਵਣ ਸੁਪਨੇ
ਇਹ ਕਦੇ ਵੀ ਹੋ ਨਹੀਂ ਸਕਣਾ
ਸਹੁੰ ਨਾ ਤੋੜੀ ਜੇ ਕਿਤੇ ਚੁੱਪ ਨੇ ।

♦♦♦

## 19

# ਕੋਈ ਕੰਮ ਕਦੇ ਨਹੀਂ ਰੁਕਦਾ ਜੇ ਹੱਥ ਹੋਵਣ ਕਾਮੇ

ਪਲਾਂ ਤੇ ਤੁਰਨਾ, ਹਰਕਤ 'ਚ ਰਹਿਣਾ ਤੇ ਕੁੱਝ ਕਰਦੇ ਰਹਿਣਾ ਕੰਮ ਹੈ ਜੋ ਹਰ ਕੋਈ ਕਰਦਾ। ਉਹ ਕੰਮ ਆਪ ਹੀ ਕਰਨੇ ਪੈਂਦੇ ਹਨ ਜਿਹੜੇ ਕਿਸੇ ਤੋਂ ਕਰਾਏ ਨਹੀਂ ਜਾ ਸਕਦੇ। ਕੰਮ, ਕੰਮ ਹੈ ਚੰਗਾ ਮਾੜਾ ਨਹੀਂ। ਜਿਹੜੇ ਕੰਮ 'ਤੇ ਚੰਗੇ ਮਾੜੇ ਦੀ ਮੋਹਰ ਲਾਉਂਦੇ ਹਨ ਉਹ ਖੁਦ ਚੰਗੇ ਨਹੀਂ ਹੁੰਦੇ। ਅਜਿਹੀ ਮੋਹਰ ਉਹ ਹੀ ਲਾਉਂਦੇ ਹਨ ਜਿਨ੍ਹਾਂ ਦੇ ਮਨ ਵਿੱਚ, ਮੱਥੇ ਵਿੱਚ ਹਓਮੈ ਦੀ ਬਦਬੋ ਹੋਵੇ। ਕੰਮ ਨਰਮ ਤੇ ਸਖਤ ਹੋ ਸਕਦਾ ਹੈ, ਸੌਖਾ ਤੇ ਔਖਾ ਹੋ ਸਕਦਾ, ਥੋੜਾ ਤੇ ਬਹੁਤਾ ਹੋ ਸਕਦਾ, ਠੀਕ ਤੇ ਗਲਤ ਹੋ ਸਕਦਾ ਹੈ ਪਰ ਚੰਗਾ ਤੇ ਮਾੜਾ ਨਹੀਂ ਹੋ ਸਕਦਾ, ਸਾਫ ਸੁਥਰਾ ਤੇ ਗੰਦਾ ਨਹੀਂ ਹੋ ਸਕਦਾ। ਕੋਈ ਵੀ ਕੰਮ ਹੋਵੇ ਜੇ ਧਿਆਨ, ਲਗਨ ਅਤੇ ਮਿਸ਼ਨ ਨਾਲ ਕੀਤਾ ਜਾਵੇ ਤਾਂ ਉਹ ਸਮਾਧੀ ਜਿਹਾ ਹੋ ਜਾਂਦਾ। ਜਿਹੜੇ ਮਨੁੱਖ ਸਮਾਜ ਦੇ ਹੋਰ ਮਨੁੱਖਾਂ 'ਤੇ ਜੇਬੋਂ ਕੱਢ ਮੋਹਰਾਂ ਲਾਈ ਜਾਂਦੇ ਹਨ ਉਹ ਕੰਮਾਂ ਦੇ ਮੱਥਿਆਂ ਉੱਤੇ ਵੀ ਆਪਣੀ ਘਟੀਆ ਸੋਚ ਦੀਆਂ ਚੇਪੀਆਂ ਚਿਪਕਾਣੋਂ ਨਹੀਂ ਹਟਦੇ।

ਜਿਹੜੇ ਹੱਥ ਕੰਮ ਕਰਦੇ ਹਨ ਉਨ੍ਹਾਂ ਨੂੰ ਕੋਈ ਮਿਹਣਾਂ ਨਹੀਂ। ਉਹ ਉਸਰੱਈਏ ਹੁੰਦੇ ਹਨ ਸਮਾਜ ਦੇ, ਵਿਕਾਸ ਦਾ ਹਿੱਸਾ। ਉਨ੍ਹਾਂ ਦੇ ਹੱਥਾਂ ਦਾ ਹੋਇਆ ਵਿਕਾਸ ਮੂੰਹੋਂ ਬੋਲਦਾ। ਆਪ ਮੁਹਾਰੇ ਹੋਏ ਉਸ ਵਿਕਾਸ ਦਾ ਨਾ ਕੋਈ ਨੀਂਹ ਪੱਥਰ ਰੱਖਿਆ ਹੁੰਦਾ ਹੈ ਅਤੇ ਨਾ ਹੀ ਉਸ ਦਾ ਕੋਈ ਕਿਸੇ ਵਲੋਂ ਉਦਘਾਟਨ। ਅਜਿਹੇ ਵਿਕਾਸ ਦੀ ਵਿਕਾਸ ਯਾਤਰਾ ਕੱਢਣ ਦੀ ਕੋਈ ਲੋੜ ਨਹੀਂ ਹੁੰਦੀ। ਅਸਲ ਵਿੱਚ ਜਿਹੜੇ ਹੱਥ ਅਜਿਹਾ ਵਿਕਾਸ ਕਰਦੇ ਹਨ ਉਹ ਆਪਣੇ ਕੰਮ ਦਾ ਇਸ਼ਤਿਹਾਰ ਨਹੀਂ ਬਣਦੇ ਅਤੇ ਨਾਲੇ ਉਹ ਵਿਕਾਸ ਯਾਤਰਾ ਤਾਂ ਕੱਢਣ ਜੋਗੇ ਹੀ ਨਹੀਂ ਹੁੰਦੇ। ਇਹ ਉਨ੍ਹਾਂ ਹੱਥਾਂ ਦੀ ਬਰਕਤ ਹੈ ਜਿਹੜੇ ਮੰਗਦੇ ਘੱਟ ਤੇ ਦਿੰਦੇ ਜ਼ਿਆਦਾ। ਹੱਥਾਂ ਨਾਲ ਕੀਤੇ ਜਾਂਦੇ ਔਖੇ ਤੇ ਕਰੜੇ ਕੰਮਾਂ ਦਾ ਮੁੱਲ ਉੱਨਾ ਨਹੀਂ ਮਿਲਦਾ ਜਿੰਨਾ ਮਿਲਣਾਂ ਚਾਹੀਦਾ। ਮੋਹਰਾਂ ਨਾਲ ਗਰਦਾਨੇ ਮਾੜੇ ਕੰਮਾਂ ਵਲੋਂ ਚੰਗੇ ਕੰਮਾਂ ਦੀ ਵੀ ਪੇਸ਼ ਨਹੀਂ ਜਾਣ ਦਿੱਤੀ ਜਾਂਦੀ। ਉਨ੍ਹਾਂ ਚੰਗੇ ਕੰਮਾਂ ਲਈ ਵੀ ਉੱਨੇ ਦਾਮ ਨਹੀਂ ਮਿਲਦੇ ਜਿੰਨਿਆਂ ਦੇ ਉਹ ਹੁੰਦੇ ਹਨ ਹੱਕਦਾਰ। ਏਹੀ ਕਾਰਨ ਹੈ ਕਿ ਹੱਥੀਂ ਸਖਤ ਕੰਮ ਕਰਨ ਵਾਲਿਆਂ ਨੂੰ ਅਜੇ ਜੱਦੋਜਹਿਦ ਤਾਂ ਕਿਤੇ ਵੱਧ ਕਰਨੀ ਪੈਂਦੀ ਹੈ ਪਰ ਇਵਜ਼ਾਨਾ ਪੂਰਾ ਕਦੇ ਨਹੀਂ ਮਿਲਦਾ। ਅਜਿਹੇ ਕੰਮ ਕਰਨ ਵਾਲਿਆਂ ਨੂੰ ਵੀ ਕੰਮ



'ਤੇ ਲੱਗੀ ਮੋਹਰ ਵਾਂਗ ਉਸ ਮੋਹਰ ਦੇ ਸਾਏ 'ਚ ਤੁਰਨਾ ਪੈਂਦਾ ਹੈ ਜਿਹੜੀ ਕਦੇ ਵੀ ਉਨ੍ਹਾਂ ਦੀ ਪਸੰਦ ਨਹੀਂ ਹੁੰਦੀ।

ਸਮਾਜ ਦੇ ਵਿਕਾਸ ਦਾ ਚਿਹਰਾ-ਮੋਹਰਾ ਨਿਖਾਰਨ ਵਾਲੇ ਕਾਮੇ ਦੀ ਕਦਰ ਅਜੇ ਉਹ ਨਹੀਂ ਬਣ ਸਕੀ ਜਿਹੜੀ ਹੁਣ ਤੱਕ ਬਣ ਗਈ ਹੁੰਦੀ। ਕਈ ਵਿਕਸਤ ਦੇਸ਼ਾਂ ਵਿੱਚ ਮਜ਼ਦੂਰ ਜਾਂ ਕਾਮੇ ਲੰਮੀਆਂ ਜੱਦੋ ਜਹਿਦਾਂ ਜਾਂ ਕੋਸ਼ਿਸ਼ਾਂ ਬਾਅਦ ਉਨ੍ਹਾਂ ਸਮਾਜਾਂ ਦਾ ਕਦਰਦਾਨ ਅੰਗ ਬਣ ਗਏ ਹਨ ਜਿਹੜੇ ਵਿਕਾਸ ਕਰ ਗਏ। ਵਿਕਾਸ ਦੇ ਰਾਹ ਪਏ ਮੁਲਕਾਂ ਵਿੱਚ ਅਜਿਹਾ ਕੁੱਝ ਨਹੀਂ ਹੋ ਸਕਿਆ। ਕਾਰਨ ਇਹ ਹੀ ਹੈ ਕਿ ਵਿਕਾਸਸ਼ੀਲ ਮੁਲਕਾਂ ਦੇ ਹਾਕਮ ਅਜਿਹੇ ਵਿਕਸਤ ਢਾਂਚੇ ਤੇ ਸਾਂਚੇ ਕਾਇਮ ਹੀ ਨਹੀਂ ਕਰ ਸਕੇ ਜਿੱਥੇ ਵਿਕਾਸ ਦੇ ਥੰਮ ਕਾਮੇ ਦੀ ਕਦਰ ਦਾ ਮਾਹੌਲ ਬਣ ਸਕੇ। ਜਿਹੜੇ ਸਿਰਫ ਮੱਥੇ 'ਚ ਚੜ੍ਹਕੇ ਬੈਠੇ ਹਨ, ਕੇਵਲ ਸੋਚ ਦਾ ਖੱਟਿਆ ਖਾਂਦੇ ਹਨ ਉਨ੍ਹਾਂ ਨੂੰ ਹੱਥਾਂ ਦੇ ਕੰਮਾਂ ਦੀ ਕਦਰ ਤੇ ਕਲਾ ਦਾ ਇਲਮ ਨਹੀਂ ਹੋ ਸਕਦਾ। ਜੇ ਹੋ ਵੀ ਜਾਵੇ ਤਾਂ ਉਹ ਉਸ ਕਲਾ ਦੀ ਕਦਰ ਕਰਨ ਲਈ ਤਿਆਰ ਨਹੀਂ ਹੁੰਦੇ, ਕਿਉਂਕਿ ਅਜਿਹਾ ਹੋਣ ਨਾਲ ਉਨ੍ਹਾਂ ਦੇ ਹੱਥੋਂ ਮੋਹਰਾਂ ਲਾਉਣ ਦਾ ਕੰਮ ਹੀ ਗੁਆਚ ਕੇ ਰਹਿ ਜਾਵੇਗਾ।

ਸਮਾਜ ਦੇ ਹਰ ਕੰਮ ਪਿੱਛੇ ਕਾਮੇ ਦੇ ਹੱਥ ਹੁੰਦੇ ਹਨ ਜਿਹੜੇ ਕੰਮ ਨੂੰ ਰਾਹ ਵਿੱਚ ਰੁਕਣ ਨਹੀਂ ਦਿੰਦੇ। ਜਿੰਨਾ ਚਿਰ ਕੰਮ ਸਿਰੇ ਨਾ ਲੱਗ ਜਾਏ, ਨੇਪਰੇ ਨਾ ਚੜ੍ਹ ਜਾਏ ਉਹ ਆਪਣੇ ਯਤਨਾਂ ਤੋਂ ਪਿੱਛੇ ਨਹੀਂ ਹਟਦੇ। ਉਹ ਕੰਮ ਨੂੰ ਮਿਸ਼ਨ ਸਮਝਦੇ ਹਨ ਅਤੇ ਉਸਨੂੰ ਪੂਰਾ ਕਰਨਾ ਆਪਣਾ ਧਰਮ। ਸਮਾਜ ਦੇ ਹਰ ਵਿਕਾਸ ਪਿੱਛੇ ਕਾਮੇ ਦੇ ਹੱਥਾਂ ਦੀ ਮੋਹਰ ਹੁੰਦੀ ਹੈ ਜਿਸਨੂੰ ਥਾਂ-ਥਾਂ ਬੜੀ ਅਸਾਨੀ ਨਾਲ ਦੇਖਿਆ ਜਾ ਸਕਦੈ।

ਵਿਹਲੜ ਸਮਾਜ 'ਤੇ ਬੋਝ ਹੁੰਦੇ ਹਨ ਜਿਨ੍ਹਾਂ ਨੂੰ ਜੇ ਨਿੰਦਿਆ ਵੀ ਜਾਵੇ ਤਾਂ ਮਾੜਾ ਨਹੀਂ। ਉਹ ਆਪਣਾ ਤਾਂ ਕੀ ਕਿਸੇ ਦਾ ਵੀ ਕੁੱਝ ਨਹੀਂ ਸੁਆਰਦੇ। ਵਕਤ-ਕਟੀ ਉਨ੍ਹਾਂ ਦਾ ਕਰਮ ਹੁੰਦਾ ਹੈ ਅਤੇ ਦੂਜਿਆਂ ਵਲ ਤਕਾਣਾ ਉਨ੍ਹਾਂ ਦਾ ਧਰਮ। ਭਲਾਂ ਇਹੋ ਜਹੇ ਮਨੁੱਖਾਂ ਤੋਂ ਸਮਾਜ ਨੇ ਕੀ ਲੈਣਾ। ਫੇਰ ਕਿਉਂ ਇਨ੍ਹਾਂ ਨੂੰ ਆਪਣੇ ਸਿਰ 'ਤੇ ਬੋਝ ਵਾਂਗ ਬਿਠਾਈ ਰੱਖੇ।

ਸਾਰੇ ਹੀ ਕੰਮ ਉਦੋਂ ਬੜੀ ਹੀ ਅਸਾਨੀ ਨਾਲ ਹੋ ਜਾਂਦੇ ਹਨ ਜਦ ਹੱਥ ਕਾਮੇ ਬਣ ਜਾਣ। ਜਿਹੜੇ ਵੀ ਮਨੁੱਖ ਦੇ ਹੱਥ ਕਾਮੇ ਬਣ ਜਾਂਦੇ ਹਨ ਉਹ ਕਦੇ ਦੂਜਿਆਂ ਦੇ ਆਸਰੇ ਦੀ ਝਾਕ ਨਹੀਂ ਰੱਖਦਾ। ਉਹ ਆਪਣੇ ਕਾਮੇ ਹੱਥਾਂ ਨੂੰ ਅਜਿਹੀਆਂ ਆਦਤਾਂ ਦੇ ਆਲਮ ਵਿੱਚ ਲੈ ਜਾਂਦਾ ਹੈ ਜਿੱਥੇ ਹੱਥਾਂ ਵਿੱਚੋਂ ਕਿਰਤ ਉਗਦੀ ਹੈ ਤੇ ਕਲਾ, ਵਿਕਾਸ ਜਨਮ ਧਾਰਦਾ ਹੈ ਅਤੇ ਸਿਖਰਾਂ ਛੋਹਣ ਦੀ ਸਮਰੱਥਾ। ਅਜਿਹੇ ਹੱਥਾਂ ਅੱਗੇ ਕਦੇ ਵੀ ਨਾਂਹ ਨਹੀਂ ਆਉਂਦੀ। ਕੋਈ ਕੰਮ ਅਰੁਕ ਨਹੀਂ ਹੁੰਦਾ। ਕੋਈ ਕੰਮ ਅਸੰਭਵ ਨਹੀਂ ਬਣਦਾ ਸਗੋਂ ਅਜਿਹੀ ਸਿਰਜਕ ਸਥਿਤੀ ਵਿੱਚ ਤਾਂ ਦਿਲ ਵਾਰ-ਵਾਰ ਇਹ ਹੀ ਆਖਦਾ ਹੈ ਕਿ ਕੋਈ ਕੰਮ ਕਦੇ ਨਾ ਰੁਕਦਾ ਜੇ ਹੱਥ ਹੋਵਣ ਕਾਮੇ।

## 20

# ਰਚਨਾ ਹੀ ਖ਼ੁਦ ਕਲਗੀ ਹੁੰਦੀ, ਇਨਾਮ ਨਾ ਬਣਦਾ ਕੁੱਲਾ

ਰਚਨਾ ਕਿਸੇ ਕਿਸਮ ਦੀ ਵੀ ਹੋਵੇ, ਓਹੀ ਕਰ ਸਕਦਾ ਜਿਸ ਕੋਲ ਕੁੱਝ ਕਰਨ ਤੇ ਕਹਿਣ ਦੀ ਸਮਰੱਥਾ ਹੋਵੇ। ਨਵੇਂ ਖਿਆਲ ਹੋਣ, ਸੋਚਾਂ ਹੋਣ ਤੇ ਤਾਜ਼ਾਤਰੀਨ ਵਿਚਾਰ ਹੋਣ। ਢੰਗ-ਤਰੀਕਾ ਹੋਵੇ, ਸਲੀਕਾ ਹੋਵੇ ਅਤੇ ਸ਼ਿਲਪ 'ਚ ਮੁਹਾਰਤ ਹੋਵੇ। ਕਰਨ, ਕਹਿਣ ਤੇ ਲਿਖਣ ਦੀ ਜਾਚ ਨਾ ਹੋਵੇ ਤਾਂ ਵਲਵਲੇ ਚੁੱਪ ਦੀ ਗੁਫਾ 'ਚ ਬੈਠੇ ਰਹਿਣਗੇ ਅਤੇ ਬੌਧਿਕਤਾ ਧਰੀ ਧਰਾਈ ਰਹਿ ਜਾਵੇਗੀ। ਕੋਈ ਵੀ ਕਲਾ ਹੱਥ ਵਿੱਚ ਨਾ ਹੋਵੇ ਤੇ ਕੋਈ ਮਾਧਿਅਮ ਸਾਥ ਦੇਣ ਲਈ ਤਿਆਰ ਨਾ ਹੋਵੇ ਤਾਂ ਗੱਲ ਕਿਸੇ ਸਿਰੇ ਨਹੀਂ ਲੱਗ ਸਕਦੀ।

ਜਿਸ ਸਿਰਜਕ 'ਤੇ ਰਚਨਾ ਸਵਾਰ ਹੋ ਜਾਵੇ ਉਹ ਸੌ ਵਲ਼-ਫੇਰ ਪਾ ਕੇ ਕੋਈ ਨਾ ਕੋਈ ਰਾਹ ਲੱਭ ਲੈਂਦਾ ਹੈ ਪਰ ਜੇ ਨਾ ਲੱਭੇ ਤਾਂ ਉਹ ਬਣਾ ਲੈਂਦਾ ਹੈ ਤਾਂ ਕਿ ਉਸ ਦੀ ਰਚਨਾ ਤੁਰਨ ਦੇ ਕਾਬਲ ਹੋ ਸਕੇ। ਰਚਨਾ ਤੁਰਦੀ ਹੈ ਕਦੇ ਰਵਾਇਤ ਦੇ ਸਾਏ ਹੇਠ, ਕਦੇ ਰੀਤਾਂ-ਰਸਮਾਂ ਨੂੰ ਗਲਵਕੜੀ ਪਾ ਕੇ ਤੇ ਕਦੇ ਨਵੇਂ ਬੋਧ ਦੀ ਤਲਾਸ਼ ਵਿੱਚ। ਜਿਸ ਰਚਨਾ ਵਿੱਚ ਮੌਲਿਕਤਾ ਹੁੰਦੀ ਹੈ ਉਹ ਦਮਦਾਰ ਹੋਣ ਕਾਰਨ ਲੋਕਾਂ ਵਿੱਚ ਮਕਬੂਲ ਹੋਣ ਤੋਂ ਵਿਰਵੀ ਨਹੀਂ ਰਹਿੰਦੀ। ਅਜਿਹੀ ਰਚਨਾ ਨੂੰ ਲੋਕ ਸਮੂਹ ਪ੍ਰਵਾਨ ਹੀ ਨਹੀਂ ਕਰਦੇ ਸਗੋਂ ਆਪਣੀ ਸੋਚ ਦਾ ਹਿੱਸਾ ਵੀ ਬਣਾ ਲੈਂਦੇ ਹਨ ਤੇ ਜੀਵਨ ਦਾ ਆਦਰਸ਼ ਵੀ।

ਕਿਸੇ ਵੀ ਤਰ੍ਹਾਂ ਦੀ ਹੋਵੇ ਰਚਨਾ ਤਾਂ ਰਚਨਾ ਹੀ ਹੁੰਦੀ ਹੈ ਜਿਹੜੀ ਰੂਪ ਧਾਰਨ ਤੋਂ ਬਾਅਦ ਇਕੱਲੇ ਕਰਤਾ ਦੀ ਨਹੀਂ ਰਹਿੰਦੀ ਸਗੋਂ ਪਾਠਕ ਦੀ ਵੀ ਹੁੰਦੀ ਹੈ ਤੇ ਆਲੋਚਕ ਦੀ ਵੀ, ਸਰੋਤੇ ਦੀ ਵੀ ਹੁੰਦੀ ਹੈ ਤੇ ਦਰਸ਼ਕ ਦੀ ਵੀ। ਇੱਕ ਮਿਆਰ ਰਚਨਾ ਵਿੱਚ ਪਿਆ ਹੁੰਦਾ ਹੈ ਜਿਸ ਦੇ ਮੁਲਾਂਕਣ ਤੇ ਪਰਖ ਬਾਅਦ ਉਸ ਦਾ ਮੁੱਲ ਸਭ ਨੇ ਪਾਉਣਾ ਹੁੰਦਾ। ਜਿਨ੍ਹਾਂ ਕੋਲ ਪਰਖ ਦੀ ਨਜ਼ਰ ਤੇ ਸਮਰੱਥਾ ਹੋਵੇਗੀ ਉਹ ਹੀ ਰਚਨਾ ਨਾਲ ਨਿਆਂ ਕਰ ਸਕਣਗੇ। ਜਿਹੜੇ ਆਪਣੇ ਆਪ ਤੋਂ ਉੱਪਰ ਉੱਠ ਕੇ ਕੇਵਲ ਰਚਨਾ ਤੇ ਉਸਦੇ ਮਿਆਰ ਦੀ ਚਰਚਾ ਕਰਨਗੇ ਉਨ੍ਹਾਂ ਦੀ ਨਿਰਪੱਖਤਾ ਹਰ ਸੂਰਤ ਮੈਦਾਨ ਵਿੱਚ ਨਿਤਰਨ ਦਾ ਯਤਨ ਕਰੇਗੀ।



ਜਿਹੜੀ ਰਚਨਾ ਵਿੱਚ ਤੱਤ ਹੋਣਗੇ, ਕਣੀ ਹੋਵੇਗੀ ਤੇ ਰਚਨਾਤਮਿਕਤਾ ਹੋਵੇਗੀ ਉਹ ਲੋਕ ਦਿਲਾਂ ਵਿੱਚ ਥਾਂ ਬਣਾ ਲਵੇਗੀ। ਅਜਿਹਾ ਹੋਣ ਲਈ ਕਿਸੇ ਨੂੰ ਮਨਾਉਣ ਦੀ ਲੋੜ ਨਹੀਂ। ਮਿਆਰੀ ਰਚਨਾ ਆਪ ਬੋਲੇਗੀ ਤੇ ਉਸ ਨੂੰ ਚਰਚਾ ਵਿੱਚ ਆਉਣ ਲਈ ਛੋਟੀਆਂ ਵੱਡੀਆਂ ਤੂਤੀਆਂ ਤੇ ਫੌੜ੍ਹੀਆਂ ਦੀ ਲੋੜ ਨਹੀਂ ਪਵੇਗੀ। ਉਸ ਅੰਦਰ ਪਏ ਮਿਆਰਾਂ ਤੇ ਗੁਣਾਂ ਨੇ ਉਭਰਨਾ ਹੀ ਹੁੰਦਾ ਹੈ ਤੇ ਪਾਰਖੂਆਂ ਦੀ ਬਹੁਗਿਣਤੀ ਉਨ੍ਹਾਂ ਨੂੰ ਉਜਾਗਰ ਕਰਨ ਬਿਨਾ ਨਹੀਂ ਰਹਿੰਦੀ। ਮਿਆਰਾਂ ਤੇ ਗੁਣਾਂ ਦੀ ਉਚਾਈ ਕਾਰਨ ਹੀ ਰਚਨਾ ਅੰਦਰ ਪਈ ਕਲਗੀ ਪਾਠਕਾਂ/ ਆਲੋਚਕਾਂ ਤੱਕ ਵੀ ਪਹੁੰਚ ਜਾਂਦੀ ਹੈ ਤੇ ਸਰੋਤਿਆਂ-ਦਰਸ਼ਕਾਂ ਤੱਕ ਵੀ।

ਕਲਗੀ ਵਾਲੀ ਰਚਨਾ ਨੂੰ ਕੋਈ ਇਨਾਮਾਂ ਸਨਮਾਨਾਂ ਲਈ ਗੌਲ਼ੇ ਨਾ ਗੌਲ਼ੇ ਉਸ ਨੂੰ ਕੋਈ ਫਰਕ ਨਹੀਂ ਪੈਂਦਾ। ਇਸ ਦੇ ਉਲਟ ਅਜਿਹੀ ਰਚਨਾ ਨੂੰ ਅੱਖੋਂ ਓਹਲੇ ਕਰਨ ਵਾਲੇ ਪਾਰਖੂਆਂ ਦਾ ਨੰਗੇਜ਼ ਪ੍ਰਗਟ ਹੋਏ ਬਿਨਾਂ ਨਹੀਂ ਰਹਿੰਦਾ। ਪਤਾ ਲੱਗ ਜਾਂਦਾ ਹੈ ਕਿ ਇਨਾਮ ਦੇਣ ਵਾਲੇ ਵੱਡੇ ਧੜੇਬਾਜ਼ ਹਨ, ਦਗੇਬਾਜ਼ ਹਨ ਜਿਨ੍ਹਾਂ ਕਲਗੀ ਵਾਲੀ ਸਿਰਜਣਾ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਹੀ ਬੌਣੇਪਨ ਤੇ ਅਗਿਆਨ ਦਾ ਅਹਿਸਾਸ ਕਰਵਾ ਦਿੱਤਾ। ਅਜਿਹੀਆਂ ਕਲਗੀਧਾਰੀ ਰਚਨਾਵਾਂ ਉਦੋਂ ਤੱਕ ਅਣਗੌਲੀਆਂ ਕੀਤੀਆਂ ਜਾਂਦੀਆਂ ਰਹਿਣਗੀਆਂ ਜਦ ਤੱਕ ਵੱਡੀਆਂ ਥਾਵਾਂ ਉੱਤੇ ਬੌਣੇ ਕੱਦ ਵਾਲੇ ਊਣੇ-ਪੌਣੇ ਸਿਫਾਰਸ਼ੀ 'ਵਿਦਵਾਨ' ਬਿਠਾਏ ਜਾਣੇ ਬੰਦ ਨਹੀਂ ਕੀਤੇ ਜਾਂਦੇ।

ਇਨਾਮ ਮਿਲਣ ਨਾਲ ਕਦੇ ਕੋਈ ਰਚਨਾ ਵੱਡੀ, ਉੱਚੀ ਤੇ ਨਵੀਂ ਨਹੀਂ ਹੁੰਦੀ। ਉਹ ਉਹੀ ਰਹਿੰਦੀ ਹੈ ਜਿਸ ਤਰ੍ਹਾਂ ਦੀ ਹੋਵੇ। ਓਡੀ ਰਹਿੰਦੀ ਹੈ ਜਿੱਡਾ ਉਹਦਾ ਕੱਦ ਹੋਵੇ। ਆਪਣੇ ਵਿਚਲੇ ਮਿਆਰ ਤੋਂ ਜ਼ਰਾ ਮਾਤਰ ਵੀ ਨਹੀਂ ਵਧਦੀ। ਹਾਂ, ਏਨਾ ਜ਼ਰੂਰ ਹੈ ਕਿ ਉਸ ਦੀ ਚਰਚਾ ਜ਼ਰੂਰ ਹੋ ਜਾਂਦੀ ਹੈ ਜਿਸਦਾ ਨਾ ਉਸਦੇ ਸਿਰਜਕ ਨੂੰ ਤੇ ਨਾ ਹੀ ਉਸ ਨਾਲ ਸਬੰਧਤ ਕਲਾ ਤੇ ਸਾਹਿਤ ਨੂੰ ਫ਼ਾਇਦਾ ਹੁੰਦਾ। ਉਲਟਾ ਮਾੜੀ ਰਚਨਾ ਨੂੰ ਇਨਾਮ ਮਿਲਣ ਨਾਲ ਉਸ ਭਾਸ਼ਾ, ਕਲਾ ਤੇ ਸਿਨਫ ਦਾ ਜ਼ਰੂਰ ਜਲੂਸ ਨਿਕਲ ਕੇ ਰਹਿ ਜਾਂਦਾ।

ਲਘੂ ਤੇ ਮਾੜੀ ਰਚਨਾ ਨੂੰ ਕੇਵਲ ਉਦੋਂ ਹੀ ਇਨਾਮ ਮਿਲਦਾ ਹੈ ਜਦੋਂ ਸਿਫਾਰਸ਼ਾਂ ਚਲਦੀਆਂ ਹੋਣ ਤੇ ਗੁਟਬੰਦੀ ਪੁਗਾਣੀ ਹੁੰਦੀ ਹੋਵੇ। ਅਜਿਹੇ ਮੌਕੇ ਪਾਰਖੂਆਂ ਨੂੰ ਵਰਤਿਆ ਜਾਂਦਾ, ਮਾੜੀ ਰਚਨਾ ਦੀ ਫੂਕ-ਨੁਮਾ ਪੈਂਠ ਬੰਨ੍ਹੀ ਜਾਂਦੀ ਹੈ ਅਤੇ ਖਾਹਮਖਾਹ ਹੀ ਬਿਨਾ ਕਿਸੇ ਸਮੱਗਰੀ ਦੇ ਉਸਾਰੇ ਜਾਂਦੇ ਹਨ ਪੁਲ। ਝੂਠੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਡਫਲੀ ਉੱਤੇ ਲੋੜ ਤੋਂ ਬਿਨਾ ਹੀ ਛੇੜਿਆ ਜਾਂਦਾ ਹੈ ਰਾਗ-ਦਰਬਾਰੀ। ਕੇਵਲ ਤੇ ਕੇਵਲ ਮਾੜੀ ਰਚਨਾ ਸਿਰ ਕੁੱਲਾ ਦਿਖਾਉਣ ਲਈ ਮਾੜੀ ਰਚਨਾ ਦਾ ਫੋਕਾ ਹੀ ਗੁੱਡਾ ਬੰਨ੍ਹਿਆ ਜਾਂਦਾ ਅਤੇ ਦਿਨ-ਦਿਹਾੜੇ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦਾ ਯਤਨ ਕੀਤਾ ਜਾਂਦਾ।

ਸਮਾਂ ਕਦੇ ਕਿਸੇ ਨੂੰ ਮਾਫ ਨਹੀਂ ਕਰਦਾ। ਮਾੜੀ ਰਚਨਾ ਨੂੰ ਚਰਚਾ 'ਚ ਲਿਆਉਣ ਵਾਲਿਆਂ ਨੂੰ ਵੀ ਨਹੀਂ। ਹਾਂ, ਮਾੜੀਆਂ ਰਚਨਾਵਾਂ ਨੂੰ, ਲਘੂ-ਕਿਰਤਾਂ ਨੂੰ ਅਤੇ ਬੇਸੁਰੀਆਂ ਸਿਰਜਣਾਵਾਂ ਨੂੰ ਇਨਾਮ-ਸਨਮਾਨ ਦੇ ਵੀ ਦਿੱਤੇ ਜਾਣ ਤਾਂ ਵੀ ਕੁੱਝ ਹੀ ਅਰਸੇ ਬਾਅਦ ਧੂੜ 'ਚ ਗੁਆਚੇ ਟੱਟੂ ਵਾਂਗ ਇਹ ਕਿਧਰੇ ਨਹੀਂ ਲੱਭਣਗੀਆਂ ਸਗੋਂ ਹੋਰ ਵੀ ਬੇਮਾਅਨਾ ਹੋ ਕੇ ਰਹਿ ਜਾਣਗੀਆਂ।

ਨਾ ਤਾਂ ਕਿਸੇ ਰਚਨਾ ਦੀ ਕਲਗੀ ਖੋਹੀ ਜਾ ਸਕਦੀ ਹੈ ਤੇ ਨਾ ਹੀ ਕਿਸੇ ਮਾੜੀ ਰਚਨਾ ਸਿਰ ਕੁੱਲਾ ਸਜਾਇਆ ਜਾ ਸਕਦਾ ਹੈ :-

ਓਹੀ ਰਚਨਾ ਸਭ ਨੂੰ ਪੋਹੇ
ਜਿਸ ਦੀ ਸੋਚ ਦਾ ਦਾਇਰਾ ਖੁੱਲ੍ਹਾ
ਉੱਚੇ ਖਿਆਲ ਸ਼ਿਲਪ ਵੀ ਪੂਰੀ
ਆਏ ਤਾਜ਼ਗੀ ਦਾ ਕੋਈ ਬੁੱਲਾ
ਰਾਹ ਬਣਾਵੇ ਅੱਖਾਂ ਖੋਲ੍ਹੇ
ਹੋਵੇ ਐਸਾ ਗਿਆਨ ਅਮੁੱਲਾ
ਰਚਨਾ ਹੀ ਖੁਦ ਕਲਗੀ ਹੁੰਦੀ
ਇਨਾਮ ਕਦੇ ਨਾ ਬਣਦਾ ਕੁੱਲਾ।

♦♦♦



## 21

# ਆਓ ਸੋਚੀਏ ਕਿੱਦਾਂ ਦੀ ਹੋਊ ਵਲਵਲਿਆਂ ਦੀ ਰੈਲੀ

ਵਲਵਲੇ ਰੰਗ-ਰਲ਼ੇ। ਵਲਵਲੇ ਦਿਨ-ਚੜ੍ਹੇ, ਵਲਵਲੇ ਦਿਨ-ਢਲੇ। ਵਲਵਲੇ ਮੋਹ-ਪਲੇ, ਵਲਵਲੇ ਦਿਲ-ਜਲੇ। ਵਲਵਲਿਆਂ ਦੇ ਬਾਗ 'ਚ ਤਰ੍ਹਾਂ ਤਰ੍ਹਾਂ ਦੇ ਫੁੱਲ। ਵਲਵਲਿਆਂ ਦੇ ਜੰਗਲ ਵਿੱਚੋਂ ਲੰਘਣਾਂ ਬੜਾ ਮੁਸ਼ਕਲ। ਹਰ ਇੱਕ 'ਤੇ ਵਲਵਲਿਆਂ ਦੀ ਕਾਠੀ, ਹਰ ਕੋਈ ਵਲਵਲਿਆਂ ਦਾ ਸਾਥੀ। ਵਲਵਲਿਆਂ ਦਾ ਸੰਸਾਰ ਵਚਿੱਤਰ, ਕਿਸੇ ਦਾ ਦੁਸ਼ਮਣ ਕਿਸੇ ਦਾ ਮਿੱਤਰ।

ਦਿਲ 'ਚੋਂ ਉਠਦੀਆਂ ਤਰੰਗਾਂ। ਤਰੰਗਾਂ 'ਚੋਂ ਉਗਮਣ ਵਲਵਲੇ। ਕੋਮਲ, ਨਾਜ਼ਕ ਤੇ ਮਨਚਲੇ। ਦਿਲ 'ਚ ਹੋਣ ਪੈਦਾ, ਦਿਲ 'ਚ ਹੀ ਮਚਲਦੇ। ਦਿਲ ਹੀ ਇਨ੍ਹਾਂ ਦਾ ਸੋਮਾ ਦਿਲ ਹੀ ਇਨ੍ਹਾਂ ਦਾ ਪਾਲਕ। ਦਿਲ ਹੀ ਇਨ੍ਹਾਂ ਦਾ ਮਾਲਕ , ਦਿਲ ਹੀ ਇਨ੍ਹਾਂ ਦਾ ਚਾਲਕ। ਜਦੋਂ ਪਲ ਵਲਵਲਿਆਂ ਵਿੱਚ ਘਿਰੇ ਹੋਣ ਤਾਂ ਫੁੱਲੇ ਨਾ ਸਮਾਉਂਦੇ। ਦਿਲ ਦੇ ਰੰਗ ਹਜ਼ਾਰ ਤੇ ਵਲਵਲਿਆਂ ਦੇ ਦੱਸੇ ਕੌਣ?

ਵਲਵਲਿਆਂ ਬਿਨ ਦਿਲ ਕਾਹਦਾ? ਜਦੋਂ ਵਲਵਲਿਆਂ ਨੇ ਟਿਕਾਣੇ ਦੀ ਤਲਾਸ਼ ਕੀਤੀ ਤਾਂ ਦਿਲ ਬਿਨਾਂ ਕੋਈ ਟਿਕਾਣਾ ਨਾ ਮਿਲਿਆ। ਅਜਿਹਾ ਟਿਕਾਣਾ ਜਿਹੜਾ ਮੁੜ ਕਦੇ ਨਾ ਛੱਡਿਆ। ਦਿਲ ਤੇ ਵਲਵਲੇ ਇੱਕ-ਮਿਕ ਹੋ ਗਏ ਪਰ ਫੇਰ ਵੀ ਵਲਵਲੇ ਦਿਲ ਨੂੰ ਟਿਕਣ ਨਾ ਦਿੰਦੇ। ਕਈ ਵਾਰ ਟੇਢੇ ਪ੍ਰਸ਼ਨ ਵੀ ਕਰਦੇ ਕਿ ਕਿੱਥੇ ਜਾਏਂਗੀ ਹੁਣ ਏਡੀ ਭੋਲ਼ੀਏ ਜਿੰਦੇ?

ਜਿਹੜੇ ਲੋਕ ਵੀ ਵਲਵਲਿਆਂ ਦੀ ਸਵਾਰੀ ਕਰਦੇ ਹਨ ਉਹ ਇਨ੍ਹਾਂ ਦੀਆਂ ਪਰਤਾਂ ਵਿੱਚ ਵਿਚਰਨਾਂ ਨਹੀਂ ਭੁੱਲਦੇ। ਉਹ ਇਹ ਵੀ ਜਾਨਣ ਦਾ ਯਤਨ ਕਰਦੇ ਹਨ ਕਿ ਇਨ੍ਹਾਂ ਦਾ ਸਰੂਪ ਕੀ ਹੈ ਤੇ ਸੁਭਾਅ ਕੀ, ਇਨ੍ਹਾਂ ਦੀ ਉਡਾਣ ਕੀ ਹੈ ਤੇ ਵਹਿਣ ਕੀ? ਉਹ ਇਨ੍ਹਾਂ 'ਚੋਂ ਨਿਰਮਲਤਾ ਵੀ ਲੱਭ ਲੈਂਦੇ ਹਨ ਅਤੇ ਨਿਰਛਲਤਾ ਵੀ, ਇਨ੍ਹਾਂ ਦੀ ਪਾਰਦਰਸ਼ਤਾ ਵੀ ਤੇ ਸੀਮਾਂ ਵੀ।

ਵਲਵਲਿਆਂ 'ਚੋਂ ਹੁਨਰ ਭਾਲਣਾਂ ਹਰ ਕਿਸੇ ਦਾ ਕੰਮ ਨਹੀਂ। ਕਿਸੇ ਕਿਸੇ ਦਾ ਨਸੀਬ ਹੁੰਦਾ ਹੈ ਹੁਨਰ। ਜਿਸ ਦੇ ਹੱਥ ਹੁਨਰ ਆ ਜਾਵੇ ਉਹ ਕਦੇ ਮਾਰ ਨਹੀਂ ਖਾਂਦਾ। ਉਸ ਦੀ ਕਾਰਗੁਜ਼ਾਰੀ ਵੱਖਰੀ ਉਸ ਦਾ ਵੱਖਰਾ ਹੀ ਵਰਤਾਰਾ। ਵਲਵਲਿਆਂ ਬਿਨਾਂ ਹੁਨਰ ਉਗਮ ਨਹੀਂ ਸਕਦਾ। ਸ਼ਬਦ ਹੋਣ ਜਾਂ ਸੁਰਾਂ, ਅਦਾਵਾਂ ਹੋਣ ਜਾਂ ਛੋਹਾਂ ਵਲਵਲਿਆਂ ਦੇ ਰੰਗਾਂ 'ਚੋਂ ਜਨਮ ਧਾਰਦੇ।

ਵਲਵਲਿਆਂ ਨਾਲ ਵਾਹ ਹਰ ਕਿਸੇ ਦਾ ਪੈਂਦਾ। ਪਰ ਹਰ ਇੱਕ ਦੇ ਵਲਵਲਿਆਂ ਦੀ ਆਪਣੀ ਤੋਰ, ਆਪਣੀ ਚਾਲ। ਕਦੇ ਕਦੇ ਹੀ ਬੰਦਾ ਤੁਰਦਾ ਗਹਿਰਾਈ ’ਚ ਇਨ੍ਹਾਂ ਦੇ ਨਾਲ। ਹਰੇਕ ਦੀ ਗੱਲ ਕਰਨੀ ਸੌਖੀ ਨਹੀਂ। ਆਸਾਨੀ ਨਾਲ ਜਿੰਨਿਆਂ ਦੀ ਵੀ ਹੋ ਸਕਦੀ ਹੈ, ਕਰ ਲੈਣੀ ਕੋਈ ਮਾੜੀ ਗੱਲ ਨਹੀਂ।

ਧਾਰਮਿਕ-ਸੰਸਾਰ ਵਲਵਲਿਆਂ ਵਿੱਚ ਉਡਦਾ ਫਿਰਦਾ ਰੂਹਾਂ ਦੀ ਗੱਲ ਕਰਦਾ, ਰੂਹਾਨੀਅਤ ਦੇ ਕਿੱਸੇ ਛੇੜਦਾ। ਕਈ ਗੁਣਾਂ ਦੀ ਸੂਚੀ ਮਨੁੱਖਤਾ ਦੇ ਹੱਥ ਫੜਾਉਂਦਾ ਪਰ ਅਡੰਬਰਾਂ ਦੇ ਜੰਗਲ ਵਿੱਚ ਹੀ ਗੁਆਚ ਕੇ ਰਹਿ ਜਾਂਦਾ। ਇਸ ਦੇ ਰਹਿਬਰ ਲੋਕਾਂ ਨੂੰ ਹੀ ਮੱਤਾਂ ਦਿੰਦੇ, ਸਮੇਂ ਦੇ ਸਿਰ ’ਤੇ ਪਾਖੰਡਾ ਦੀ ਛਾਂ ਕਰਦੇ। ਉਨ੍ਹਾਂ ਦੇ ਵਲਵਲਿਆਂ ’ਚ ਹੰਕਾਰ ਸਦਾ ਹੀ ਹੋਂਦ ਬਣਾਈ ਰੱਖਦਾ। ਆਪਣੇ ਆਪ ਲਈ ਮੱਤ ਨਹੀਂ ਲੈਂਦੇ। ਦੂਜਿਆਂ ਵਾਸਤੇ ਪ੍ਰਵਚਨ ਸਦਾ ਘੜੇ ਘੜਾਏ ਰਖਦੇ। ਅਜਿਹੇ ਬੋਲਾਂ ਦੀ ਜਾਦੂਗਰੀ ਕਰਦੇ ਕਿ ਆਦਮ ਦੇ ਜਾਏ ਉਨ੍ਹਾਂ ਦੀਆਂ ਗੱਲਾਂ ਦੀ ਚੁੰਬਕ ਵਿੱਚ ਲਿਪਟ ਕੇ ਰਹਿ ਜਾਂਦੇ।

ਸਿਆਸਤ ਦੇ ਖੇਤਰ ਦਾ ਆਪਣਾ ਰੰਗ। ਸਿਆਸੀ ਆਦਮੀ ਦੇ ਵਲਵਲਿਆਂ ਵਿੱਚ ਪੈਰੋਕਾਰਾਂ ਤੇ ਵੋਟਾਂ ਦਾ ਪੂਰਾ ਸ਼ੋਰ-ਸ਼ਰਾਬਾ। ਉਹ ਵਲਵਲਿਆਂ ਵਿੱਚ ਤੁਰਦਾ ਨਹੀਂ ਹਮੇਸ਼ਾ ਭੱਜਦਾ। ਸੋਚ ਸਮਝ ਕੇ ਸਮੇਂ ’ਚ ਵੱਜਦਾ। ਧੀਮੇ ਬੋਲ ਪਸੰਦ ਨਾ ਉਸਨੂੰ ਸਦਾ ਹੀ ਗੱਜਦਾ। ਜਿੰਨੇ ਮਰਜ਼ੀ ਵੋਟ ਮਿਲ ਜਾਣ, ਸੁਖ ਹੋ ਜਾਣ, ਕਦੇ ਨਾ ਰੱਜਦਾ। ਉਸ ਦੇ ਵਲਵਲਿਆਂ ਵਿੱਚ ਹੁੰਦੇ ਗਰੀਬਾਂ ਲਈ ਲਾਰੇ, ਦੂਰ ਦੇ ਵੋਟਰਾਂ ਲਈ ਤਾਰੇ, ਨਸ਼ੱਈਆਂ ਵਾਸਤੇ ਖਾਰੇ, ਭਾਵੁਕ ਲੋਕਾਂ ਲਈ ਭਾਵੁਕ ਨਾਅਰੇ ਤੇ ਬੇਸਹਾਰਿਆਂ ਲਈ ਢਾਰੇ। ਪਰ ਆਮ ਤੌਰ ਤੇ ਇਹ ਸਾਰਾ ਕਲਪਿਆ ਅਸਮਾਨ ਸੁਪਨਈ ਸੰਸਾਰ ਹੋ ਕੇ ਹੀ ਰਹਿ ਜਾਂਦਾ।

ਸ਼ੁੱਧ ਵਲਵਲੇ ਉਨ੍ਹਾਂ ਦੇ ਜਿਹੜੇ ਮਕਤਲ ਵੱਲ ਜਾਂਦੇ। ਆਨ ਸ਼ਾਨ ਦੇਖ ਅੰਬਰ ਧਰਤੀ ਵਲ ਆਂਦੇ। ਸੱਚ ਕਰਦੇ ਸੱਚ ਹੀ ਫਰਮਾਂਦੇ। ਇਹ ਉਹ ਜੁਝਾਰੂ ਵਲਵਲੇ ਜਿਨ੍ਹਾਂ ਦਾ ਸਿਰ ਸਦਾ ਹੀ ਉੱਚਾ ਰਹਿੰਦਾ। ਸਮੇਂ ਦੇ ਸਿਰ ਝੰਡਾ ਜਾ ਬਹਿੰਦਾ। ਅਜਿਹੀ ਉੱਚੀ ਕਰਨੀ ਦੇ ਲਈ, ਜਾਨ ਤੱਕ ਵਾਰਨ ਦੇ ਲਈ ਹਰ ਕੋਈ ਜੈ ਜੈ ਕਾਰ ਹੀ ਕਹਿੰਦਾ।

ਕਲਮਕਾਰ ਦੇ ਵਲਵਲੇ ਕਿਤਾਬ ਵਿੱਚ ਅਜਿਹੇ ਜਾ ਟਿਕਦੇ ਹਨ ਕਿ ਆਉਣ ਵਾਲੇ ਸਮਿਆਂ ’ਚ ਵੀ ਪਲਾਂ ਨੂੰ ਟਿਕ ਕੇ ਬਹਿਣ ਨਹੀਂ ਦਿੰਦੇ। ਅਨੁਭਵ ਦੇ ਖੁੱਲ੍ਹੇ ਦਰਵਾਜਿਆਂ ’ਚੋਂ ਉਹ ਕੁੱਝ ਬਾਹਰ ਨਿਕਲਦਾ ਜਿਸ ਵਿੱਚ ਹੁੰਦਾ ਸਾਰਿਆਂ ਲਈ ਉਜਾਲਾ। ਬੁਰਸ਼ਾਂ ਵਾਲਿਆਂ ਦੇ ਵਲਵਲੇ ਕਲਪਨਾਂ ਦੇ ਅੰਬਰ ਨੂੰ ਛੋਂਹਦੇ, ਪ੍ਰਕਿਰਤੀ ਚਿੱਤਰ ਸਭ ਨੂੰ ਮੋਂਹਦੇ। ਛੋਹਾਂ ਦੇ ਆਕਾਰ ਵਿੱਚ ਆਪਣੀ ਗੱਲ ਕਹਿੰਦੇ। ਸੁਰ ਦੇ ਵਲਵਲੇ ਜਾਂ ਫੇਰ ਵਲਵਲੇ ਦੀ ਸੁਰ ਰੂਹ ਤੱਕ ਨੂੰ ਸੁਰ ਕਰ ਜਾਂਦੀ। ਸੁਰ ਦਾ ਸ਼ੋਰ ਸਦਾ ਹੀ ਮਾਰੂ ਹੁੰਦਾ, ਪਰ ਇਸ ਦਾ ਟਿਕਾਅ ਸਦਾ ਹੀ ਤਾਰੂ ਹੁੰਦਾ। ਨ੍ਰਿਤ ਦੀਆਂ



ਅਦਾਵਾਂ ਤਾਂ ਮਨ ਨੂੰ ਕੀਲ ਲੈਂਦੀਆਂ ਤੇ ਮਨ ਅੰਦਰ ਵੀ ਨ੍ਰਿਤ ਸ਼ੁਰੂ ਹੋ ਜਾਂਦਾ।

ਯੋਧੇ ਦਾ ਵਲਵਲਾ ਸਦਾ ਹੀ ਜਿੱਤਾਂ ਮੰਗਦਾ ਪਰ ਜਦੋਂ ਇਸ ਦੇ ਉਲਟ ਹੋ ਜਾਏ ਤਾਂ ਉਸ ਦਾ ਮਨ ਦਿਲ-ਢਲੇ ਜਿਹਾ ਹੋ ਜਾਂਦਾ। ਯੋਧੇ ਦਾ ਇਹ ਧਰਮ ਹੈ ਕਿ ਉਹ ਜਿਹੜੀ ਮਰਜ਼ੀ ਅਵਸਥਾ ਵਿੱਚ ਹੋਵੇ ਆਪਣੇ ਜਜ਼ਬੇ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇ।

ਪੱਤਰਕਾਰ ਵੀ ਵਲਵਲਿਆਂ ਵਿੱਚ ਤੁਰਦਾ ਰਹਿੰਦਾ। ਘਟਨਾਵਾਂ ਦੇਖੇ, ਬੋਲਾਂ ਅਤੇ ਬਿਆਨਾਂ ਦੀਆਂ ਰਾਹਵਾਂ ਦੇਖੇ। ਉਸ ਦੀ ਰਿਪੋਰਤਾਜ਼ ਤੋਂ ਏਹੀ ਆਸ ਕਿ ਪਾਠਕ ਨਾ ਹੋਏ ਨਿਰਾਸ। ਪਰ ਜਦ ਉਹ ਇੱਕ ਧਿਰ ਨਾਲ ਰਲ਼ਦਾ, ਮਸਲਾ ਗਲਦਾ, ਸੱਚ ਹੈ ਬਲਦਾ ਤੇ ਕੇਵਲ ਇੱਕ ਧੜਾ ਹੈ ਪਲਦਾ। ਪੱਤਰਕਾਰ ਦਾ ਧਰਮ ਹੈ ਕਿ ਸੱਚ ਬਿਆਨ ਕਰੇ ਨਾ ਕਿ ਬਿਆਨ ਸਰਕਾਰੀ। ਦੇਖੇ ਹਰ ਦਮ ਮਸਲਾ ਨਾ ਕਿ ਤਰਕਾਰੀ।

ਆਸ਼ਕਾਂ ਦੇ ਵਲਵਲੇ ਅੰਬਰਾਂ ਜਿੱਡੇ। ਡੂੰਘੇ ਸਾਗਰਾਂ ਵਿੱਚ ਤਾਰੀਆਂ ਲਾਉਂਦੇ ਤੇ ਪਹਾੜਾਂ ਉੱਤੇ ਉਡਦੇ ਫਿਰਦੇ। ਆਜ਼ਾਦੀ ਦਾ ਆਲਮ ਲਈ, ਸੁੰਦਰ ਸੁਪਨੇ ਘੜੀ ਅਤੇ ਸੋਚਾਂ ਦੀ ਤਾਜ਼ਗੀ ਲਈ ਉਡਾਰੀਆਂ ਭਰਦੇ ਇਹ ਲੋਕ ਕਿਸੇ ਨੂੰ ਆਪਣੇ ਤੁਲ ਨਹੀਂ ਸਮਝਦੇ।

ਹੋਰ ਵੀ ਅਨੇਕਾਂ ਕਿਸਮ ਦੇ ਵਲਵਲਿਆਂ ਦੀ ਗੱਲ ਛੇੜੀ ਜਾ ਸਕਦੀ ਹੈ ਪਰ ਅਜਿਹਾ ਕੀਤਾ ਤਾਂ ਗੱਲ ਮੁੱਕਣ ਨਹੀਂ ਲੱਗੀ। ਜੇ ਸਾਰੇ ਕਿਸਮ ਦੇ ਵਲਵਲਿਆਂ ਦੀ ਕਿਸੇ ਇੱਕ ਥਾਂ ਰੈਲੀ ਕੀਤੀ ਜਾ ਸਕਦੀ ਹੋਵੇ ਉਹ ਕਿਹੋ ਜਹੀ ਹੋਵੇਗੀ, ਉਸ ਦਾ ਸਰੂਪ ਕੀ ਹੋਵੇਗਾ? ਬਸ ਅਜਿਹੇ ਪ੍ਰਸ਼ਨ ਲੈ ਕੇ ਹੀ ਇੱਕ ਵਲਵਲਾ ਤੁਰਿਆ ਸੀ ਜਿਸ ਵਿੱਚੋਂ ਹੀ ਏਨੇ ਸ਼ਬਦਾਂ ਨੇ ਜਨਮ ਧਾਰ ਲਿਆ, ਗੱਲ ਇਥੇ ਤੱਕ ਆ ਪਹੁੰਚੀ ਕਿ ‘ਆਉ ਸੋਚੀਏ ਕਿੱਦਾਂ ਦੀ ਹੋਊ ਵਲਵਲਿਆਂ ਦੀ ਰੈਲੀ’।

◆◆◆

## 22

# ਅੱਧੀ ਰਾਤੀਂ ਖਿੜੀ ਦੁਪਹਿਰ

ਜਦ ਮਨ 'ਚ ਫੁਰਨੇ ਫੁਰ ਰਹੇ ਹੋਣ, ਮੱਥੇ 'ਚ ਸਿਰਜਣਾਤਮਿਕ ਚੰਗਿਆੜੀਆਂ ਮਘ ਰਹੀਆਂ ਹੋਣ, ਦਿਲ ਪਿਘਲ਼ ਕੇ ਵਹਿ ਰਿਹਾ ਹੋਵੇ ਤਾਂ ਅੱਧੀ ਰਾਤ ਵੇਲੇ ਵੀ ਖਿੜੀ ਦੁਪਹਿਰ ਵਰਗਾ ਮਾਹੌਲ ਹੋ ਜਾਂਦੈ।

ਜਦ ਰੌਸ਼ਨੀਆਂ ਦੇ ਸ਼ਹਿਰ 'ਚ ਹਨੇਰੇ ਦਾ ਜੰਗਲ ਕਿਤੇ ਦੂਰ ਤੱਕ ਵੀ ਨਜ਼ਰ ਨਾ ਆਵੇ, ਜਦ ਮਿੱਤਰਾਂ ਸੰਗ ਜੁਗਨੂੰਆਂ ਦੀਆਂ ਗੱਲਾਂ ਹੋ ਰਹੀਆਂ ਹੋਣ। ਦੇਸ਼ ਦੀ ਨਿੱਘਰੀ ਸਿਆਸਤ ਦੇ ਖਿਲਾਫ ਤਾਰਿਆਂ ਭਰੀ ਇਬਾਰਤ ਲਿਖਣ ਦੇ ਇਰਾਦੇ ਧਾਰੇ ਜਾ ਰਹੇ ਹੋਣ, ਤਾਂ ਦੁਪਹਿਰ ਖਿੜ ਜਾਂਦੀ ਹੈ ਅੱਧੀ ਰਾਤ ਵੇਲੇ ਵੀ। ਮਾਂ ਬੋਲੀ ਨੂੰ ਸਰਕਾਰੀ ਮਾਨਤਾ ਮਿਲ ਜਾਵੇ, ਆਪਣੀ ਵਿਰਾਸਤ ਦਾ ਗੌਰਵ ਵਧਣ ਲੱਗੇ, ਵਿਰਸੇ ਵਾਲੇ ਸੁਰੀਲੇ ਗੀਤ ਗਾਏ ਜਾ ਰਹੇ ਹੋਣ ਤਾਂ ਅੱਧੀ ਰਾਤ ਵੇਲੇ ਵੀ ਸੁਰਾਂ ਦਾ ਬੋਲਬਾਲਾ ਹੋ ਜਾਂਦਾ ਅਤੇ ਮੱਥਿਆਂ ਅੰਦਰ ਜਾਗ ਪੈਂਦੀ ਹੈ ਖਿੜੀ ਦੁਪਹਿਰ।

ਜਦ ਮਨ ਦੀਆਂ ਨ੍ਹੇਰੀਆਂ ਗਲੀਆਂ 'ਚ ਵੀ ਕੋਈ ਅਰਮਾਨ ਜਾਗ ਪੈਣ , ਸ਼ਬਦਾਂ ਦੀ ਨਦੀ 'ਚ ਅਰਥਾਂ ਦਾ ਵਹਾਅ ਤੇਜ਼ ਹੋ ਜਾਵੇ, ਵਗਦੀਆਂ ਪੌਣਾਂ ਸੁਨੇਹਾ ਸੁਣਨ ਲਈ ਰੁਕ ਜਾਣ ਅਤੇ ਮਹਿਫਲ ਦੇ ਬੋਲ ਮਹਿਕਾਂ ਨਾਲ ਸਰਸ਼ਾਰ ਹੋ ਜਾਣ ਤਾਂ ਅੱਧੀ ਰਾਤ ਵੇਲੇ ਵੀ ਖਿੜ ਜਾਂਦੀ ਹੈ ਦੁਪਹਿਰ।

ਜਦ ਪੈਰਾਂ 'ਚ ਅਵਾਰਗੀ ਦਾ ਸਫਰ ਹੋਵੇ, ਬੰਧਨਾਂ ਤੋਂ ਮੁਕਤ ਹੱਦਾਂ 'ਚ ਰਹਿਣ ਦੀ ਮਜਬੂਰੀ ਨਾ ਹੋਵੇ, ਜਜ਼ਬਿਆਂ ਦੀ ਉਡਾਰੀ ਭਰਨ ਦੀ ਮਜਬੂਰੀ ਨਾ ਹੋਵੇ, ਬੇਗਾਨਗੀਆਂ ਦੇ ਆਲਮ 'ਚ ਤੈਰਨ ਦੀ ਸਮਰੱਥਾ ਹੋਵੇ, ਦੁਸ਼ਮਣੀਆਂ ਲਈ ਵੀ ਬੁੱਕਲ਼ 'ਚ ਥਾਂ ਹੋਵੇ ਤਾਂ ਮਨ ਦੇ ਅੰਬਰ 'ਚ ਅੱਧੀ ਰਾਤ ਵੇਲੇ ਵੀ ਖਿੜੀ ਦੁਪਹਿਰ ਦਾ ਆਲਮ ਹੀ ਮਿਲੇਗਾ।

ਜਦ ਰਿਸ਼ਤਿਆਂ ਦੀਆਂ ਗਹਿਰੀਆਂ ਤੰਦਾਂ ਦੀਆਂ ਉਲਝਣਾਂ ਸੁਲਝ ਰਹੀਆਂ ਹੋਣ, ਨੀਂਦਰਾਂ ਦੌਰਾਨ ਆਏ ਸੁਪਨਿਆਂ 'ਚ ਹਰ ਰੋਜ਼ ਮਹਿਲ ਖੜ੍ਹੇ ਹੋ ਰਹੇ ਹੋਣ, ਖਿਆਲਾਂ 'ਚ ਸੁਹਜ ਤੇ ਕਲਾ ਭਰਪੂਰ ਅਕਾਰ ਦਿਸ ਰਹੇ ਹੋਣ, ਚੇਤਿਆਂ ਦੀਆਂ ਗੁਫਾਵਾਂ 'ਚੋਂ ਸਮਾਧੀਆਂ ਦੇ ਸਰੂਪ ਮੁਸਕਾਨਾਂ ਦਾ ਰੂਪ ਧਾਰਨ ਕਰੀ ਬੈਠੇ ਹੋਣ, ਸੱਤੇ ਸੁਰਾਂ ਰਲ ਕੇ ਦਿਲ ਦਾ ਗੀਤ ਗਾਉਣ ਲੱਗ ਪੈਣ ਅਤੇ ਬੰਦ ਅੱਖਾਂ ਨੂੰ ਵੀ



ਤਾਰਿਆਂ ਦੀ ਆਉਂਦੀ ਬਰਾਤ ਦਿਸ ਰਹੀ ਹੋਵੇ ਤਾਂ ਅੱਧੀ ਰਾਤ ਵੇਲੇ ਵੀ ਖਿੜ ਪੈਂਦੀ ਹੈ ਦੁਪਹਿਰ ਅਤੇ ਬਣ ਜਾਂਦੀ ਹੈ ਜ਼ਿੰਦਗੀ ਦੀ ਬਰਾਤ।

ਜਦ ਸਹਿਜ ਤੇ ਸੁਹਜ ਦੀ ਸੰਗਤ ਹੋਵੇ, ਅੱਖਾਂ ਦੇ ਸ਼ਾਮਿਆਨਿਆਂ (ਪਲਕਾਂ) ਹੇਠ ਪੂਰੇ ਸੰਸਾਰ ਦਾ ਭਰਿਆ ਮੇਲਾ ਨਜ਼ਰ ਆਉਂਦਾ ਹੋਵੇ ਅਤੇ ਬੋਲਾਂ ਦੀਆਂ ਤਰੰਗਾਂ 'ਚ ਲਹਿਰਾਂ ਵਰਗੀਆਂ ਕਰਵਟਾਂ ਪੈਦਾ ਹੋ ਰਹੀਆਂ ਹੋਣ ਤਾਂ ਝਮੇਲਿਆਂ 'ਚ ਫਸੀ ਅੱਧੀ ਰਾਤ 'ਚ ਵੀ ਖਿੜ ਪੈਂਦੀ ਹੈ ਜਲਵਿਆਂ ਦੀ ਸਜੀ ਦੁਪਹਿਰ।

ਜਦ ਕਾਵਿਕ ਬੋਲ ਕਵਿਤਾ ਬਣ ਕਾਗਜ਼ ਦੀ ਹਿੱਕ 'ਤੇ ਉਤਰਨਾ ਚਾਹੁੰਦੇ ਹੋਣ, ਮਨ ਤੋਂ ਮੱਥੇ ਤੱਕ ਸੁਰਾਂ ਦੀ ਸਤਰੰਗੀ ਪੀਂਘ ਪੈ ਜਾਵੇ, ਇਕਦਮ ਸਾਹਮਣੇ ਦਿਸ ਪਵੇ ਉਹ ਹੁਸਨ-ਭਰੀ ਸੂਰਤ ਜਿਹੜੀ ਕਦੇ ਤਸੱਵਰ 'ਚ ਵੀ ਨਾ ਆਈ ਹੋਵੇ, ਉਹ ਰੰਗ ਚੌਪਾਸੀਂ ਬਿਖਰਦੇ ਦਿਸਣ ਜਿਹੜੇ ਕਦੇ ਕਿਸੇ ਕੈਨਵਸ 'ਤੇ ਵੀ ਨਾ ਦੇਖੇ ਹੋਣ ਅਤੇ ਜਦ ਚੰਨ ਧਰਤੀ 'ਤੇ ਵੀ ਵੰਨ-ਸੁਵੰਨੀ ਕੁਦਰਤ ਨਾਲ ਗੱਲਾਂ ਕਰ ਰਿਹਾ ਹੋਵੇ ਉਦੋਂ ਅੱਧੀ ਰਾਤ ਨੂੰ ਵੀ ਖਿੜਦੀ ਦੇਖੀ ਹੈ ਦੁਪਹਿਰ।

ਜਦੋਂ ਮਿੱਤਰਾਂ ਦੀ ਮਹਿਫਲ ਹੋਵੇ, ਪ੍ਰੇਮ ਰੱਤੀਆਂ ਗੱਲਾਂ ਹੋ ਰਹੀਆਂ ਹੋਣ, ਰੰਗਲੇ ਪਾਣੀਆਂ ਦਾ ਜਾਦੂ ਤਾਰੀ ਹੋਵੇ, ਮਸਤੀ ਦੇ ਆਲਮ ਦੀ ਸਰਦਾਰੀ ਹੋਵੇ, ਸਮੁੰਦਰ ਦੇ ਕਾਲੇ ਪਾਣੀਆਂ 'ਤੇ ਸੂਰਜ ਦੀਆਂ ਕਿਰਨਾਂ ਕਲੋਲ ਕਰ ਰਹੀਆਂ ਹੋਣ ਅਤੇ ਹਨੇਰੀ ਰਾਤ 'ਚ ਮੋਮਬੱਤੀਆਂ ਦੀ ਜਗਮਗਾਹਟ ਹੋਵੇ ਤਾਂ ਅੱਧੀ ਰਾਤ ਦੀ ਬੁੱਕਲ਼ 'ਚ ਵੀ ਮਾਣੀ ਜਾ ਸਕਦੀ ਹੈ ਖਿੜੀ ਦੁਪਹਿਰ।

ਅੱਧੀ ਰਾਤੀਂ ਖਿੜੀ ਦੁਪਹਿਰ ਦੇ ਸਫੇ 'ਤੇ ਮੌਲਿਕਤਾ ਦੀ ਇਬਾਰਤ ਉਹੋ ਹੀ ਪੜ੍ਹ ਤੇ ਮਾਣ ਸਕਦਾ ਹੈ ਜਿਹੜਾ ਗੀਤਾਂ ਦੀ ਗਹਿਰਾਈ ਸਮਝਣ ਦਾ ਸ਼ੈਦਾਈ ਹੋਵੇ, ਅਨੁਭਵ ਦੀਆਂ ਪਰਤਾਂ 'ਚ ਟੁੱਭੀਆਂ ਲਾਉਣ ਦਾ ਜਾਣਕਾਰ ਹੋਵੇ ਅਤੇ ਗਜ਼ਲਾਂ ਦੇ ਸ਼ਿਅਰਾਂ ਵਿੱਚੋਂ ਦੇਖ ਸਕਦਾ ਹੋਵੇ ਖਿੜੀ ਦੁਪਹਿਰ।

♦♦♦

# 23

## ਪੂਰੇ ਦਾ ਪੂਰਾ ਹਾਂ ਮੈਂ : ਖੁੱਲ੍ਹੀ ਕਿਤਾਬ ਵਰਗਾ

ਪੂਰੇ ਦਾ ਪੂਰਾ ਹਾਂ ਮੈਂ
ਖੁੱਲ੍ਹੀ ਕਿਤਾਬ ਵਰਗਾ
ਵੱਗਦੀ ਹਵਾ ਜਿਹਾ ਮੈਂ
ਵੱਗਦੇ ਚਿਨਾਬ ਵਰਗਾ
ਮਹਿਕਾਂ ਹੀ ਵੰਡਾਂ ਸਭ ਨੂੰ
ਖਿੜ ਕੇ ਗੁਲਾਬ ਵਰਗਾ
ਪੂਰੇ ਦਾ ਪੂਰਾ ਹਾਂ ਮੈਂ
ਖੁੱਲ੍ਹੀ ਕਿਤਾਬ ਵਰਗਾ

ਕਹਿਣਾ ਬਹੁਤ ਸੌਖਾ ਹੈ ਪਰ ਹੋਣਾ ਬਹੁਤ ਔਖਾ ਹੈ, ਸ਼ਾਇਦ ਹੀ ਕੋਈ ਖੁੱਲ੍ਹੀ ਕਿਤਾਬ ਵਰਗਾ ਹੋਵੇ, ਜਿਹੜਾ ਜਿੱਥੇ ਵੀ ਹੋਵੇ ਉਸ ਨੂੰ ਸਲਾਮ ਤੇ ਨਮਸਕਾਰ। ਅਜਿਹੇ ਸ਼ਖਸ ਦੇ ਦਰਸ਼ਨ ਆਮ ਨਹੀਂ ਹੁੰਦੇ, ਜੇ ਹੋਣ ਤਾਂ ਪਤਾ ਲੱਗ ਜਾਂਦਾ ਹੈ ਕਿ ਉਹ ਕਿਸ ਹੱਦ ਤੱਕ ਆਪਣੇ ਮਨ ਦੀ ਕਿਤਾਬ ਖੋਲ੍ਹੀ ਫਿਰਦਾ।

ਹਰ ਕੋਈ ਦਾਅਵਾ ਕਰਦਾ ਤੇ ਆਖਦਾ ਹੈ, “ਮੇਰਾ ਜੀਵਨ ਖੁੱਲ੍ਹੀ ਕਿਤਾਬ ਵਰਗਾ” । ਇਹੋ ਜਹੀ ਖੁੱਲ੍ਹੀ ਕਿਤਾਬ ਵਰਗਾ ਜੀਵਨ ਦੱਸਣ ਵਾਲੇ ਅਕਸਰ ਬੰਦ ਕਿਤਾਬਾਂ ਵਾਂਗ ਵਿਚਰਦੇ ਹਨ ਅਤੇ ਕਈ ਤਾਂ ਲਾਇਬ੍ਰੇਰੀ ਦੀਆਂ ਉਨ੍ਹਾਂ ਕਿਤਾਬਾਂ ਵਰਗੇ ਹੁੰਦੇ ਹਨ ਜਿਨ੍ਹਾਂ ਨੂੰ ਕਦੇ ਕੋਈ ਨਹੀਂ ਗੌਲ਼ਦਾ, ਫੋਲਦਾ ਤੇ ਪੜ੍ਹਦਾ। ਉਹ ਸੋਚਦੇ ਕੁੱਝ ਹੋਰ ਹਨ ਤੇ ਕਰਦੇ ਕੁੱਝ ਹੋਰ ਅਤੇ ਜੀਊਂਦੇ ਕੁੱਝ ਹੋਰ। ਉਹ ਧਰਮ ਅਸਥਾਨ ਅੰਦਰ ਬੈਠੇ ਕੁੱਝ ਪਲਾਂ ਲਈ ਕੁੱਝ ਹੋਰ ਹੁੰਦੇ ਹਨ ਪਰ ਘਰ ਪਹੁੰਚ ਕੇ ਉਹ ਪਹਿਲਾਂ ਵਾਂਗ ਹੀ ਘਰ ਵਰਗੇ ਹੋ ਜਾਂਦੇ ਹਨ ਬਾਸੇ, ਪੁਰਾਣੇ ਅਤੇ ਜੰਗਾਲੇ ਹੋਏ। ਗਿਆਨ ਦੀਆਂ ਗੱਲਾਂ, ਨਵੇਂ ਨੁਕਤੇ, ਤਾਜ਼ੇ ਬੋਲੇ ਬੋਲ ਸੁਣ ਕੇ ਵੀ ਉਨ੍ਹਾਂ ਅੰਦਰ ਤਾਜ਼ਗੀ ਦੀ ਹਵਾ ਨਹੀਂ ਚੱਲਦੀ।

ਕੋਈ ਵਿਰਲੇ ਵਿਰਲੇ ਲਾਇਬ੍ਰੇਰੀ ਦੀਆਂ ਉਨ੍ਹਾ ਕਿਤਾਬਾਂ ਵਰਗੇ ਵੀ ਹੁੰਦੇ ਹਨ ਜਿਹੜੀਆਂ ਵਾਰ ਵਾਰ ਕਢਾਈਆਂ ਜਾਂਦੀਆਂ ਹਨ, ਪੜ੍ਹੀਆਂ ਵੀ ਜਾਂਦੀਆਂ ਹਨ ਅਤੇ ਧੁਰ ਤੱਕ ਮਾਣੀਆਂ ਵੀ। ਕੋਈ ਇਸ ਤੋਂ ਵੀ ਅਗਾਂਹ ਕੱਲਾਕਾਰਾ ਹੀ



ਇੱਕ ਨਹੀਂ ਕਈ ਕਿਤਾਬਾਂ ਵਰਗਾ ਹੁੰਦਾ ਹੈ ਜਿਸ ਦੇ ਚਿਹਰੇ ਨੂੰ ਪੜ੍ਹਿਆਂ ਲੱਗਦਾ ਹੈ ਕਿ ਇਹ ਵੱਖਰਾ ਤੇ ਵਿਲੱਖਣ ਹੈ ਕਿਸੇ ਭੀੜ ਦਾ ਹਿੱਸਾ ਨਹੀਂ।

ਕੈਦਾ ਪੜ੍ਹਨ ਤੋਂ ਬਾਅਦ ਜਦ ਪਹਿਲੀ ਵਾਰ ਕਿਤਾਬ ਪੜ੍ਹੀ ਤਾਂ ਕੁੱਝ ਸਮਝ ਪਈ ਤੇ ਕੁੱਝ ਨਾ ਪਈ। ਯਤਨ ਜਾਰੀ ਰੱਖੇ, ਕਈ ਵਾਰ ਸਤਰਾਂ ’ਚੋਂ ਲੰਘਿਆ ਤਾਂ ਸ਼ਬਦਾਂ ਦੇ ਬੂਹੇ ਖੁੱਲ੍ਹਣੇ ਸ਼ੁਰੂ ਹੋ ਗਏ। ਫੇਰ ਤਾਂ ਪਤਾ ਨਹੀਂ ਕਿਹੜਾ ਕਿਹੜਾ ਸੰਸਾਰ ਸ਼ਬਦਾਂ ’ਚੋਂ ਲੱਭਣ ਲੱਗ ਪਿਆ। ਕਦੇ ਖਲੀਲ਼ ਮਿਲ ਪਿਆ ਕਦੇ ਸਾਅਦੀ, ਕਦੇ ਵਾਰਸ, ਕਦੇ ਬੁੱਲ੍ਹਾ, ਕਦੇ ਹਮਜ਼ਾਤੋਵ ਕਦੇ ਸ਼ਿਵ। ਗਲਪ ਨੇ ਬਹੁਤੀ ਖਿੱਚ ਨਹੀਂ ਪਾਈ, ਪਰ ਫੇਰ ਵੀ ਕੁੱਝ ਨਾ ਕੁੱਝ ਪੜ੍ਹਨਾ ਜਾਰੀ ਰੱਖਿਆ।

ਮਨ ਵਿੱਚ ਸੋਚ ਉੱਗੀ ਕਿ ਮੇਰੀ ਵੀ ਕਿਤਾਬ ਹੋਵੇ। ਪਰ, ਕਾਹਦੀ ਹੋਵੇ, ਇਸ ਦਾ ਸਾਫ ਜਵਾਬ ਕੋਈ ਨਾ ਮਿਲਦਾ। ਕਦੇ ਕਵਿਤਾ ਆ ਖੜ੍ਹਦੀ ਕਦੇ ਵਾਰਤਕ। ਦੋਹਾਂ ਨਾਲ ਸਾਂਝ ਪਾ ਲਈ ਤੇ ਪੈ ਗਈ। ਕਾਫੀ ਕਵਿਤਾਵਾਂ ਹੋ ਗਈਆਂ ਪਰ ਵਕਫਿਆਂ ਬਾਅਦ ਦੋ ਤਿੰਨ ਵਾਰ ਪੜ੍ਹੀਆਂ ਤੇ ਕਾਫੀ ਪਾੜ ਸੁੱਟੀਆਂ। ਕਿਤਾਬ ਜੋਗੀਆਂ ਨਾ ਹੋਈਆਂ। ਵਕਤ ਗੁਜ਼ਰਦਾ ਗਿਆ ’ਤੇ ਜਰਮਨੀ ਵਿੱਚ ਰਹਿੰਦੇ ਛੋਟੇ ਭਰਾ ਕੇਹਰ ਸ਼ਰੀਫ਼ ਦੀ ਹਿੰਮਤ, ਯਤਨ ਤੇ ਮੱਦਦ ਨਾਲ ਪਹਿਲਾਂ ਵਾਰਤਕ ਦੀ ਕਿਤਾਬ ‘ਸ਼ਬਦਾਂ ਦੇ ਅੰਗ ਸੰਗ’ ਛਪਵਾਈ ਛੋਟੇ ਛੋਟੇ ਲੇਖ ਪਰ ਅਰਥਾਂ ਵਾਲੇ, ਰੌਸ਼ਨੀ ਵਾਲੇ ਅਤੇ ਫੇਰ ਕਵਿਤਾ ਦੀ ਕਿਤਾਬ ‘ਰੂਹ ਦੇ ਬੋਲ’ ਛਪ ਗਈ। ਪਾਠਕਾਂ ਨੇ ਕਿਤਾਬ ਬਹੁਤ ਸਲਾਹੀ ਪਰ ਆਲੋਚਕ ਕੋਈ ਨਾ ਬੋਲਿਆ। ਕਵਿਤਾ ਦੀ ਕਿਤਾਬ ’ਤੇ ਨਾ ਗੋਸ਼ਟੀ ਨਾ ਪਰਚੇ। ਚੰਗਾ ਹੋਇਆ ਕਿਉਂਕਿ ਕਿਤਾਬ ਤਾਂ ਉਹੋ ਹੀ ਰਹਿਣੀ ਸੀ, ਗੋਸ਼ਟੀ ਨਾਲ ਉਸਦਾ ਕੱਦ ਨਾ ਛੋਟਾ ਹੋਣਾ ਸੀ ਨਾ ਬੜਾ। ਆਲੋਚਕਾਂ ਤੋਂ ਬਚੀ ਇਹ ਕਿਤਾਬ ਸੁਰਾਂ ਵਾਲਿਆਂ ਦੇ ਹੱਥ ਲੱਗੀ ਤਾਂ ਇਸ ਦੀਆਂ ਰਚਨਾਵਾਂ ਸੁਰਾਂ ਦੇ ਪਰਾਂ ’ਤੇ ਸਵਾਰ ਹੋ ਕੇ ਉਡਣ ਲੱਗੀਆਂ। ਆਰ. ਡੀ. ਕੈਲੇ ਤੇ ਕੋਮਲ ਚੁੱਘ ਨੇ ਆਪਣੀਆਂ ਅਵਾਜ਼ਾਂ ਨਾਲ ਸੀ.ਡੀ ‘ਅਸੀਂ ਉੱਡਦੇ ਪਰਿੰਦੇ’ ਤਿਆਰ ਕਰਕੇ ਕਿਤਾਬ ਘਰ ਘਰ ਪਹੁੰਚਾ ਦਿੱਤੀ। ਕੁੱਝ ਸੰਪਾਦਿਤ ਕੀਤੀਆਂ ਕਿਤਾਬਾਂ। ਇੱਕ ਕਿਤਾਬ ‘ਮੇਰੀ ਦੇਹਲੀ ਅੱਗੇ ਦਘਦਾ ਸੂਰਜ’ ਲੇਖਕਾਂ ਦੇ ਕਮਰਿਆਂ ਤੇ ਕਲਮਾਂ ਨੂੰ ਬਾਹਰ ਕੱਢ ਲਿਆਈ ਤੇ ਉਨ੍ਹਾਂ ਦੇ ਲੇਖ ਕੁੱਝ ਵੱਖਰਾ ਤੇ ਵਿਲੱਖਣ ਪਰੋਸ ਗਏ।

ਹੁਣ ਹਰ ਰੋਜ਼ ਇੱਕ-ਦੋ ਕਿਤਾਬਾਂ ਜ਼ਰੂਰ ਡਾਕ ਰਾਹੀਂ ਜਾਂ ਦਸਤੀ ਮਿਲਦੀਆਂ ਹਨ ਪਰ ਇਨ੍ਹਾਂ ਵਿੱਚੋਂ ਪੜ੍ਹਨ ਵਾਲੀਆਂ ਬਹੁਤ ਹੀ ਵਿਰਲੀਆਂ। ਕਈ ਦੇਖਣ ਯੋਗ ਹੁੰਦੀਆਂ ਹਨ, ਕਈ ਸੁੰਘਣ ਯੋਗ ਹੁੰਦੀਆਂ ਹਨ, ਕੋਈ ਪੜ੍ਹਨ ਯੋਗ, ਕੋਈ ਪਰਖਣ ਯੋਗ ਪਰ ਸਾਂਭਣ ਯੋਗ ਤਾਂ ਇੱਕ ਵੀ ਨਹੀਂ ਮਿਲਦੀ। ਕਾਰਨ ਸ਼ਾਇਦ ਲਿਖਣ ਦੀ ਕਾਹਲ ਹੁੰਦੀ ਹੈ ਤੇ ਉਸਤੋਂ ਵੱਧ ਛਪਣ ਦੀ, ਛੁਪਣ ਦੀ ਬਿਲਕੁਲ ਨਹੀਂ। ਸਮਾਧੀ ’ਚ ਜਾ ਕੇ ਸੋਚਣ ਦੀ ਉੱਕਾ ਹੀ ਨਹੀਂ। ਲਿਖਣ-ਯੋਗਤਾ ਅਤੇ ਸਮੱਰਥਾ ਵਿਖਾਉਣ/ਦਰਸਾਉਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ।

ਜਿਹੜੀਆਂ ਕਿਤਾਬਾਂ ਕਲਾਸਿਕ ਹਨ ਜਾਂ ਟਕਸਾਲੀ ਉਹ ਹੁਣ ਨਹੀਂ ਆ ਰਹੀਆਂ। ਸਾਰੇ ਸੋਚਣ ਦੇ ਯਤਨ ਕਰਨ ਕਿ ਸਾਲ-ਦੋ ਸਾਲ 'ਚ ਘੱਟੋ-ਘੱਟ ਇੱਕ ਕਿਤਾਬ ਤਾਂ ਅਜਿਹੀ ਆਵੇ ਜਿਸਨੂੰ ਆਪਾਂ ਸਾਰੇ ਦੇ ਸਾਰੇ ਲੱਭਦੇ ਫਿਰੀਏ। ਅਜਿਹੀ ਕਿਤਾਬ ਤਾਂ ਹੀ ਆਊ ਜੇ ਕੋਈ ਕਾਹਲ਼ ਤਿਆਗ ਕੇ ਚਿੰਤਨ ਵੱਲ ਵਧੇ, ਜੇ ਕੋਈ ਨਿੱਜ ਤੋਂ ਉੱਠ ਕੇ ਸਭ ਬਾਰੇ ਸੋਚੇ, ਆਲੇ-ਦੁਆਲੇ ਦੇ ਕਲ਼ਾਵੇ ਤੋਂ ਪਰਲੇ ਪਾਰ ਦੇ ਮਾਨਵ ਬਾਰੇ ਸੋਚੇ, ਨਵੇਂ ਅਨੁਭਵ ਕਮਾਵੇ ਤੇ ਲੋਕਾਈ ਲਈ ਪ੍ਰਕਾਸ਼/ਚਾਨਣ ਕਰੇ।

ਕਿਤਾਬ ਚੰਗੀ ਉਹ ਹੀ ਹੈ ਜਿਹੜੀ ਪਾਠਕ ਨੂੰ ਖੁੱਲ੍ਹੀਆਂ ਧਰਤੀਆਂ, ਵੱਡੀਆਂ ਸੋਚਾਂ ਅਤੇ ਖੁੱਲ੍ਹੇ ਅੰਬਰਾਂ ਵੱਲ ਲੈ ਜਾਵੇ। ਚੰਗੀ ਕਿਤਾਬ ਅਜਿਹੇ ਦੋਸਤ ਵਰਗਾ ਕੰਮ ਕਰਦੀ ਹੈ ਜਿਹੜਾ ਰਾਹ ਵੀ ਦੱਸਦਾ, ਤੇ ਤੁਰਨ ਦਾ ਤਰੀਕਾ/ਸਲੀਕਾ ਵੀ ਅਤੇ ਹਰ ਤਰ੍ਹਾਂ ਦੀ ਮੱਦਦ ਵੀ ਕਰਦਾ। ਉਸ ਤੋਂ ਗਿਆਨ ਮਿਲਦਾ, ਰੂਹ ਲਈ ਪ੍ਰਕਾਸ਼ ਤੇ ਜ਼ਿੰਦਗੀ ਲਈ ਮੰਤਵ ਮਿਲਦਾ।

ਬਹੁਤ ਵਾਰ ਚਾਹਿਆ ਹੈ ਕਿ ਕਿਤਾਬ 'ਚੋਂ ਗਿਆਨ ਤੇ ਰੌਸ਼ਨੀ ਹਾਸਲ ਕਰਕੇ ਉਸ ਵਰਗਾ ਹੋਇਆ ਜਾਵੇ ਤੇ ਜੀਵਨ ਨੂੰ ਖੁੱਲ੍ਹੀ ਕਿਤਾਬ ਵਰਗਾ ਰੱਖਿਆ ਜਾਵੇ। ਜੀਵਨ ਦੇ ਬਹੁਤੇ ਪੱਖਾਂ ਵਿੱਚ ਹੋ ਵੀ ਗਿਆ ਪਰ ਕਈ ਇੱਕ ਪੱਖ ਫੇਰ ਵੀ ਲੁਪਤ ਅਤੇ ਗੁਪਤ ਹੀ ਰਹਿਣਾ ਪਸੰਦ ਕਰਦੇ ਹਨ ਜਿਸ ਕਰਕੇ ਖੁੱਲ੍ਹੀ ਕਿਤਾਬ ਵਰਗਾ ਹੋਣਾ ਕਿਸੇ ਲਈ ਵੀ ਆਸਾਨ ਨਹੀਂ ਹੁੰਦਾ।

ਕਿਤਾਬ ਕਿਸੇ ਇੱਕ ਵਿਸ਼ੇ ਤੱਕ ਤਾਂ ਸੀਮਤ ਨਹੀਂ ਹੁੰਦੀ। ਕੋਈ ਕਿਸੇ ਵਿਸ਼ੇ ਦੀ ਕੋਈ ਕਿਸੇ ਦੀ। ਧਾਰਮਿਕ ਕਿਤਾਬ ਧਰਮ ਦੇ ਰਾਹੇ ਪਾਉਣ ਦਾ ਯਤਨ ਕਰਦੀ ਹੈ ਅਤੇ ਸਮਾਜਿਕ ਕਿਤਾਬ ਸਮਾਜ ਦੇ ਰਾਹ। ਇੰਝ ਹੀ ਜਿਸ ਵਿਸ਼ੇ 'ਤੇ ਵਿਧਾ ਨਾਲ ਸਬੰਧਤ ਕਿਤਾਬ ਹੋਵੇਗੀ ਉਹ ਪਾਠਕ ਨੂੰ ਉਸ ਦਿਸ਼ਾ ਦੀਆਂ ਪਰਤਾਂ ਵਲ ਲੈ ਜਾਵੇਗੀ।

ਅਖਬਾਰ ਹਰ ਰੋਜ਼ ਛਪਣ ਵਾਲੀ ਕਿਤਾਬ ਹੀ ਹੈ ਜਿਸ ਨੂੰ ਇੱਕ ਅੱਧਾ ਲੇਖਕ ਨਹੀਂ ਸਗੋਂ ਸੈਂਕੜੇ ਕਲਮਾਂ ਮਿਲ ਕੇ ਲਿਖਦੀਆਂ। ਜਿਸ ਵਿੱਚ ਗਿਆਨ ਨਾਮ-ਮਾਤਰ ਹੀ ਹੁੰਦਾ ਹੈ ਪਰ ਤਰ੍ਹਾਂ ਤਰ੍ਹਾਂ ਦੀ ਜਾਣਕਾਰੀ ਦੀ ਘਾਟ ਨਹੀਂ ਹੁੰਦੀ। ਭਾਵੇਂ ਇਸ ਵਿੱਚ ਛਪੀਆਂ ਖਬਰਾਂ ਅਤੀਤ ਦੇ ਮੁਰਦੇ ਹੀ ਹੁੰਦੇ ਹਨ ਪਰ ਇਨ੍ਹਾਂ ਵਿੱਚ ਰੋਚਿਕਤਾ ਤੇ ਮਸਾਲਾ ਹੋਣ ਕਰਕੇ ਪੜ੍ਹਨ ਵਾਲੇ ਦੀ ਰੁਚੀ ਵੀ ਕਾਇਮ ਰਹਿੰਦੀ ਹੈ ਅਤੇ ਉਤਸੁਕਤਾ ਵੀ।

ਕਿਤਾਬ ਪੜ੍ਹਦਿਆਂ ਜਿਹੜੇ ਵਚਿੱਤਰ ਅਨੁਭਵਾਂ ਦੀਆਂ ਪਰਤਾਂ ਵਿੱਚ ਵਿਚਰਦਾਂ, ਜਿਹੜੇ ਖਿਆਲਾਂ ਨੂੰ ਗਲਵਕੜੀਆਂ ਪਾਉਨਾਂ, ਉਨ੍ਹਾਂ ਦਾ ਆਨੰਦ ਜਿੰਨਾ ਮੈਨੂੰ ਆਉਂਦਾ ਉਸ ਨੂੰ ਪੂਰੀ ਤਰ੍ਹਾਂ ਬਿਆਨ ਤਾਂ ਨਹੀਂ ਕਰ ਸਕਦਾ ਪਰ ਚੇਤਿਆਂ ਵਿੱਚ ਟਿਕੀ ਅਜੀਬ ਜਹੀ ਦੁਨੀਆਂ ਸਦਾ ਸਦਾ ਵਾਸਤੇ ਹਾਸਿਲ ਜ਼ਰੂਰ ਬਣੀ ਰਹਿੰਦੀ ਹੈ।



# 24

## ਮਨ ਤਾਂ ਬੋਲੇ ਸਮਿਆਂ ਅੱਗੇ ਪਰ ਕੋਈ ਨਾ ਸੁਣਦਾ

ਮਨ ਕਦੇ ਵਿਹਲਾ ਨਹੀਂ ਹੁੰਦਾ, ਵਿਹਲਾ ਬੈਠਦਾ ਹੀ ਨਹੀਂ। ਹਲਚਲ ਇਸ ਦਾ ਸੁਭਾਅ ਹੈ ਤੇ ਟਿਕਾਅ ਇਸਦੀ ਪਸੰਦ ਨਹੀਂ। ਇਸਦੀ ਫਿਤਰਤ ਹੈ ਤੁਰਿਆ ਹੀ ਰਹਿਣਾ, ਉਡਾਰੀਆਂ ਭਰਨੀਆਂ ਤੇ ਕਿਤੇ ਦਾ ਕਿਤੇ ਜਾ ਪਹੁੰਚਣਾ। ਇੱਕੋ ਸਮੇਂ ਇੰਨੇ ਪਾਸਿਆਂ ਨੂੰ ਦੌੜੀ ਫਿਰਨਾ ਕਿ ਖ਼ੈਰ-ਖਬਰ ਹੀ ਨਹੀਂ ਹੁੰਦੀ।

ਫੁਰਨਾਕਾਰ ਹੈ ਮਨ, ਫੁਰਨਿਆਂ ਦਾ ਅਮੁੱਕ ਖਜ਼ਾਨਾ। ਹਰ ਘੜੀ ਨਵਾਂ ਫੁਰਨਾ। ਘੜੀ ਘੜੀ ਨਵਾਂ ਫੁਰਨਾ। ਫੁਰਨਿਆਂ ਨੂੰ ਜਨਮ ਦੇਵੇ ਤੇ ਫੁਰਨਿਆਂ ਮਗਰ ਹੀ ਤੁਰਿਆ ਫਿਰੇ। ਫੁਰਨਿਆਂ 'ਚੋਂ ਬੋਲੇ ਤੇ ਫੁਰਨਿਆਂ 'ਚੋਂ ਗੱਲਾਂ ਕਰੇ। ਅਜਿਹੀਆਂ ਪਰਤਾਂ ਵਿੱਚ ਜਾ ਵਿਚਰੇ ਜਿਹੜੀਆਂ ਚਿੱਤ-ਚੇਤੇ ਵੀ ਨਹੀਂ ਹੁੰਦੀਆਂ।

ਮਨ ਹਰ ਸਮੇਂ ਬੋਲਦਾ ਕਦੇ ਸੱਚ, ਕਦੇ ਝੂਠ, ਕਦੇ ਵਿੱਚ-ਵਿਚਾਲੇ। ਸੱਚ ਸਮੇਂ ਨੂੰ ਪਚਦਾ ਨਹੀਂ, ਝੂਠ ਬੋਲਿਆਂ ਬਚਦਾ ਨਹੀਂ ਤੇ ਵਿੱਚ-ਵਿਚਾਲੇ ਰਹਿਣਾ ਜਚਦਾ ਨਹੀਂ। ਉਹ ਫੇਰ ਵੀ ਬੋਲਦਾ ਹੈ ਪਰ ਸਮਾਂ ਉਸਨੂੰ ਸੁਣਦਾ ਨਹੀਂ। ਸਮਾਂ ਉਸ ਮੱਝ ਦਾ ਰੂਪ ਧਾਰ ਲੈਂਦਾ ਹੈ ਜਿਸ ਅੱਗੇ ਬੋਲਾਂ ਦੀ ਬੀਨ ਵਜਾਉਣ ਦਾ ਕੋਈ ਅਸਰ ਨਹੀਂ ਹੁੰਦਾ।

ਜੁਅੱਰਤ ਕਰਕੇ ਜਦ ਮਨ ਦਲੇਰੀ ਨਾਲ ਉਹ ਗੱਲਾਂ ਕਰਦਾ ਹੈ ਜਿਹੜੀਆਂ ਸਮੇਂ ਲਈ ਚਣੌਤੀ ਹੋਣ ਤਾਂ ਸਮਾਂ ਉਸ ਵਲ ਪਿੱਠ ਹੀ ਕਰ ਲੈਂਦਾ। ਸਮੇਂ ਲਈ ਸੁਣਨਾ ਔਖਾ ਹੋ ਜਾਂਦਾ। ਕਈ ਵਾਰ ਤਾਂ ਉਹ ਅਣਸੁਣੇ ਹੋਣ ਦਾ ਬਹਾਨਾ ਕਰਦਾ ਹੋਇਆ ਵੀ ਮਿਰਚ ਖਾ ਜਾਂਦਾ। ਸਮੇਂ ਦਾ ਵਿਵਹਾਰ ਹੀ ਪਹਿਲਾਂ ਵਾਲਾ ਨਹੀਂ ਰਹਿੰਦਾ। ਬਦਲ ਲੈਂਦਾ ਹੈ ਸਭ ਤੌਰ ਤਰੀਕੇ। ਮਨ ਆਪਣੇ ਆਪ ਨੂੰ ਬਦਲਣ ਲਈ ਬੋਲੇ ਤਾਂ ਖੁਦ ਹੀ ਨਹੀਂ ਸੁਣਦਾ। ਸਮਾਜ ਨੂੰ ਬਦਲਣ ਲਈ ਤੁਰੇ ਤਾਂ ਕੋਈ ਤਿਆਰ ਨਹੀਂ ਹੁੰਦਾ। ਗਲੀਆਂ ਸੜੀਆਂ ਰਸਮਾਂ-ਰੀਤਾਂ, ਫੋਕੇ ਵਹਿਮਾਂ-ਭਰਮਾਂ ਵਿਰੁੱਧ ਅਵਾਜ਼ ਉਠਾਵੇ ਤਾਂ ਕੋਈ ਗੌਲ਼ਦਾ ਨਹੀਂ। ਦੁਆਵਾਂ ਕਰੇ ਤਾਂ ਦੁਆਵਾਂ ਕਰਾਉਣ ਵਾਲਾ ਨੇੜੇ ਨਹੀਂ ਢੁੱਕਦਾ।

ਮਨ ਪਖੰਡਾਂ ਅੱਗੇ ਬੋਲਦਾ। ਪੜਛੇ ਉਧੇੜਦਾ। ਪਖੰਡੀਆਂ ਦੀ ਸਿਹਤ 'ਤੇ ਜ਼ਰਾ ਮਾਤਰ ਅਸਰ ਨਹੀਂ। ਅਗਿਆਨ ਅੱਗੇ ਵੀ ਬੋਲਦਾ ਤੇ ਧਿਆਨ ਅੱਗੇ ਵੀ ਬੋਲਦਾ ਪਰ ਦੋਵਾਂ 'ਚੋਂ ਹੀ ਉਸਨੂੰ ਸੁਣਦਾ ਕੋਈ ਨਹੀਂ। ਇਹ ਉਨ੍ਹਾਂ ਧਰਮ ਮੰਦਰਾਂ

ਅੱਗੇ ਵੀ ਖੜ੍ਹ ਕੇ ਉੱਚੀ-ਉੱਚੀ ਕੂਕਦਾ ਹੈ ਜਿੱਥੇ ਵਰਗਾਂ ਦੀ ਵੰਡ ਦੇ ਪਖੰਡ ਕਾਰਨ ਧਰਤੀ ਤੇ ਵਸਦੇ ਰੱਬ ਦੇ ਸਰੂਪਾਂ ਨੂੰ ਦਾਖਲ ਹੋਣ ਤੋਂ ਰੋਕਿਆ ਜਾਂਦਾ।

ਇਹ ਕਾਲ਼ੇ ਸਮਿਆਂ 'ਚ ਵੀ ਬੋਲਣ ਤੋਂ ਨਹੀਂ ਰੁਕਦਾ। ਗਲਤ ਵਰਤਾਰਿਆਂ ਨੂੰ ਟੋਕਦਾ। ਬਹੁਤੀ ਵਾਰ ਅਜਿਹਾ ਕਰਨ ਦਾ ਖਮਿਆਜ਼ਾ ਵੀ ਭੁਗਤਣਾਂ ਪੈ ਜਾਂਦਾ। ਪਰ ਇਹ ਮਨ ਇਸ ਲਈ ਪਰਵਾਹ ਨਹੀਂ ਕਰਦਾ ਕਿਉਂਕਿ ਇਸ ਤੋਂ ਉਹ ਸੱਚ ਛੁਪਾਇਆ ਨਹੀਂ ਜਾਂਦਾ ਜਿਸ ਨੇ ਬਾਹਰ ਆਉਣਾ ਹੀ ਹੁੰਦਾ। ਬਸ ਏਹੀ ਦੀਵਾਨਾ ਤੇ ਮਸਤਾਨਾ ਆਲਮ ਹੈ ਜਿਹੜਾ ਉਸਨੂੰ ਟਿਕਣ ਨਹੀਂ ਦਿੰਦਾ।

ਜਿਸਮ ਚੁੱਪ ਹੋਣ ਬਾਅਦ ਵੀ ਮਨ ਚੁੱਪ ਨਹੀਂ ਹੁੰਦਾ। ਇਹ ਫੁਰਨਿਆਂ ਦਾ ਗੁਬਾਰਾ ਬਣਕੇ ਕਦੇ ਉੱਡਣਾ ਨਹੀਂ ਭੁੱਲਦਾ। ਵੱਖ ਵੱਖ ਭੇਸ 'ਤੇ ਰੂਪ ਧਾਰ ਕੇ ਕਦੇ ਤਪਸ਼ਾਂ 'ਚੋਂ ਲੰਘਦਾ ਤੇ ਕਦੇ ਸੀਤ ਹਵਾਵਾਂ 'ਚੋਂ, ਕਦੇ ਰਾਗਾਂ 'ਚੋਂ, ਕਦੇ ਰੰਗਾਂ 'ਚੋਂ, ਕਦੇ ਸਾਜ਼ਾਂ 'ਚੋਂ, ਕਦੇ ਸੁਰਾਂ 'ਚੋਂ, ਕਦੇ ਰਾਵਣਾਂ 'ਚੋਂ, ਕਦੇ ਸਾਵਣਾਂ 'ਚੋਂ। ਜ਼ਰਾ ਕਵਿਤਾ 'ਚ ਮਨ ਦਾ ਹਾਲ ਦੇਖੀਏ :

ਸਾਡੇ ਮਨ ਦਾ ਸਾਵਣ ਮਿੱਤਰੋ
ਵਰ੍ਹ ਗਿਆ ਕਿਧਰੇ ਹੋਰ
ਪੈਲਾਂ ਵੀ ਤਾਂ ਕੋਲ ਨਾ ਰਹੀਆਂ
ਉਹ ਵੀ ਲੈ ਗਏ ਮੋਰ।

ਸਾਡੇ ਮਨ ਦਾ ਰਾਵਣ ਮਿੱਤਰੋ
ਸੜ ਗਿਆ ਕਿਧਰੇ ਹੋਰ
ਦਸਾਂ ਸਿਰਾਂ 'ਚੋਂ ਕੋਈ ਨਾ ਲੱਭੇ
ਉਹ ਵੀ ਲੈ ਗਏ ਚੋਰ

ਮਨ ਤਾਂ ਬੋਲਦਾ, ਬੋਲੇਗਾ ਤੇ ਬੋਲਦਾ ਹੀ ਰਹੇਗਾ ਕਿਉਂਕਿ ਇਹ ਉਸਦਾ ਸੁਭਾਅ ਵੀ ਹੈ ਤੇ ਵਰਤਾਰਾ ਵੀ। ਅਜਿਹਾ ਕਰਨ ਬਿਨਾ ਉਸ ਦੀ ਗਤੀ ਨਹੀਂ। ਪਰ ਸਮਾਂ ਇਸ ਦੇ ਸੱਚ, ਇਸ ਦੀ ਅਗਨ ਭਾਸ਼ਾ ਤੇ ਇਸ ਦੇ ਕੌਤਕੀ ਬੋਲਾਂ ਨੂੰ ਸੁਣਨ ਲਈ ਤਿਆਰ ਨਹੀਂ ਹੁੰਦਾ। ਏਹੀ ਕਾਰਨ ਹੈ ਕਿ ਏਨੇ ਮਨਾਂ ਤੇ ਏਨੇ ਬੋਲਾਂ ਦੇ ਤੇਜ਼-ਪ੍ਰਤਾਪ ਤੇ ਇਮਾਨਦਾਰੀ ਦੇ ਹੁੰਦਿਆਂ-ਸੁੰਦਿਆਂ ਤਬਦੀਲੀ ਦੀ ਰਫ਼ਤਾਰ ਤੇਜ਼ ਨਹੀਂ। ਕਦਰਾਂ-ਕੀਮਤਾਂ 'ਚ ਵਿਕਾਸ ਹੋ ਹੀ ਨਹੀਂ ਰਿਹਾ। ਘਸੀਆ-ਪਿਟੀਆਂ ਜੰਜ਼ੀਰਾਂ ਨੂੰ ਤੋੜਿਆ ਨਹੀਂ ਜਾ ਰਿਹਾ।

ਉਨ੍ਹਾਂ ਹਨੇਰੀਆਂ ਗਲੀਆਂ ਵਲ ਫੇਰਾ ਮਾਰਨ ਦੀ ਜ਼ਰੂਰਤ ਹੈ ਜਿੱਥੇ ਅਜੇ ਵੀ ਚੌਧਵੀਂ ਸਦੀ ਦਾ ਵਾਜਾ ਵੱਜ ਰਿਹਾ, ਘਟੀਆ ਤੇ ਘਿਨਾਉਣੇ ਵਰਤਾਰਿਆਂ ਨੂੰ ਸਜਾ ਕੇ ਰੱਖਿਆ ਜਾ ਰਿਹਾ। ਮਨ ਅਜਿਹੀਆਂ ਦਿਸ਼ਾਵਾਂ ਦੀ ਦਿਸ਼ਾ ਦੇਖ ਕੇ ਜਦ



ਕੁੱਝ ਤੱਤਾ-ਠੰਢਾ ਬੋਲਦਾ ਹੈ ਤਾਂ ਸਮਾਂ ਤੇ ਸਮੇਂ ਦੇ ਰਹਿਬਰ ਉੱਕਾ ਸੁਣਦੇ ਹੀ ਨਹੀਂ।

ਸਮਾਂ ਸੁਣੇ, ਨਾ ਸੁਣੇ ਮਨ ਤਾਂ ਉਹ ਚਾਨਣੀਆਂ ਕਿਰਨਾਂ ਬਿਖੇਰਦਾ ਹੀ ਰਹੇਗਾ ਜਿਨ੍ਹਾਂ ਸਮਾਜ ਦੀਆਂ ਅੰਨੀਆਂ ਖੂਹੀਆਂ ਤੇ ਕਾਲੀਆਂ ਨੁੱਕਰਾਂ ਵਿੱਚ ਰੌਸ਼ਨੀ ਕੀਤੇ ਬਿਨਾਂ ਨਹੀਂ ਰਹਿ ਸਕਣਾ ਹੁੰਦਾ। ਕੋਈ ਸੁਣੇ ਨਾ ਸੁਣੇ ਮਨ ਨੂੰ ਠੋਸ, ਢੁਕਵਾਂ ਤੇ ਬਾਦਲੀਲ ਸੱਚ ਬੋਲਦੇ ਹੀ ਰਹਿਣਾ ਚਾਹੀਦਾ ਤਾਂ ਕਿ ਹਰਕਤ ਤੇ ਹਲਚਲ ਬਣੀ ਰਹੇ।

♦♦♦

## 25

# ਸਿਰਜ ਸਕੇ ਅਸਮਾਨ ਅਜੇ ਨਾ , ਵੰਡਾਂ ਕਰੀ ਹਾਂ ਜਾਂਦੇ

ਅਸਮਾਨ, ਅੰਬਰ ਤੇ ਆਕਾਸ਼ ਉਸ ਵਿਸ਼ਾਲਤਾ ਤੇ ਉਚਾਈ ਦੇ ਨਾਂ ਹਨ ਜਿਨ੍ਹਾਂ ਦੇ ਭੇਤ ਅਜੇ ਨਹੀਂ ਪਾਏ ਜਾ ਸਕੇ। ਨਿੱਤ ਕੀਤੇ ਜਾਂਦੇ ਯਤਨਾਂ ਤੇ ਖੋਜ ਕਾਰਜਾਂ ਦੇ ਬਾਵਜੂਦ ਅਜੇ ਬਹੁਤ ਕੁੱਝ ਅਜਿਹਾ ਹੈ ਜਿਸ ਬਾਰੇ ਕੁੱਝ ਸੁਰ ਪਤਾ ਨਹੀਂ ਲੱਗਦਾ। ਫੇਰ ਵੀ ਲੱਭਣ ਦੀ ਇੱਛਾ ਕਦੇ ਰਾਹ ਵਿੱਚ ਦਮ ਨਹੀਂ ਤੋੜਦੀ, ਇਕ ਕੋਸ਼ਿਸ਼ ਅਸਫਲ ਹੁੰਦੀ ਹੈ ਤਾਂ ਦੂਜੀ ਦਾ ਰਾਹ 'ਤੇ ਤੁਰਨਾ ਬੰਦ ਨਹੀਂ ਹੁੰਦਾ। ਨਵੇਂ ਨਵੇਂ ਸਿਰੇ ਲੱਭਣ ਅਤੇ ਤਰ੍ਹਾਂ ਤਰ੍ਹਾਂ ਦੇ ਮਿਆਰ ਕਾਇਮ ਕਰਨ ਤੋਂ ਮਨੁੱਖ ਕਦੇ ਗੁਰੇਜ਼ ਨਹੀਂ ਕਰਦਾ। ਜਦ ਤੋਂ ਅੰਬਰ ਦੀਆਂ ਪਰਤਾਂ ਵਿੱਚ ਵਿਚਰਨਾ ਆਰੰਭਿਆ ਗਿਆ ਹੈ ਕੁੱਝ ਨਾ ਕੁੱਝ ਹੱਥ ਪੱਲੇ ਪੈਂਦਾ ਰਿਹਾ ਪਰ ਬਹੁਤ ਥੋੜ੍ਹਾ ਕੇਵਲ ਰਾਈ ਮਾਤਰ।

ਬੇ-ਹੱਦੇ ਅਸਮਾਨ ਨੂੰ ਜਾਨਣਾ ਕੋਈ ਆਸਾਨ ਕੰਮ ਨਹੀਂ। ਇਸ ਦੇ ਖਲਾਅ ਦੀ ਅਸੀਮਤਾ, ਇਸ ਵਿੱਚ ਲਟਕਦੀਆਂ ਕੁਦਰਤੀ ਨੇਹਮਤਾਂ ਦੀ ਅਨੰਤਤਾ ਅਤੇ ਸਾਰੇ ਖਲਾਰੇ ਦੀ ਬੇਅੰਤਤਾ ਦੀ ਥਾਹ ਪਾਉਣ ਲਈ ਕੁਦਰਤ ਦੀ ਕਿਤਾਬ ਦੇ ਵਰਕਿਆਂ ਨੂੰ ਫਰੋਲਣ ਦਾ ਉਪਰਾਲਾ ਤਾਂ ਜ਼ਰੂਰ ਸ਼ੁਰੂ ਕੀਤਾ ਗਿਆ ਹੈ ਪਰ ਇਸ ਕਾਰਜ ਵਿੱਚ ਬਹੁਤੀ ਕਾਮਯਾਬੀ ਅਜੇ ਤੱਕ ਮਾਨਣ ਦਾ ਨਸੀਬ ਨਹੀਂ ਬਣ ਸਕੀ। ਕਾਰਨ ਇਹ ਹੀ ਹੋ ਸਕਦਾ ਹੈ ਕਿ ਥੋੜ੍ਹਾ ਬਹੁਤੇ ਨੂੰ ਨਹੀਂ ਜਾਣ ਸਕਦਾ, ਕਿਣਕਾ ਪਹਾੜ ਨੂੰ ਨਹੀਂ ਜਾਣ ਸਕਦਾ, ਬੂੰਦ ਸਮੁੰਦਰ ਦੀ ਥਾਹ ਨਹੀਂ ਪਾ ਸਕਦੀ ਅਤੇ ਕੇਵਲ ਕਿਰਨ ਸੂਰਜ ਦਾ ਸਿਰਨਾਵਾਂ ਦੱਸਣ ਦੇ ਸਮਰੱਥ ਨਹੀਂ ਹੋ ਸਕਦੀ।

ਹਰ ਜਾਗਰਤ ਮਨੁੱਖ ਦੀ ਇੱਛਾ ਹੁੰਦੀ ਹੈ ਕਿ ਉਹ ਜੱਗੋਂ ਤੇਰ੍ਹਵਾਂ ਕੁੱਝ ਕਰ ਵਿਖਾਵੇ। ਉਹ ਆਪਣੇ ਅਣਮੁੱਲੇ ਕਾਰਜਾਂ ਕਾਰਨ ਪ੍ਰਾਪਤੀਆਂ ਕਰ ਕਰ ਕੇ ਆਪਣੇ ਸਿਰ 'ਤੇ ਆਪਣੇ ਹਿੱਸੇ ਦਾ ਅਸਮਾਨ ਸਿਰਜਣ ਦਾ ਭਰਮ ਪਾਲਦਾ ਹੋਇਆ ਉਸ 'ਤੇ ਫ਼ਖ਼ਰ ਕਰਨ ਤੱਕ ਜਾਂਦਾ ਹੈ। ਇਸ ਖੁਸ਼-ਫਹਿਮ ਭੁਲੇਖੇ ਕਾਰਨ ਉਹ ਖੀਵਾ ਹੋਇਆ ਰਹਿੰਦਾ ਅਤੇ ਬੁੱਝਿਆ ਹੋਇਆ ਦੀਵਾ ਬਣਿਆ ਰਹਿੰਦਾ। ਭਰਮ ਦੀ ਧੁੰਦ ਵਿੱਚ ਲਿਪਟੇ ਨੂੰ ਕਿਧਰੇ ਰੌਸ਼ਨੀ ਦੀ ਲੀਕ ਤੱਕ ਨਹੀਂ ਦਿਸਦੀ ਜਿਸ ਕਾਰਨ ਅਸਲੀਅਤ ਤੋਂ ਦੂਰ ਰਹਿੰਦੇ ਨੂੰ ਸੱਚ ਦਾ ਝਲਕਾਰਾ ਤੱਕ ਨਹੀਂ ਪੈਂਦਾ। ਬਣੇ ਹੋਏ ਭਰਮ-ਜਾਲ਼ ਵਿੱਚ ਹੀ ਉਹ ਆਦਮੀ ਉਮਰ ਗੁਜ਼ਾਰ ਜਾਂਦਾ।



ਸਿਆਸਤ ਦੇ ਅੰਬਰ 'ਤੇ ਆਮ ਕਰਕੇ ਅਮੀਰ ਤਬਕਾ ਹੀ ਕਾਬਜ਼ ਹੋਇਆ ਰਹਿੰਦਾ। ਇਹ ਤਬਕਾ ਸਮਝਣ ਲੱਗ ਪੈਂਦਾ ਹੈ ਕਿ ਉਨ੍ਹਾਂ ਵਲੋਂ ਸਿਰਜੇ ਇਸ ਅੰਬਰ ਹੇਠ ਵੱਸਦੇ ਲੋਕਾਂ 'ਤੇ ਰਾਜ ਕਰਨ ਅਤੇ ਹੁਕਮ ਚਲਾਉਣ ਦਾ ਹੱਕ ਉਨ੍ਹਾਂ ਤੋਂ ਬਿਨਾ ਕਿਸੇ ਹੋਰ ਦਾ ਨਹੀਂ ਬਣਦਾ। ਇਹ ਭਰਮ ਉਨ੍ਹਾਂ ਅੰਦਰ ਅਜਿਹਾ ਘਰ ਕਰ ਜਾਂਦਾ ਹੈ ਕਿ ਉਹ ਹੋਰਨਾਂ ਨੂੰ ਹਾਕਮ ਜਮਾਤ ਦੇ ਦਾਇਰੇ ਵਿੱਚ ਦਾਖਲ ਨਹੀਂ ਹੋਣ ਦਿੰਦੇ। ਹਾਲਾਂਕਿ ਸਿਆਸਤਦਾਨਾਂ ਦਾ ਸਾਰਾ ਦਾਰੋਮਦਾਰ ਲੋਕਾਂ ਦੇ ਸਿਰ ਤੇ ਚਲਦਾ ਹੈ ਪਰ ਹਾਕਮ ਬਣਨ ਬਾਅਦ ਉਹ ਉਨ੍ਹਾਂ ਹੀ ਲੋਕਾਂ ਦੇ ਨੇੜੇ ਢੁੱਕਣ ਦਾ ਨਾਂ ਨਹੀਂ ਲੈਂਦੇ, ਜਦ ਕਿ ਅੰਬਰ ਲੋਕਾਂ ਬਿਨਾਂ ਉਨ੍ਹਾਂ ਦਾ ਕਦੇ ਹੋ ਹੀ ਨਹੀਂ ਸਕਦਾ।

ਸਮਾਜਿਕ ਤਾਣਾ-ਬਾਣਾ ਬੁਣਦਿਆਂ ਸਮਾਜ ਦੇ ਰਹਿਬਰਾਂ ਨੇ ਜਿਹੜੀਆਂ ਕਦਰਾਂ-ਕੀਮਤਾਂ ਦਾ ਅੰਬਰ ਸਿਰਜਿਆ ਹੁੰਦਾ ਹੈ ਉਹ ਬਦਲ ਰਹੇ ਸਮਾਜ ਨੂੰ ਵੀ ਆਪਣੇ ਗਲਬੇ ਹੇਠੋਂ ਨਿਕਲਣ ਦੀ ਆਗਿਆ ਨਹੀਂ ਦਿੰਦਾ। ਜਿਹੜੀਆਂ ਰੀਤਾਂ-ਰਸਮਾਂ ਦੇ ਅੰਬਰ ਦੀ ਜ਼ਰੂਰਤ ਹੀ ਨਹੀਂ ਹੁੰਦੀ ਉਹ ਵੀ ਹੇਠਾਂ ਉਤਰਨ ਦਾ ਨਾਂ ਤੱਕ ਨਹੀਂ ਲੈਂਦਾ। ਹਨੇਰ ਅਤੇ ਅਗਿਆਨਤਾ 'ਚ ਤੁਰਿਆ ਵਕਤ ਕੇਵਲ ਉਦੋਂ ਹੀ ਕਰਵਟ ਲੈ ਸਕਦਾ ਹੈ ਜੇ ਰਹਿਬਰਾਂ ਦੇ ਮੱਥੇ ਵਿੱਚ ਉਹ ਦੀਵਾ ਜਗ ਪਵੇ ਜਿਸ ਦੀ ਲੋਅ ਤਨ ਮਨ ਨੂੰ ਹੀ ਨਹੀਂ ਸਗੋਂ ਸਮਾਜ ਦੀਆਂ ਉਨ੍ਹਾਂ ਨੁੱਕਰਾਂ ਤੱਕ ਨੂੰ ਰੌਸ਼ਨ-ਰੌਸ਼ਨ ਕਰ ਦੇਵੇ ਜਿੱਥੇ ਕਦੇ ਲੋਅ ਨਹੀਂ ਜਾਣੀ ਹੁੰਦੀ।

ਸਾਹਿਤਕਾਰ, ਸੰਗੀਤਕਾਰ ਅਤੇ ਚਿੱਤਰਕਾਰ ਆਪੋ ਆਪਣੇ ਖੇਤਰਾਂ ਵਿੱਚ ਆਪੋ ਆਪਣਾ ਅਜਿਹਾ ਚਮਤਕਾਰ ਪੈਦਾ ਕਰਨ ਦਾ ਯਤਨ ਕਰਦੇ ਹਨ ਜਿਸ ਦਾ ਕੋਈ ਠੋਸ ਅਧਾਰ ਨਹੀਂ ਹੁੰਦਾ। ਆਪੋ ਆਪਣੇ ਅਸਮਾਨ ਚਿਤਰਦੇ ਏਥੋਂ ਤੱਕ ਜਾ ਪਹੁੰਚਦੇ ਹਨ ਕਿ ਸਾਰਾ ਅਸਮਾਨ ਉਨ੍ਹਾਂ ਦਾ ਹੀ ਹੋ ਗਿਆ। ਕਈ ਵਾਰ ਤਾਂ ਉਹ ਆਪ ਹੀ ਅਜਿਹਾ ਦਾਅਵਾ ਕਰ ਮਾਰਦੇ ਹਨ ਤੇ ਕਈ ਵਾਰ ਕਿਸੇ ਹੋਰ ਦੀ ਜ਼ੁਬਾਨ ਤੇ ਕਲਮ ਨੂੰ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਜਿਸ ਦੀ ਮਾੜੀ-ਮੋਟੀ ਤੂਤੀ ਬੋਲਦੀ ਹੋਵੇ ਉਹ ਕਿਸੇ ਝਿਜਕ ਬਿਨਾਂ ਧੜੇਬੰਦੀ ਦੀ ਪਾਲਣਾ ਕਰਦਿਆਂ ਨਿਝੱਕ ਕਹਿ ਮਾਰਦਾ ਹੈ ਕਿ ਅੱਧਾ ਅਸਮਾਨ ਫਲਾਣਾ ਹੈ ਤੇ ਅੱਧਾ ਫਲਾਣਾ। ਪੁੱਛ-ਪਰਤੀਤ ਹੋਵੇ ਜਾਂ ਨਾਂ, ਕੋਈ ਫਰਕ ਨਹੀਂ ਪੈਂਦਾ।

ਕਿਸੇ ਵੀ ਖੇਤਰ ਵਿੱਚ ਦਾਅਵੇ ਕਰਨ ਕਰਾਉਣ ਵਾਲਿਆਂ ਦਾ ਕੋਈ ਘਾਟਾ ਨਹੀਂ ਪਰ ਦੇਖਣ ਵਾਲੀ ਗੱਲ ਇਹ ਹੈ ਕਿ ਦਾਅਵਿਆਂ ਦਾ ਕੋਈ ਸੱਚ ਵੀ ਹੈ ਕਿ ਨਹੀਂ? ਪੰਜਾਬੀ ਸਾਹਿਤ ਦੀ ਗੱਲ ਛਿੜੇ ਤਾਂ ਪੰਜਾਬੀ ਦੇ ਸਾਹਿਤਕ ਪਾਰਖੂ ਹੀ ਇਸ ਦੀ ਵਡਿਆਈ ਕਰਦੇ ਸੁਣੇ ਗਏ। ਉਹ ਆਖਦੇ ਹਨ ਕਿ ਪੰਜਾਬੀ ਦੀ ਫਲਾਂ ਵਿਧਾ ਵਿਸ਼ਵ ਪੱਧਰ ਦੀ ਹੋ ਗਈ ਤੇ ਫਲਾਂ ਅਜੇ ਨਹੀਂ ਹੋਈ। ਪੈਮਾਨਾ ਉਨ੍ਹਾਂ ਦੇ ਆਪਣੇ ਹੱਥ ਹੁੰਦਾ ਹੈ ਜਿਸ ਵਿੱਚ ਹੋਰ ਕੋਈ ਦਖਲ ਨਹੀਂ ਦੇ ਸਕਦਾ। ਉਹ ਮਨ

ਆਈ ਦੇ ਫੈਸਲੇ ਕਰਦੇ ਹਨ ਅਤੇ ਮਨਮਰਜ਼ੀ ਦੇ ਵੱਡੇ ਵੱਡੇ ਐਲਾਨ। ਕੋਈ ਇਨ੍ਹਾਂ ਨਾਲ ਸਹਿਮਤ ਹੋਵੇ ਜਾਂ ਨਾਂ ਇਸ ਦੀ ਉਹ ਉੱਕਾ ਹੀ ਪਰਵਾਹ ਨਹੀਂ ਕਰਦੇ। ਇਹ ਭਲਾਂ ਕਿਹੋ ਜਹੀ ਖੇਡ ਹੋਈ।

ਮੇਰੀ ਜਾਚੇ ਦੂਜੀਆਂ ਜ਼ੁਬਾਨਾਂ ਦੇ ਲੇਖਕ ਤੇ ਪਾਰਖੂ ਤੁਹਾਡੀ ਜ਼ੁਬਾਨ ਬਾਰੇ ਜੋ ਕਹਿੰਦੇ ਹਨ ਉਸ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਕਿਉਂਕਿ ਉਹ ਨਾ ਤਾਂ ਲਿਹਾਜ਼ ਨਾਲ ਬੋਲ ਰਹੇ ਹੁੰਦੇ ਹਨ ਨਾ ਹੀ ਧੜੇਬਾਜੀ 'ਚੋਂ। ਉਨ੍ਹਾਂ ਦੀ ਅਜਿਹੀ ਸੱਚੀ ਸੁੱਚੀ ਟਿੱਪਣੀ ਦਾ ਜਿੰਨਾ ਸਵਾਗਤ ਕੀਤਾ ਜਾਏ ਉਨ੍ਹਾਂ ਹੀ ਥੋੜਾ।

ਪੰਜਾਬੀ ਸਾਹਿਤ ਦੀ ਕਿਸੇ ਵੀ ਵਿਧਾ ਵਿੱਚ ਅਜੇ ਕੋਈ ਅਸਮਾਨ ਨਹੀਂ ਸਿਰਜਿਆ ਜਾ ਸਕਿਆ ਪਰ ਤੂਤੀ ਵਜਾਉਣ ਵਾਲਿਆਂ ਨੇ ਤਾਂ ਬਿਨਾਂ ਅਸਮਾਨ ਤੋਂ ਹੀ ਇਸ ਦੇ ਨਾਂ ਤੇ ਵੰਡ ਵੀ ਕਰ ਦਿੱਤੀ ਹੈ ਕਿ ਇੱਕ ਦੋ ਨੂੰ ਰਜਾ ਦਿੱਤਾ ਤੇ ਬਾਕੀਆਂ ਨੂੰ ਖਾਰਜ ਕਰਕੇ ਰੱਖ ਦਿੱਤਾ। ਇਹ ਕਿਹੜੇ ਇਨਸਾਫ ਦੀ ਗੱਲ ਹੈ, ਇਸ ਨੂੰ ਫੇਰ ਕਿਉਂ ਮੰਨਿਆਂ ਜਾਵੇ। ਸਾਹਿਤ ਵਿੱਚ ਬਾਜ਼ੀ ਜਿੱਤਣ ਲਈ ਸੱਚ ਨੂੰ ਅੱਖੋਂ ਓਹਲੇ ਨਹੀਂ ਹੋਣ ਦੇਣਾ ਚਾਹੀਦਾ ਅਤੇ ਉਨ੍ਹਾਂ ਸਿਰਾਂ 'ਤੇ ਤਾਜ ਨਹੀਂ ਧਰਨੇ ਚਾਹੀਦੇ ਜਿਨ੍ਹਾਂ ਦਾ ਇਹ ਹੱਕ ਨਹੀਂ ਬਣਦਾ। ਦੇਖੋ ਜ਼ਰਾ ਕੀ ਹੋਈ ਜਾ ਰਿਹਾ :-

ਜਿੱਤਣ ਲਈ ਸਾਹਿਤ ਦੀ ਬਾਜੀ
ਸੱਚ ਹਰੀ ਹਾਂ ਜਾਂਦੇ
ਹੱਕਦਾਰ ਨਹੀਂ ਜਿਹੜਾ ਸਿਰ
ਤਾਜ ਧਰੀ ਹਾਂ ਜਾਂਦੇ
ਪੰਕਚਰ ਟਿਊਬ ਜਹੀ ਕਲਮ ਵਿੱਚ
ਫੂਕ ਭਰੀ ਹਾਂ ਜਾਂਦੇ
ਸਿਰਜ ਸਕੇ ਅਸਮਾਨ ਅਜੇ ਨਾ
ਵੰਡਾਂ ਕਰੀ ਹਾਂ ਜਾਂਦੇ।

♦♦♦



## 26

# ਵਗਦੀ ਰਹੂ ਜੇ ਸੋਚ ਨਿਰੰਤਰ, ਜੋਤ ਰਹੂਗੀ ਜਗਦੀ

ਜ਼ਿਹਨ ਦੇ ਕੰਮ-ਕਾਜ ਦਾ ਨਾਂ ਹੈ ਸੋਚ। ਜ਼ਿਹਨ ਬਿਨਾਂ ਇਹ ਜਨਮ ਹੀ ਨਹੀਂ ਧਾਰ ਸਕਦੀ। ਇਸ ਦਾ ਮੁੱਖ ਸੋਮਾਂ ਜ਼ਿਹਨ ਤੇ ਇਸ ਦੀ ਮੁੱਖ ਸੀਟ ਜ਼ਿਹਨ। ਇਸ ਦੀ ਧਾਰਾ ਨਹੀਂ। ਇਸ ਦੀਆਂ ਕਿਸਮਾਂ ਦੀ ਥਾਹ ਪਾਉਣੀ ਵੀ ਸੌਖੀ ਨਹੀਂ। ਇਸ ਦੀਆਂ ਪਰਤਾਂ 'ਚ ਕਲਪਨਾ ਤੇ ਯਥਾਰਥ ਵੀ, ਮੰਤਵ ਤੇ ਅਰਥ ਪੂਰਨਤਾ ਵੀ, ਸੂਝ-ਬੂਝ ਤੇ ਗਿਆਨ ਵੀ, ਦ੍ਰਿਸ਼ਟੀ ਤੇ ਪਰਕਾਸ਼ ਵੀ। ਸੋਚ ਮਨੁੱਖ ਦੇ ਅੰਦਰਲੇ ਵਰਤਾਅ ਦਾ ਸਿੱਧਾ ਪ੍ਰਗਟਾ ਤੇ ਸਿੱਧਾ ਪ੍ਰਸਾਰਣ।

ਕੋਈ ਦਿਸ਼ਾ ਅਜਿਹੀ ਨਹੀਂ ਜਿੱਧਰ ਸੋਚ ਨਾ ਤੁਰ ਸਕਦੀ ਹੋਵੇ। ਇਹ ਹਰ ਪਾਸੇ ਦੇ ਦਰਵਾਜ਼ੇ ਖੋਲ੍ਹਣ ਤੋਂ ਨਹੀਂ ਝਿਜਕਦੀ। ਬਿੰਬਾਂ, ਪ੍ਰਤੀਕਾਂ ਅਤੇ ਸੰਕੇਤਾਂ ਦੀ ਸਵਾਰੀ ਕਰਦੀ ਕਰਦੀ ਇਹ ਕਿਤੇ ਦੀ ਕਿਤੇ ਜਾ ਪਹੁੰਚੇ। ਇਸ ਦੀ ਉਡਾਣ ਦੀ ਥਾਹ ਪਾਉਣੀ ਆਸਾਨ ਨਹੀਂ। ਅਸੀਮ ਹੋਣ ਕਾਰਨ ਇਸ ਦੀ ਪਹੁੰਚ ਤੋਂ ਦੂਰ ਜਾਂ ਬਾਹਰ ਕੋਈ ਖਿੱਤਾ ਨਹੀਂ ਰਹਿ ਜਾਂਦਾ। ਇਹ ਤੁਰਦੀ ਹੈ ਤਾਂ ਇਸ ਦਾ ਵਿਵਹਾਰ ਮਸਲਿਆਂ ਨੂੰ ਨਿਪਟਾਉਣ ਵਾਲਾ ਹੁੰਦਾ।

ਕਈ ਜ਼ਿਹਨਾਂ 'ਚ ਸੋਚ ਵੱਖ ਵੱਖ ਹੋ ਸਕਦੀ ਹੈ ਤੇ ਕਈ ਜ਼ਿਹਨਾਂ 'ਚ ਇੱਕੋ ਜਹੀ। ਵੱਖਰੀ ਵੱਖਰੀ ਸੋਚ ਸੌ ਫੁੱਲ ਖਿੜਨ ਦੇਣ ਵਾਂਗ ਹੁੰਦੀ ਹੈ ਤੇ ਇੱਕੋ ਸੋਚ ਪ੍ਰਪੱਕਤਾ ਦਾ ਆਲਮ। ਵੱਖੋ ਵੱਖਰੀ ਸੋਚ ਰੰਗ-ਬਰੰਗਤਾ ਤਾਂ ਪੈਦਾ ਕਰਦੀ ਹੈ ਪਰ ਅਕਸਰ ਹੀ ਇਹ ਕੋਈ ਸਾਂਝਾ ਮਨੋਰਥ ਪੂਰਾ ਕਰਨ ਦੇ ਸਮਰੱਥ ਨਹੀਂ ਹੁੰਦੀ। ਵੱਖ ਵੱਖ ਰਾਹਾਂ 'ਤੇ ਤੁਰਦਿਆਂ ਹੋਣ ਕਾਰਨ ਬਹੁਤੀਆਂ ਸੋਚਾਂ ਦਾ ਜੋ ਯੋਗਦਾਨ ਹੋਣਾ ਚਾਹੀਦਾ ਹੈ, ਉਹ ਨਹੀਂ ਹੁੰਦਾ।

ਜਿਹੜੀ ਸੋਚ ਲਗਾਤਾਰ ਕਾਇਮ ਰਹੇ ਤੇ ਨਿਰੰਤਰ ਵਗਦੀ ਰਹੇ ਉਸ ਵਿੱਚ ਪਾਕੀਜ਼ਗੀ ਵੀ ਆਉਂਦੀ ਰਹਿੰਦੀ ਹੈ ਅਤੇ ਪ੍ਰਪੱਕਤਾ ਵੀ, ਅਰਥ ਭਰਪੂਰਤਾ ਵੀ ਆਉਂਦੀ ਰਹਿੰਦੀ ਹੈ ਅਤੇ ਮੰਤਵ-ਪੂਰਤੀ ਵੀ। ਸੋਚ ਦੇ ਨਿਰੰਤਰ ਬਣੇ ਰਹਿਣ ਨਾਲ ਉਸ ਵਿੱਚ ਨਵਾਂਪਣ ਵੀ ਆਉਂਦਾ ਰਹਿੰਦਾ ਹੈ ਅਤੇ ਅਸਲੋਂ ਨਵੇਂ ਅਨੁਭਵਾਂ ਦਾ ਜਨਮ ਵੀ ਹੁੰਦਾ ਰਹਿੰਦਾ ਹੈ ਜਿਨ੍ਹਾਂ ਨਾਲ ਨਵੀਆਂ ਦਿਸ਼ਾਵਾਂ ਦੇ ਬੂਹੇ ਖੁੱਲਣੋਂ ਨਹੀਂ ਰਹਿੰਦੇ।

ਸੋਚ 'ਤੇ ਪਹਿਰਾ ਦਿੱਤਾ ਜਾਵੇ ਤਾਂ ਬੰਦਾ ਕਿਸੇ ਵੀ ਖਿੱਤੇ ਜਾਂ ਖੇਤਰ ਵਿੱਚ ਚਲਾ ਜਾਵੇ ਤਾਂ ਵੀ ਉਸ ਨੂੰ ਆਂਚ ਨਹੀਂ ਆਉਂਦੀ। ਇਹ ਉਸਦੇ ਨਿੱਤ ਦੇ

ਸੰਸਕਾਰਾਂ ਦਾ ਹਿੱਸਾ ਬਣ ਜਾਂਦੀ ਹੈ ਅਤੇ ਉਸ ਦਾ ਨਿੱਤ ਦਾ ਵਿਵਹਾਰ। ਇਹ ਉਸ ਦੀ ਪਛਾਣ ਬਣ ਜਾਂਦੀ ਹੈ ਜਿਸ ਤੋਂ ਉਹ ਸਹਿਜੇ ਹੀ ਪਛਾਣਿਆ ਜਾਂਦਾ।

ਜੇ ਕਦੇ ਇੱਕੋ ਸੋਚ ਵਰ੍ਹਿਆਂ ਤੱਕ ਸਜੀਵ ਰਹੇ ਤੇ ਸਦੀਆਂ ਤੱਕ ਕਾਇਮ ਰਹੇ ਤਾਂ ਵਕਤ ਦੇ ਸਿਰ ’ਤੇ ਅਜਿਹੀ ਜੋਤ ਜਗਦੀ ਹੈ ਜਿਹੜੀ ਕਦੇ ਨਹੀਂ ਬੁਝਦੀ। ਅਜਿਹੀ ਜਗਦੀ ਹੈ ਜਿਹੜੀ ਸਦੀਆਂ ਨੂੰ ਆਪਣੀ ਲਪੇਟ ਤੋਂ ਬਾਹਰ ਨਹੀਂ ਜਾਣ ਦਿੰਦੀ ਅਤੇ ਆਪਣੇ ਪ੍ਰਭਾਵ ਤੋਂ ਮੁਕਤ ਨਹੀਂ ਹੋਣ ਦਿੰਦੀ। ਇਹ ਆਮ ਸੋਚ ਨਹੀਂ ਹੁੰਦੀ ਸਗੋਂ ਉਹ ਹੁੰਦੀ ਹੈ ਜਿਹੜੀ ਜਨਤਾ ਦੀਆਂ ਮਾਨਸਿਕ ਭੁੱਖਾਂ ਨੂੰ ਤ੍ਰਿਪਤ ਕਰਦੀ ਹੈ ਤੇ ਆਰਥਿਕ ਭੁੱਖਾਂ ਨੂੰ ਵੀ, ਧਾਰਮਿਕ ਮਸਲਿਆਂ ਨੂੰ ਵੀ ਅਤੇ ਸਮਾਜਿਕ ਮਸਲਿਆਂ ਨੂੰ ਵੀ।

ਸੋਚ ਦਾ ਨਿਰੰਤਰ ਬਣਿਆ ਰਹਿਣਾ ਅਤੇ ਤੁਰੀ ਜਾਣਾ ਅਜਿਹਾ ਕਾਰਜ ਹੈ ਜਿਸ ‘’ਚੋਂ ਰਾਹ ਵੀ ਪੈਦਾ ਹੁੰਦੇ ਹਨ ਅਤੇ ਰੋਸ਼ਨੀ ਵੀ, ਵਿਚਾਰ ਵੀ, ਜਜ਼ਬੇ ਵੀ ਅਤੇ ਨਾਲ ਦੀ ਨਾਲ ਬੌਧਿਕਤਾ ਦਾ ਪ੍ਰਕਾਸ਼ ਵੀ :-

ਸਾਡੇ ਸਭ ਦੇ ਮੱਥੇ ਅੰਦਰ
ਰੋਜ਼ ਰੋਸ਼ਨੀ ਲੱਗਦੀ
ਕਦੇ ਵਿਚਾਰਾਂ ਕਦੇ ਜਜ਼ਬਿਆਂ
ਦੀ ਨਦੀ ਇੱਕ ਵੱਗਦੀ
ਬੌਧਿਕਤਾ ਦੇ ਅੰਬਰ ਉੱਤੇ
ਕਦੇ ਚਾਂਦਨੀ ਜਗਦੀ
ਵਗਦੀ ਰਹੂ ਜੇ ਸੋਚ ਨਿਰੰਤਰ
ਜੋਤ ਰਹੂਗੀ ਜਗਦੀ

ਜੋਤ ਅੰਦਰ ਲੁਭਾਉਣਾਪਨ ਹੋਵੇ, ਸੁਪਨੇ ਹੋਣ, ਆਸਾਂ ਦੇ ਬੀਜ ਹੋਣ ਤਾਂ ਸੋਚ ਦੇ ਜਗਿਆਸੂਆਂ ਦੀ ਥੁੜ ਨਹੀਂ ਰਹਿੰਦੀ। ਇਹੀ ਕਾਰਨ ਹੈ ਕਿ ਰੋਸ਼ਨੀ ਜਦ ਜੋਤ ਦੀ ਪਦਵੀ ਪਾ ਲੈਂਦੀ ਹੈ, ਸੋਚ ਜਦ ਜ਼ਿੰਦਗੀ ਦਾ ਸੁਪਨਾ ਬਣ ਜਾਂਦੀ ਹੈ ਤਾਂ ਹਰ ਕੋਈ ਉਡਾਰੀਆਂ ਭਰਨ ਦੇ ਮੌਕੇ ਤੋਂ ਦੂਰ ਨਹੀਂ ਰਹਿਣਾ ਚਾਹੁੰਦਾ। ਉਡਾਰੀਆਂ ਕਿ ਜਿਨ੍ਹਾਂ ’ਚ ਧੀਰਜ ਹੋਵੇ, ਦੈਵੀਅਤ ਹੋਵੇ ਅਤੇ ਨਾਲ ਦੀ ਨਾਲ ਆਨੰਦ। ਅਜਿਹਾ ਹੋਣ ਨਾਲ ਉਨ੍ਹਾਂ ਸਿਖਰਾਂ ਨੂੰ ਛੋਹਿਆ ਜਾ ਸਕਦਾ ਹੈ ਅਤੇ ਉਨ੍ਹਾਂ ਮੰਜ਼ਿਲਾਂ ’ਤੇ ਪਹੁੰਚਿਆ ਜਾ ਸਕਦਾ ਹੈ ਜਿਹੜੀਆਂ ਅਕਸਰ ਮਨੁੱਖ ਦਾ ਸੁਪਨਾ ਬਣੀਆਂ ਰਹਿੰਦੀਆਂ।

♦♦♦



## 27

# ਦਿਲ ਵਿੱਚ ਅਕਸਰ ਵਗਦੇ ਰਹਿੰਦੇ ਰੰਗਾਂ ਦੇ ਦਰਿਆ

ਦਿਲ ਅੰਗ ਹੈ ਜਿਸਮ ਦਾ। ਡਾਕਟਰ ਇਸ ਨੂੰ ਦਿਖਾ ਸਕਦਾ। ਬੜਾ ਜ਼ਰੂਰੀ ਅੰਗ। ਨਰਮ ਤੇ ਨਾਜ਼ੁਕ। ਕੰਮ ਦੀ ਚੀਜ਼। ਇਸ ਦੀ ਬੜੀ ਭੂਮਿਕਾ। ਜਿਸਮ ਵਿੱਚ ਜਾਨ ਪਾਈ ਰੱਖਦਾ। ਕਈ ਪਾਸਿਆਂ ਨੂੰ ਦੌੜਾਈ ਰੱਖੇ। ਨਾ ਇਹ ਆਪ ਟਿਕਦਾ ਨਾ ਟਿਕਣ ਦਿੰਦਾ। ਕਦੇ ਥੱਕਦਾ ਨਹੀਂ ਕਦੇ ਰੁਕਦਾ ਨਹੀਂ। ਇਹ ਤੁਰਿਆ ਰਹਿੰਦਾ ਸਦਾ ਹਰਕਤ ਵਿੱਚ, ਉਦੋਂ ਤੱਕ ਜਦ ਤੱਕ ਇਸ ਵਿੱਚ ਉੱਠੀਆਂ ਤਰੰਗਾਂ ਕਿਸੇ ਟਿਕਾਣੇ ਨਹੀਂ ਜਾ ਲਗਦੀਆਂ। ਟਿਕਾਣੇ ਤੋਂ ਬਾਅਦ ਕੋਈ ਹੋਰ ਟਿਕਾਣਾ ਤੇ ਫੇਰ ਹੋਰ, ਹੋਰ ਤੇ ਹੋਰ।

ਇਸ ’ਤੇ ਹਮਲਾ (ਅਟੈਕ) ਹੋ ਜਾਏ ਤਾਂ ਵੀ ਇਸ ਨੂੰ ਬਹੁਤੀ ਪ੍ਰਵਾਹ ਨਹੀਂ ਹੁੰਦੀ, ਇਹ ਡਟ ਕੇ ਮੁਕਾਬਲਾ ਕਰਦਾ। ਜਿਸਮ ਨੂੰ ਬੇਜਾਨ ਨਹੀਂ ਹੋਣ ਦਿੰਦਾ। ਕਈ ਵਾਰ ਤਾਂ ਕਈ ਕਈ ਹਮਲਿਆਂ ਦਾ ਸਾਹਮਣਾ ਕਰਦਾ। ਦਿਲ-ਗੁਰਦੇ ਹੋਣ ਦਾ ਸਬੂਤ ਦੇ ਦਿੰਦਾ। ਹਮਲਿਆਂ ਨਾਲ ਜਿਸਮ ਕਮਜ਼ੋਰ ਤਾਂ ਹੋ ਜਾਂਦਾ ਪਰ ਢੇਰੀ ਨਹੀਂ ਹੁੰਦਾ। ਜੇ ਦਿਲ ਕਮਜ਼ੋਰ ਹੋਵੇ ਤਾਂ ਪਹਿਲੇ ਹੱਲੇ ਵਿੱਚ ਹੀ ਔਹ ਗਿਆ ਤੇ ਨਾਲ ਹੀ ਤੰਦਰੁਸਤ ਤੇ ਚੰਗੇ ਭਲੇ ਜਿਸਮ ਨੂੰ ਵੀ ਨਾਲ ਲੈ ਜਾਂਦਾ।

ਦਿਲ ਵਲਵਲਿਆਂ ਦਾ ਸੋਮਾ ਹੈ ਤੇ ਤਰੰਗਾਂ ਦਾ ਖਜ਼ਾਨਾ। ਇਸ ਵਿੱਚ ਜੋ ਜੋ ਕੁੱਝ ਹੋ ਸਕਦਾ ਹੈ ਉਹ ਜਿਸਮ ਦੇ ਕਿਸੇ ਹੋਰ ਅੰਗ ਵਿੱਚ ਨਹੀਂ ਹੁੰਦਾ। ਇਸ ਵਿੱਚੋਂ ਉਗਮਦੇ ਵਲਵਲੇ, ਤਰੰਗਾਂ ਤੇ ਫੁਰਨੇ ਉਮਰ ਭਰ ਬੰਦੇ ਨੂੰ ਆਪਣੇ ਮਗਰ ਦੌੜਾਈ ਫਿਰਦੇ ਹਨ ਕਿ ਉਸ ਨੂੰ ਜੀਵਨ ਦਾ ਮਨੋਰਥ ਹੀ ਯਾਦ ਨਹੀਂ ਰਹਿੰਦਾ। ਇਸ ਮਗਰ ਲੱਗ ਕੇ ਕੋਈ ਆਸ਼ਕੀ ਵੱਲ ਤੁਰ ਜਾਂਦਾ ਹੈ ਕੋਈ ਦਰਵੇਸ਼ੀ ਵੱਲ, ਕੋਈ ਅਮੀਰੀ ਵਲ ਤੁਰ ਜਾਂਦਾ ਹੈ ਕੋਈ ਫਕੀਰੀ ਵੱਲ। ਇਸ ਦੀ ਬਦੌਲਤ ਏਨੇ ਰੰਗ ਦੇਖੇ ਜਾ ਸਕਦੇ ਹਨ ਕਿ ਉਨ੍ਹਾਂ ਦੀ ਗਿਣਤੀ ਹੀ ਨਹੀਂ ਹੋ ਸਕਦੀ।

ਅਕਸਰ ਹੀ ਇਸ ਵਿੱਚ ਵਲਵਲਿਆਂ ਦੀ ਹਵਾ ਸਰ ਸਰ ਕਰਦੀ ਅਜਿਹੇ ਗੀਤ ਗਾਉਂਦੀ ਰਹਿੰਦੀ ਹੈ ਜਿਹੜੇ ਕਿਸੇ ਭਾਸ਼ਾ ਦੇ ਅੱਖਰਾਂ ਵਿੱਚ ਨਹੀਂ ਲਿਖੇ ਜਾ ਸਕਦੇ। ਅੱਖਰ ਹਵਾ ਦੀ ਉਸ ਸਰ ਸਰ ਦੇ ਨੇੜੇ ਤੇੜੇ ਵੀ ਨਹੀਂ ਪਹੁੰਚਦੇ। ਸਮਰੱਥਾ ਦੀ ਬੇਬਸੀ ਦਾ ਆਲਮ ਫੈਲ ਕੇ ਰਹਿ ਜਾਂਦਾ। ਇਹ ਹਵਾ ਕਦੇ ਪਤਾਲ ਵੱਲ ਤੁਰ ਪੈਂਦੀ ਹੈ ਕਦੇ ਪਹਾੜ ਵੱਲ। ਕਦੇ ਸਾਗਰ ਵੱਲ ਤੇ ਕਦੇ ਦੂਰ ਦੂਰ ਤੱਕ

ਫੈਲੇ ਮਾਰੂਥਲ ਵੱਲ। ਇਸ ਹਵਾ ਦੀ ਥਾਹ ਪਾਉਣੀ ਕਿਸੇ ਲਈ ਵੀ ਮੁਮਕਿਨ ਨਹੀਂ ਹੁੰਦੀ।

ਦਿਲ ਵਿੱਚ ਰੰਗਾਂ ਦੀ ਭਰਮਾਰ ਹੈ ਪਰ ਇਨ੍ਹਾਂ ਦੇ ਵੇਰਵਿਆਂ ਵਿੱਚ ਜਾਣਾ ਆਸਾਨ ਕੰਮ ਨਹੀਂ। ਦਿਲ 'ਤੇ ਹੱਥ ਰੱਖ ਕੇ ਆਖਣਾ ਪਵੇਗਾ ਕਿ ਦਿਲ ਵਿੱਚ ਰੰਗ ਹਜ਼ਾਰੋ-ਹਜ਼ਾਰ। ਗਹਿਰਾਈ ਇਸ ਦੀ ਕੋਈ ਮਾਪ ਨਾ ਸਕੇ ਤੇ ਉਡਾਣ ਦੀ ਉਚਾਈ ਕੋਈ ਨਾਪ ਨਾ ਸਕੇ।

ਦਿਲ ਗਹਿਰਾ ਤੇ ਦਿਲ ਦਰਿਆ,
ਜਜ਼ਬਿਆਂ ਨਾਲ ਭਰਿਆ ਭਰਿਆ
ਜ਼ਿੰਦਗੀ ਦੇ ਰੰਗਾਂ ਨਾਲ ਖੇਡੇ,
ਕਲਪਨਾ ਵਿੱਚ ਤਰਿਆ ਤਰਿਆ।

ਜਦ ਇਹ ਆਸ਼ਕੀ ਦੀ ਰੰਗਣ ਵਿੱਚ ਰੰਗ ਹੋ ਕੇ ਵਕਤ ਦੇ ਸਫੇ 'ਤੇ ਵਿਚਰਦਾ ਹੈ ਤਾਂ ਇਸ ਵਰਗਾ ਦਲੇਰ ਕੋਈ ਨਹੀਂ ਹੁੰਦਾ। ਇਸ ਕੋਲ ਫੌਜਾਂ ਦੀ ਸ਼ਕਤੀ ਆ ਜਾਂਦੀ ਹੈ, ਮੌਜਾਂ ਦੀ ਬਹਾਰ, ਧੁਨ ਪੱਕੀ ਹੋ ਜਾਂਦੀ ਹੈ ਤੇ ਪੱਕੇ ਇਕਰਾਰ।

ਅੱਗੇ ਵੱਧਣ ਦਾ ਅਹਿਦ ਹੁੰਦਾ ਹੈ ਪਿੱਛੇ ਮੁੜਨ ਦਾ ਨਹੀਂ। ਮਰ ਮਿਟਣ ਦਾ ਰੰਗ ਇਸ ਤੋਂ ਉਤਰਨ ਦਾ ਨਾਂ ਨਹੀਂ ਲੈਂਦਾ। 'ਕਰੋ ਜਾਂ ਮਰੋ' ਦਿਲ ਦੀ ਬਿਰਤੀ ਦਾ ਅਹਿਮ ਅੰਗ ਬਣ ਜਾਂਦਾ ਹੈ ਜਿਹੜਾ ਮਿੱਥੇ ਹੋਏ ਹਾਸਲ ਕਮਾਏ ਬਗੈਰ ਟਿਕ ਕੇ ਬੈਠਣ ਦਾ ਨਾਂ ਤੱਕ ਨਹੀਂ ਲੈਂਦਾ।

ਭਗਤੀ ਦਾ ਰੰਗ ਰੂਹ ਦੀਆਂ ਪਰਤਾਂ ਵਿੱਚ ਵਿਚਰਨ ਲਈ ਲੈ ਜਾਂਦਾ। ਦਿਲ ਵਿੱਚ ਉੱਠਦੇ-ਫੁਰਦੇ ਫੁਰਨੇ ਤੇ ਤਰੰਗਾਂ ਉਸ ਖਿੱਤੇ ਵੱਲ ਲੈ ਜਾਂਦੀਆਂ ਹਨ ਜਿੱਥੇ ਨਿਮਰਤਾ ਬਿਨਾਂ ਕੁੱਝ ਵੀ ਨਹੀਂ ਹੁੰਦਾ। ਇਹ ਰੰਗ ਦੁਨੀਆਂ ਨੂੰ ਹੀ ਨਹੀਂ ਸਗੋਂ ਸਾਰੇ ਬ੍ਰਹਿਮੰਡ ਨੂੰ ਹੀ ਗਲਵੱਕੜੀ ਵਿੱਚ ਲਈ ਫਿਰਨ ਤੋਂ ਸੰਕੋਚ ਨਹੀਂ ਕਰਦਾ।

ਅਮੀਰੀ ਦੇ ਰੰਗਾਂ ਦੀ ਕੋਈ ਥਾਹ ਨਹੀਂ, ਕੋਈ ਸੀਮਾਂ ਨਹੀਂ। ਇਨ੍ਹਾਂ ਰੰਗਾਂ ਵਿੱਚੋਂ ਲੰਘਦਿਆਂ ਕਈ ਤਾਂ ਏਨੀ ਮਾਇਆ ਇੱਕ ਦਿਨ ਵਿੱਚ ਖਰਚ ਦਿੰਦੇ ਹਨ ਜਿਹੜੀ ਕਿਸੇ ਹੋਰ ਨੂੰ ਉਮਰ ਭਰ ਵਿੱਚ ਵੀ ਨਸੀਬ ਨਹੀਂ ਹੁੰਦੀ। ਕੋਈ ਹਫਤੇ ਭਰ ਦੀ ਪੁਲਾੜੀ ਸੈਰ ਲਈ ਦੋ ਕਰੋੜ ਡਾਲਰ ਖਰਚਣ ਦੇ ਸਮਰੱਥ ਹੁੰਦਾ ਤੇ ਕਿਸੇ ਦੀਆਂ ਕਈ ਪੁਸ਼ਤਾਂ ਏਨਾ ਪੈਸਾ ਕਮਾਣ ਤੇ ਦੇਖਣ ਦੇ ਸਮਰੱਥ ਨਹੀਂ ਹੁੰਦੀਆਂ।

ਫਕੀਰੀ ਦੇ ਰੰਗ ਦੀ ਮਹਿਮਾਂ ਉਹੀ ਜਾਣ ਸਕਦਾ ਜਿਹੜਾ ਕਦੇ ਫਕੀਰੀ ਦੇ ਆਲਮ ਵਿੱਚੋਂ ਲੰਘਿਆ ਹੋਵੇ। ਇਹ ਉਹ ਰੰਗ ਹੈ ਜਿਸ ਵਿੱਚ ਇਛਾਵਾਂ ਨਾ-ਮਾਤਰ ਹੀ ਹੁੰਦੀਆਂ ਹਨ, ਪਰ! ਸੰਤੋਖ, ਸਬਰ ਤੇ ਸਹਿਜ ਹੋ ਜਾਂਦੇ ਹਨ ਬਹੁਤ ਕੱਦਵਾਰ । ਜਿਨ੍ਹਾ ਦੇ ਕਾਰਨ ਹੀ ਕੁੱਲੀ ਵਿੱਚ ਵੱਸਦੀ ਫਕੀਰੀ ਦੀ ਮਹਿਮਾਂ ਮਹਿਲਾਂ ਦੇ ਸਿਰਾਂ ਉੱਪਰੋਂ ਵੀ ਲੰਘਣ ਤੋਂ ਗੁਰੇਜ਼ ਨਹੀਂ ਕਰਦੀ।



ਕੁਦਰਤ ਤੇ ਜ਼ਿੰਦਗੀ ਦੇ ਏਨੇ ਰੰਗ ਹਨ ਜਿਨ੍ਹਾਂ ਨੂੰ ਦਿਲ ਦੀ ਕਿਤਾਬ ਵਿੱਚੋਂ ਬੜੇ ਹੀ ਅਰਾਮ ਨਾਲ ਪੜ੍ਹਿਆ ਜਾ ਸਕਦੈ। ਇਹ ਰੰਗ ਦਿਲ ਦੇ ਅੰਦਰ ਅਕਸਰ ਉੱਡਦੇ, ਬਿਖਰਦੇ ਤੇ ਵਗਦੇ ਰਹਿੰਦੇ ਹਨ, ਰੰਗਾਂ ਦੇ ਦਰਿਆ ਬਣ ਕੇ। ਇਨ੍ਹਾਂ ਰੰਗਾਂ ਦੇ ਦਰਿਆਵਾਂ ਨੂੰ ਮਹਿਸੂਸ ਕਰਨਾ ਅਤੇ ਇਨ੍ਹਾਂ ਵਿੱਚ ਟੁੱਭੀਆਂ ਲਾਉਣਾ ਹਰ ਇੱਕ ਦਾ ਨਸੀਬ ਨਹੀਂ ਹੁੰਦਾ। ਇਹ ਸਿਰਫ ਉਹੀ ਲਾ ਸਕਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਦੀ ਸਾਰ ਵੀ ਹੋਵੇ ਤੇ ਸਮਝ ਵੀ। ਉਹ ਤਾਂ ਇਸ ਵਿੱਚ ਹੀ ਪਹਾੜ, ਨਦੀ, ਝਰਨੇ ਅਤੇ ਹਵਾ ਦੇ ਅਹਿਸਾਸ ਕਰਕੇ ਇਹ ਕਹਿ ਸਕਦੇ ਹਨ ਕਿ ਦਿਲ ਵਿੱਚ ਅਕਸਰ ਵਗਦੇ ਰਹਿੰਦੇ ਰੰਗਾਂ ਦੇ ਦਰਿਆ। ਇਨ੍ਹਾਂ ਸਤਰਾਂ 'ਤੇ ਵੀ ਨਜ਼ਰ ਫੇਰੀਏ:

ਸਾਡੇ ਦਿਲ ਵਿੱਚ ਉੱਗਿਆ ਪਹਾੜ
ਜਿਸਮ ਵਿੱਚ ਨਦੀ ਵਗਦੀ
ਦੋਹਾਂ ਅੱਖਾਂ ਵਿੱਚ ਝਰਨੇ ਦਾ ਨੀਰ
ਤੇ ਜਾਂਗਲੀ ਜਹੀ ਪੌਣ ਵਗਦੀ।

♦♦♦

## 28

# ਕਰਮਕਾਂਡ ਦੀਆਂ ਭੀੜਾਂ ਅੰਦਰ ਰੂਹ ਕਦੇ ਨਹੀਂ ਖਿੜ ਸਕਦੀ

ਕਰਮਕਾਂਡ ਅਜਿਹੇ ਅਡੰਬਰ ਦਾ ਨਾਂ ਹੈ ਜਿਸ ਦਾ ਕੋਈ ਸਿਰਨਾਵਾਂ ਨਹੀਂ ਹੁੰਦਾ, ਜਿਸ ਦਾ ਕੋਈ ਅਰਥ ਨਹੀਂ ਹੁੰਦਾ, ਜਿਸ ਦਾ ਕੋਈ ਹਾਸਲ ਨਹੀਂ ਹੁੰਦਾ। ਹਵਾ 'ਚ ਤਲਵਾਰਾਂ ਚਲਾਉਣ ਦਾ ਨਤੀਜਾ ਕਦੇ ਕੋਈ ਹੁੰਦਾ ਹੀ ਨਹੀਂ। ਕਰਮਕਾਂਡ ਹੈ ਬਿਨਾ ਰਾਹ ਤੋਂ ਤੁਰੇ ਰਹਿਣ ਦਾ ਯਤਨ। ਕਰਮ ਜ਼ਾਇਆ, ਕਾਰਗੁਜ਼ਾਰੀ ਨਿੱਲ ਤੇ ਵਕਤ ਇਕਦਮ ਬਰਬਾਦ। ਕਰਮਕਾਂਡ ਦੀਆਂ ਹਨੇਰੀਆਂ ਤੇ ਅੰਨ੍ਹੀਆਂ ਗਲ਼ੀਆਂ 'ਚ ਘਿਰਿਆ ਮਨੁੱਖ ਉਹ ਬੇਲੋੜੀ ਯਾਤਰਾ ਕਰਦਾ ਰਹਿੰਦਾ ਹੈ ਜਿਸ ਦੀ ਕੋਈ ਮੰਜ਼ਿਲ ਨਹੀਂ ਹੁੰਦੀ, ਜਿਸ ਦੀ ਕੋਈ ਸਿਖਰ ਨਹੀਂ ਹੁੰਦੀ।

ਭੀੜ ਦਾ ਚਿਹਰਾ ਸਥਿਰ ਨਹੀਂ ਹੁੰਦਾ, ਬਦਲਦਾ ਰਹਿੰਦਾ। ਕਰਮਕਾਂਡ ਦੀਆਂ ਭੀੜਾਂ ਵਿੱਚ ਜੋ ਕੁੱਝ ਵੀ ਹੁੰਦਾ ਹੈ ਉਸ ਦਾ ਨਤੀਜਾ ਜ਼ੀਰੋ ਦੀ ਪਰਿਕਰਮਾਂ ਕਰਨ ਤੋਂ ਵੱਧ ਕੁੱਝ ਵੀ ਨਹੀਂ ਹੁੰਦਾ। ਕਰਮਕਾਂਡ ਦੇ ਸਹਾਰੇ ਕਦੇ ਕੋਈ ਕੰਮ ਸਿਰੇ ਨਹੀਂ ਚੜ੍ਹਿਆ ਤੇ ਨਾ ਹੀ ਚੜ੍ਹ ਸਕਦਾ ਕਿਉਂਕਿ ਇਸ ਵਿੱਚ ਸਚਾਈ ਰੰਚਕ ਮਾਤਰ ਵੀ ਨਹੀਂ ਹੁੰਦੀ। ਸਾਰਾ ਤਨ ਕਰਮਕਾਂਡ ਵਿੱਚ ਲੱਗਿਆ ਰਹਿੰਦਾ ਤੇ ਮਨ ਦੀ ਯਾਤਰਾ ਇਸ ਵਿੱਚ ਉੱਕਾ ਹੀ ਸ਼ਾਮਲ ਨਹੀਂ ਹੁੰਦੀ।

ਕਰਮਕਾਂਡ ਕਿਤੇ ਲੈ ਕੇ ਨਹੀਂ ਜਾਂਦੇ। ਇਹ ਜਿੱਥੋਂ ਤੁਰਦੇ ਹਨ ਉੱਥੇ ਹੀ ਖੜ੍ਹੇ ਰਹਿ ਜਾਂਦੇ ਹਨ ਅੱਗੇ ਤੁਰਦੇ ਹੀ ਨਹੀਂ। ਇਹ ਨਾ ਤਾਂ ਕਿਤੇ ਆਪ ਜਾ ਸਕਦੇ ਹਨ ਤੇ ਨਾ ਹੀ ਇਨ੍ਹਾਂ ਵਿੱਚ ਕਿਸੇ ਹੋਰ ਨੂੰ ਕਿਤੇ ਲਿਜਾਣ ਦੀ ਸਮਰੱਥਾ ਹੁੰਦੀ ਹੈ, ਜਿਸ ਕਾਰਨ ਇਨ੍ਹਾਂ ਵਿੱਚ ਲਿਪਟਣ ਵਾਲਾ ਇਨ੍ਹਾਂ ਵਿੱਚ ਹੀ ਅਜਿਹਾ ਲਿਪਟਦਾ ਹੈ ਕਿ ਮੁੜ ਉਸਨੂੰ ਇਨ੍ਹਾਂ ਦੀਆਂ ਭੁੱਲ-ਭੁਲੱਈਆਂ ਵਿੱਚੋਂ ਨਿਕਲਣ ਦਾ ਰਾਹ ਹੀ ਨਹੀਂ ਲੱਭਦਾ। ਇਹ ਹੀ ਕਾਰਨ ਹੈ ਕਿ ਆਪੇ ਸਿਰਜੇ ਭਰਮ 'ਚੋਂ ਬਾਹਰ ਨਹੀਂ ਨਿਕਲਦਾ। ਭਰਮਾਂ ਦੇ ਇਨ੍ਹਾਂ ਹਨੇਰਿਆਂ 'ਚ ਰੂਹ ਦਾ ਖਿੜਨਾ ਤਾਂ ਇੱਕ ਪਾਸੇ ਰੂਹ ਦਾ ਕੋਈ ਸੁਰਾਗ ਹੀ ਨਹੀਂ ਮਿਲਦਾ, ਜਿਸ ਕਾਰਨ ਕਰਮਕਾਂਡੀ ਹਨੇਰਿਆਂ ਵਿੱਚ ਹੀ ਰੁਲਿਆਂ ਰਹਿੰਦਾ।

ਰੋਸ਼ਨ ਰਾਹਾਂ ਤੇ ਲੇਪਣ ਚਾੜ੍ਹਦਾ ਹੈ ਹਨੇਰੇ ਦਾ ਕਰਮਕਾਂਡ ਜਿਸ ਨਾਲ ਰੋਸ਼ਨੀ ਦੀਆਂ ਕਾਤਰਾਂ ਤੱਕ ਹੋ ਜਾਂਦੀਆਂ ਹਨ ਦ੍ਰਿਸ਼ ਤੋਂ ਲੋਪ । ਇਸ ਹਨੇਰੇ ਦੇ



ਰਾਜ 'ਚ ਰੂਹ ਨੂੰ ਕੁੱਝ ਨਸੀਬ ਨਹੀਂ ਹੋ ਸਕਦਾ। ਰੂਹ ਵਕਤ ਦੇ ਸਫ਼ੇ ਦਾ ਇਲਾਹੀ ਰਾਗ ਹੈ ਜਿਸ ਨੂੰ ਹਰ ਕੋਈ ਨਹੀਂ ਗਾ ਸਕਦਾ, ਕਿਉਂਕਿ ਹਰ ਕਿਸੇ ਨੂੰ ਇਸਦੀ ਸੁਰ ਦਾ ਇਲਮ ਨਹੀਂ ਹੁੰਦਾ। ਰੂਹ ਵੱਲ ਤੁਰਨ ਲਈ ਸੁਰਾਂ ਦੀ ਪੈੜ ਵੀ ਜ਼ਰੂਰੀ ਹੈ ਤੇ ਮਸਤੀ ਵੀ। ਜੇ ਪੈੜ ਨਾ ਹੋਵੇ ਤਾਂ ਗੱਲ ਨਹੀਂ ਬਣ ਸਕਦੀ :

ਪੈਰਾਂ ਹੇਠ ਜੇ ਰਾਹ ਨਾ ਹੋਵੇ
ਰੂਹ ਦੀ ਗੱਡੀ ਨਹੀਂ ਰਿੜ੍ਹ ਸਕਦੀ
ਕਰਮਕਾਂਡ ਦੀਆਂ ਭੀੜਾਂ ਅੰਦਰ
ਰੂਹ ਕਦੇ ਨਹੀਂ ਖਿੜ ਸਕਦੀ

ਕਰਮਕਾਂਡ ਅਜਿਹੇ ਛਿਲਕੇ ਹਨ ਜਿਨ੍ਹਾਂ ਨੂੰ ਜਿੰਨੇ ਮਰਜ਼ੀ ਲਾਹਿਆ ਜਾਵੇ, ਇਨ੍ਹਾਂ 'ਚੋਂ ਕਦੇ ਕੁੱਝ ਨਹੀਂ ਲੱਭਦਾ। ਇਹ ਇੱਕ ਅਜਿਹੀ ਕਿਰਿਆ ਹੈ ਜਿਹੜੀ ਗੈਰ-ਜ਼ਰੂਰੀ ਵੀ ਹੈ ਤੇ ਬੇਲੋੜੀ ਵੀ। ਜਿਹੜੇ ਜਾਣੇ ਅਣਜਾਣੇ ਇਸ ਰਾਹ ਪੈਂਦੇ ਹਨ ਉਨ੍ਹਾਂ ਨੂੰ ਮਾਯੂਸੀ ਬਿਨਾ ਕੁੱਝ ਹਾਸਲ ਨਹੀਂ ਹੁੰਦਾ। ਧਰਮਾਂ ਤੇ ਧਰਮ-ਰਹਿਬਰਾਂ ਦਾ ਬਹੁਤਾ ਜ਼ੋਰ ਕਰਮਕਾਂਡ 'ਤੇ ਹੈ ਤਾਂ ਕਿ ਬਹੁਤੇ ਲੋਕਾਂ ਨੂੰ ਨਾਲ ਜੋੜ ਕੇ ਧਰਮ ਦੇ ਬਹੁ-ਪ੍ਰਭਾਵੀ ਹੋਣ ਦਾ ਭਰਮ ਰਚਿਆ ਜਾ ਸਕੇ। ਉਹ ਇਸ ਕੰਮ 'ਚ ਸਫਲ ਵੀ ਹੋ ਜਾਂਦੇ ਨੇ ਪਰ ਧਰਮ ਖੁਰ ਕੇ ਰਹਿ ਜਾਂਦਾ ਕਿਉਂਕਿ ਕਰਮਕਾਂਡ ਦੀਆਂ ਭੀੜਾਂ 'ਚ ਕੋਈ ਤੱਤ ਨਹੀਂ ਹੁੰਦਾ, ਕੋਈ ਸੱਚ ਨਹੀਂ ਹੁੰਦਾ, ਕੋਈ ਮਹਿਕ ਨਹੀਂ ਹੁੰਦੀ, ਲਹਿਰ ਨਹੀਂ ਹੁੰਦੀ, ਰਚਨਾਤਮਿਕਤਾ ਨਹੀਂ ਹੁੰਦੀ ਜਿਸ ਕਾਰਨ ਰੂਹ ਨਹੀਂ ਭਿੱਜਦੀ। ਭਿੱਜੇ ਬਿਨਾਂ ਰੂਹ ਕਦੇ ਖਿੜ ਨਹੀਂ ਸਕਦੀ।

ਰੂਹ ਦੇ ਖਿੜਨ ਵਾਸਤੇ ਕਰਮਕਾਡਾਂ ਦਾ ਬੋਝ ਨਹੀਂ ਚਾਹੀਦਾ ਸਗੋਂ ਫੁੱਲ ਨਾਲੋਂ ਹੌਲੀਆਂ ਉਡਾਣਾਂ ਹੋਣੀਆਂ ਜ਼ਰੂਰੀ ਹਨ ਤਾਂ ਕਿ ਅਜ਼ਾਦ ਫਿਜ਼ਾ ਵਿੱਚ ਅਲਬੇਲੀ-ਦਸ਼ਾ ਵਿੱਚ ਵਿੱਚਰਿਆ ਜਾ ਸਕੇ। ਰੂਹ ਉੱਥੇ ਹੀ ਖਿੜ ਸਕਦੀ ਹੈ ਜਿੱਥੇ ਰੂਹ ਨੂੰ ਰੂਹ ਦੀ ਖੁਰਾਕ ਮਿਲੇ, ਜਿੱਥੇ ਅੰਬਰੀਂ ਖੁੱਲੀਆਂ ਉਡਾਰੀਆਂ ਭਰ ਸਕੇ ਅਤੇ ਜਿੱਥੇ ਇਹ ਮਨ ਚਾਹੀਆਂ ਲੁੱਡੀਆਂ ਪਾ ਸਕਣ ਦੇ ਸਮਰੱਥ ਹੋ ਸਕੇ।

◆◆◆

# 29

## ਕਿਣਮਿਣ ਹੋਵੇ ਮੱਥੇ ਅੰਦਰ, ਰੂਹ ਅੰਦਰ ਬਰਸਾਤਾਂ

ਮਨ ਦੀ ਆਪਣੀ ਹੀ ਧਰਤੀ ਹੈ ਤੇ ਆਪਣਾ ਹੀ ਅੰਬਰ। ਇਨ੍ਹਾਂ ਉੱਤੇ ਜਿੰਨਾ ਕੁੱਝ ਵਾਪਰਦਾ ਹੈ ਉਹ ਧੁਰ ਤੱਕ ਜਾਣਿਆਂ ਨਹੀਂ ਜਾ ਸਕਦਾ। ਮਨ 'ਚ ਉੱਡ ਉੱਡ ਰੇਤ ਦੇ ਢੇਰ ਲੱਗ ਜਾਣ ਤੇ ਮੱਥੇ 'ਚ ਧੂੜ ਉਡਦੀ ਰਹੇ ਤਾਂ ਅੱਖਾਂ ਨੂੰ ਰਾਹ ਲੱਭਣਾ ਹੀ ਆਸਾਨ ਨਹੀਂ ਰਹਿੰਦਾ। ਇਹ ਸਥਿਤੀ ਜੇ ਸਥਾਈ ਤੌਰ 'ਤੇ ਘਰ ਕਰ ਲਵੇ ਤਾਂ ਜ਼ਿੰਦਗੀ ਆਸਾਨੀ ਨਾਲ ਨਹੀਂ ਕੱਟੀ ਜਾ ਸਕਦੀ ਅਤੇ ਜ਼ਿੰਦਗੀ ਦੇ ਅੰਬਰ 'ਤੇ ਪੈਣ ਵਾਲੀਆਂ ਸਤਰੰਗੀਆਂ ਪੀਂਘਾਂ ਦਾ ਕਿਆਸ ਤੱਕ ਨਹੀਂ ਕੀਤਾ ਜਾ ਸਕਦਾ। ਜ਼ਾਬਤੇ ਤੇ ਪ੍ਰੇਮ ਦੀ ਕਿਣਮਿਣ ਬਿਨਾਂ ਰੇਤ ਤੇ ਧੂੜ ਕਾਬੂ ਨਹੀਂ ਹੋ ਸਕਦੇ।

ਜੇ ਧਰਤੀ 'ਤੇ ਕਿਣਮਿਣ ਨਾ ਹੋਵੇ ਤਾਂ ਬਹੁਤ ਕੁੱਝ ਤਬਾਹ ਹੋ ਜਾਂਦੈ। ਕਿਣਮਿਣ ਐਸਾ ਜਾਦੂ ਬਿਖੇਰਦੀ ਹੈ ਕਿ ਆਲਾ-ਦੁਆਲਾ ਹਰਿਆ ਭਰਿਆ ਹੋ ਜਾਂਦੈ। ਕਿਣਮਿਣ ਉਹ ਰਾਗ ਹੈ ਜਿਸ ਦਾ ਅਲਾਪ ਸਦਾ ਹੁੰਦਾ ਰਹੇ ਤਾਂ ਸਜੀਵਤਾ ਵੀ ਬਣੀ ਰਹਿੰਦੀ ਹੈ ਅਤੇ ਅਜੀਬਤਾ ਵੀ। ਕਿਣਮਿਣ ਦਾ ਕੋਈ ਬਦਲ ਨਹੀਂ। ਮਨ 'ਤੇ ਹੁੰਦੀ ਕਿਣਮਿਣ ਦੁਨਿਆਵੀ ਰਾਹਾਂ ਨੂੰ ਵੀ ਸੁਖੈਨ ਕਰਦੀ ਹੈ ਅਤੇ ਰੂਹਾਨੀ ਪਗਡੰਡੀਆਂ ਨੂੰ ਵੀ, ਜਿਨ੍ਹਾਂ ਦੇ ਸਫਰ 'ਤੇ ਪਿਆ ਮਨੁੱਖ ਆਪਣੀ ਚਾਹਤ ਦੀਆਂ ਮੰਜ਼ਿਲਾਂ ਆਰਾਮ ਨਾਲ ਤੈਅ ਕਰ ਸਕਦਾ। ਜਿਹੜੇ ਮੱਥੇ 'ਤੇ ਕਿਣਮਿਣ ਹੁੰਦੀ ਰਹੇ ਉਹ ਕਦੇ ਨਹੀਂ ਤਪਦਾ। ਮਾਰੂਥਲ ਨਹੀਂ ਬਣਦਾ। ਰੇਤ ਪੈਦਾ ਨਹੀਂ ਹੁੰਦੀ। ਕਦੇ ਰੇਤ ਵਾਂਗ ਨਹੀਂ ਕਿਰਦਾ। ਕਿਣਮਿਣ ਵਿਚਾਰਾਂ ਦੀ, ਕਾਵਿਕਤਾ ਦੀ, ਬੌਧਿਕਤਾ ਦੀ ਅਤੇ ਰੰਗਾਂ ਦੀ। ਕਿਣਮਿਣ ਕਿਣਮਿਣ ਕਰਦੇ ਪਲ ਜਦੋਂ ਗੁਜ਼ਰਦੇ ਹਨ ਤਾਂ ਫੁਹਾਰ ਦਾ ਆਨੰਦ ਉਹੀ ਮਾਣ ਸਕਦਾ ਹੈ ਜਿਹੜਾ ਇਸ ਅਨੁਭਵ ਚੋਂ ਲੰਘ ਰਿਹਾ ਹੋਵੇ। ਕਿਣਮਿਣ ਅਨੁਭਵ ਦੀ ਹੋਵੇ ਜਾਂ ਬਿਬੇਕ ਦੀ। ਵਿਸ਼ਵਾਸ ਦੀ ਹੋਵੇ ਜਾਂ ਇਕਾਗਰਤਾ ਦੀ। ਉਜਾਲੇ ਦੀ ਹੋਵੇ ਜਾਂ ਮੁਹੱਬਤ ਦੀ- ਅੰਦਰੋ ਅੰਦਰ ਜਨਮ ਧਾਰ ਲੈਂਦੀ ਹੈ ਸਿਰਜਣਾ ਤੇ ਕੁੱਝ ਇਸ ਤਰ੍ਹਾਂ ਦੇ ਅਹਿਸਾਸ ਬੋਲਦੇ :

ਡੁੱਬਦੇ ਸੂਰਜ ਚੜ੍ਹਦੇ ਸੂਰਜ
ਕਿਰਨਾਂ ਦੀਆਂ ਕਿਆ ਬਾਤਾਂ
ਕਿਣਮਿਣ ਹੋਵੇ ਮੱਥੇ ਅੰਦਰ
ਰੂਹ ਅੰਦਰ ਬਰਸਾਤਾਂ।



ਕਿਣਮਿਣ 'ਚ ਸਹਿਜ ਹੁੰਦਾ ਹੈ ਤੇ ਸੁਹਜ ਵੀ। ਧੂਮ ਧੜੱਕਾ ਨਹੀਂ ਹੁੰਦਾ। ਪਲ ਸ਼ੂਕਦੇ ਨਹੀਂ। ਕਿਰਿਆ ਬਣੀ ਰਹਿੰਦੀ ਹੈ ਤੇ ਇਕਸੁਰਤਾ ਵੀ। ਕੁੱਝ ਵੀ ਗੜਬੜ ਨਹੀਂ ਹੁੰਦਾ। ਬੇਚੈਨੀ ਨਹੀਂ ਹੁੰਦੀ। ਕਿਣਮਿਣ ਐਸਾ ਮਾਹੌਲ ਸਿਰਜਦੀ ਹੈ ਕਿ ਮੱਥੇ ਦਾ ਅੰਦਰ ਵੀ ਹੈਰਾਨ ਰਹਿ ਜਾਂਦੈ। ਵਿਸ਼ਾਲ ਹੁੰਦਾ ਹੁੰਦਾ ਸਤਰੰਗੀਆਂ ਪੀਂਘਾਂ ਪਈਆਂ ਦੇਖਦਾ। ਤਾਰਿਆਂ ਦੀ ਲੋਅ ਉਡੀਕਣ ਲੱਗਦਾ। ਧਰਤੀ ਤੇ ਅੰਬਰ ਵਿਚਕਾਰ ਕਿਰਨਾਂ ਦੀ ਰੋਸ਼ਨੀ ਹੋ ਜਾਵੇਗੀ। ਇੱਕ ਐਸਾ ਮਾਹੌਲ ਬਣ ਜਾਵੇਗਾ ਜਿੱਥੇ ਮੱਥੇ ਦੀ ਕਿਣਮਿਣ 'ਤੇ ਰੂਹ ਦੀਆਂ ਬਰਸਾਤਾਂ ਵਿੱਚ ਸਦਾ-ਬਹਾਰ ਸੰਵਾਦ ਆਪਣੇ ਆਪ ਹੋਣ ਲੱਗ ਪਵੇਗਾ।

ਮੱਥੇ ਦੀ ਕਿਣਮਿਣ 'ਚੋਂ ਨਿਕਲਦਾ ਹੈ ਵਿਦਵਾਨ, ਬੁੱਧੀਮਾਨ ਅਤੇ ਚਿੰਤਕ। ਇਸ ਵਿੱਚੋਂ ਨਿਕਲਦਾ ਹੈ ਸੋਚਵਾਨ, ਵਿਚਾਰਵਾਨ ਅਤੇ ਚਿੰਤਾਵਾਨ। ਇਹ ਸਾਰੇ ਉਹ ਹਨ ਜਿਹੜੇ ਦੁਨੀਆਂ ਦਾ, ਇਸ ਦੇ ਝਮੇਲਿਆਂ ਦਾ, ਇਸ ਦੇ ਮੁੱਦਿਆਂ ਤੇ ਮਸਲਿਆਂ ਦਾ, ਇਸ ਦੇ ਕਠਨ ਪਲਾਂ ਤੇ ਦਰਦਾਂ ਦਾ ਫਿਕਰ ਕਰਨੋਂ ਰਹਿ ਨਹੀਂ ਸਕਦੇ। ਇਹ ਨਵੇਂ ਵਿਚਾਰ ਦਿੰਦੇ ਹੋਏ ਨਿਵੇਕਲੇ ਰਾਹ ਸਿਰਜਦੇ ਹਨ, ਜਿਨ੍ਹਾਂ ਉੱਤੇ ਸੁਖੈਨ ਹੋ ਕੇ ਤੁਰਿਆ ਜਾ ਸਕਦੈ। ਅਜਿਹੀ ਰਹਿਬਰੀ ਕਰਦੇ ਨੇ ਜਿਹੜੀ ਹੋਰ ਕੋਈ ਨਹੀਂ ਕਰ ਸਕਦਾ।

ਮੱਥੇ ਅੰਦਰ ਕਿਣਮਿਣ ਦੀ ਗੱਲ ਕਰਦਿਆਂ ਜਦ ਰੂਹ 'ਚ ਹੁੰਦੀ ਬਰਸਾਤ ਦੀ ਗੱਲ ਛਿੜਦੀ ਹੈ ਤਾਂ ਹੋਰ ਰੰਗ ਉਭਰਦੇ ਹਨ ਤੇ ਹੋਰ ਪਰਤਾਂ ਖੁੱਲਦੀਆਂ। ਕਵਿਤਾ, ਸੰਗੀਤ ਤੇ ਰੰਗਾਂ ਦੇ ਬੂਹੇ ਆਪ-ਮੁਹਾਰੇ ਐਸੇ ਖੁੱਲਦੇ ਹਨ ਕਿ ਬੰਦ ਹੋਣ ਦਾ ਨਾਂ ਨਹੀਂ ਲੈਂਦੇ। ਅਸਲੀਅਤ ਤੇ ਕਲਪਨਾਂ ਦੀਆਂ ਸਾਂਝੀਆਂ ਉਡਾਣਾਂ 'ਚ ਐਸੇ ਤਾਰੇ ਤੋੜੇ ਜਾਂਦੇ ਹਨ ਜਿਹੜੇ ਕਦੇ ਸੋਚੇ ਵੀ ਨਹੀਂ ਹੁੰਦੇ। ਸ਼ਿਅਰਾਂ ਦੇ ਤਾਰੇ, ਸੁਰਾਂ ਦੇ ਤਾਰੇ ਤੇ ਰੰਗਾਂ ਨਾਲ ਭਰੇ ਤਾਰੇ ਅਤੇ ਘੁੰਗਰੂਆਂ ਦੇ ਛਣਕਾਟੇ ਭਰੇ ਤਾਰੇ। ਅਜਿਹਾ ਕੋਮਲ ਰਸ-ਭਰਿਆ ਅਤੇ ਰੰਗਾ-ਰੰਗ ਮਾਹੌਲ ਕਿ ਮਾਣਿਆਂ ਹੀ ਪਤਾ ਲੱਗੇ। ਕਾਵਿਕਤਾ ਦੀ ਐਸੀ ਕਿਣਮਿਣ ਕਿ ਸਾਰੇ ਆਲੇ-ਦੁਆਲੇ 'ਚ ਰੰਗ ਘੁਲ਼ੇ ਲਗਦੇ। ਸੁਰਾਂ ਦਾ ਅਲਾਪ ਹੋ ਰਿਹਾ ਲੱਗਦਾ।

ਮੱਥੇ ਅੰਦਰਲੀ ਕਿਣਮਿਣ ਤੇ ਰੂਹ ਦੀ ਬਰਸਾਤ ਜਦ ਇਕਮਿੱਕ ਹੋ ਜਾਂਦੀ ਹੈ ਉਦੋਂ ਕਿਸੇ ਵੱਡੀ ਕਵਿਤਾ ਜਾਂ ਕਿਰਤ ਦਾ ਜਨਮ ਹੋਣਾ ਸੰਭਵ ਹੁੰਦੈ।

◆◆◆

## 30

# ਵਲਵਲੇ ਭਾਵੇਂ ਮੱਠੇ ਪੈ ਜਾਣ, ਅੱਗ ਮੱਘਦੀ ਰਹਿਣੀ ਚਾਹੀਦੀ

ਵਲਵਲਿਆਂ ਦੀ ਉਡਾਰੀ ਬਾਰੇ ਕਈ ਵਾਰ ਉਸ ਮਨ ਨੂੰ ਵੀ ਪਤਾ ਨਹੀਂ ਲੱਗਦਾ, ਜਿੱਥੋਂ ਇਹ ਉਡਾਨ ਭਰਕੇ ਕਿੱਥੇ ਤੋਂ ਕਿੱਥੇ ਜਾ ਪਹੁੰਚਣ। ਉਡਾਰੀ ਸੀਮਤ ਨਹੀਂ ਹੁੰਦੀ ਕਿਉਂਕਿ ਇਹ ਉਹ ਥਾਂ ਗਾਹ ਆਉਂਦੀ ਹੈ ਜਿਸ ਤੱਕ ਕਦੇ ਪਹੁੰਚ ਹੀ ਨਹੀਂ ਹੁੰਦੀ। ਉਡਾਣ ਲਈ ਵੀ ਅੱਗ ਮੱਘਦੀ ਰਹਿੰਦੀ ਹੈ ਅਤੇ ਉਡਾਣ ਵਿੱਚ ਵੀ।

ਜਜ਼ਬਿਆਂ ਦੀ ਉਡਾਣ ਦਾ ਦਾਇਰਾ ਨਾ ਮਿੱਥਿਆ ਜਾ ਸਕਦਾ ਹੈ ਨਾ ਮਿਣਿਆਂ। ਉਡਾਣ ਦੀ ਆਪਣੀ ਮੌਜ ਹੈ, ਜਿਹੜੀ ਕਿਸੇ ਦਾਇਰੇ ਦੀ ਕੈਦ ਵਿੱਚ ਰਹਿਣਾ ਪਸੰਦ ਨਹੀਂ ਕਰਦੀ । ਰਾਹ ਵੀ ਬਹੁਤੀ ਵਾਰ ਤੈਅ ਨਹੀਂ ਹੁੰਦਾ। ਰਾਹ ਸਿੱਧੇ ਵੀ ਤੇ ਵਿੰਗ-ਵਲੇਵਿਆਂ ਵਾਲੇ ਵੀ। ਵਲਵਲਿਆਂ ਨੇ ਸਮਾਜ ਦੀਆਂ ਪਰਤਾਂ ਵਿੱਚ ਵੀ ਉਡਾਰੀਆਂ ਭਰਨੀਆਂ ਹੁੰਦੀਆਂ ਹਨ ਅਤੇ ਜ਼ਿੰਦਗੀ ਦੀਆਂ ਪਰਤਾਂ ਵਿੱਚ ਵੀ, ਦਿਲ ਦੇ ਅੰਬਰਾਂ ਉੱਤੇ ਵੀ ਭਰਨੀਆ ਹੁੰਦੀਆਂ ਹਨ ਤੇ ਮੱਥੇ ਦੇ ਅੰਬਰਾਂ ’ਤੇ ਵੀ।

ਵਲਵਲਿਆਂ ਦੇ ਸਾਥ ’ਚ ਦਿਲ ਗਰਮਾਇਆ ਰਹਿੰਦਾ, ਇੱਕਦਮ ਹਰਕਤ ਭਰਿਆ, ਸਰਗਰਮ ਤੇ ਚੁਸਤ। ਪਤਾ ਨਹੀਂ ਕਿੰਨੀਆਂ ਦਿਸ਼ਾਵਾਂ ਵੱਲ ਦੌੜੀਆਂ ਰਹਿੰਦੀਆਂ ਜਜ਼ਬਿਆਂ ਦੀਆਂ ਹਥਿਆਰਬੰਦ ਫੌਜਾਂ। ਹਥਿਆਰ ਜਿਹੜੇ ਸਵੈ-ਸੁਰੱਖਿਆ ਲਈ ਹੀ ਹੁੰਦੇ ਹਨ ਕਿਸੇ ’ਤੇ ਮਾਰੂ ਹਮਲੇ ਵਾਸਤੇ ਨਹੀਂ। ਕੋਮਲ ਹੋਣ ਕਾਰਨ ਜਜ਼ਬੇ ਸਖਤ ਆਲਮ ਵਿੱਚ ਰਹਿ ਹੀ ਨਹੀਂ ਸਕਦੇ।

ਆਸਾਨ ਨਹੀਂ ਹੁੰਦਾ ਜਜ਼ਬਿਆਂ ਦੀ ਭੀੜ ’ਚੋਂ ਬਚ ਕੇ ਨਿਕਲਣਾ। ਜਜ਼ਬੇ ਤਾਂ ਅਜਿਹੇ ਮਹਿਕਦਾਰ ਫੁੱਲਾਂ ਵਰਗੇ ਹੁੰਦੇ ਹਨ ਜਿਨ੍ਹਾਂ ਦੀਆਂ ਨਾਜ਼ੁਕ ਪੱਤੀਆਂ ਕੋਲੋਂ ਲੰਘਦਿਆਂ ਖੁਸ਼ਬੂ ਤੇ ਮਨਮੋਹਕਤਾ ਤੋਂ ਪ੍ਰਭਾਵਿਤ ਹੋਏ ਬਿਨਾ ਰਿਹਾ ਹੀ ਨਹੀਂ ਜਾ ਸਕਦਾ। ਫੁੱਲਾਂ ਦੀ ਮਾਲਾ ਦਾ ਕੰਮ ਹੀ ਨਿਰਾਲਾ।

ਇਹ ਵੀ ਕਮਾਲ ਹੈ ਕਿ ਜਜ਼ਬੇ ਕਦੇ ਟਿਕ ਕੇ ਨਹੀਂ ਬੈਠਣ ਦਿੰਦੇ, ਖੁਦ ਵੀ ਨਹੀਂ ਬੈਠਦੇ। ਟਿਕ ਸਕਦੇ ਹੀ ਨਹੀਂ। ਸਦਾ ਇਨ੍ਹਾਂ ਦੇ ਪੈਰਾਂ ਹੇਠਾਂ ਭੁੱਬਲ਼ ਦਾ



ਵਾਸਾ ਹੋਇਆ ਰਹਿੰਦਾ। ਇੰਜ ਹੀ ਹਾਲਤ ’ਚ ਪੈਰ ਕਿਤੇ ਰੁਕ ਅਤੇ ਟਿਕ ਨਹੀਂ ਸਕਦੇ। ਨਿਰੰਤਰ ਤੌਰ ’ਤੇ ਸਰਗਰਮ ਹੋਏ ਰਹਿਣ ਜਿਵੇਂ ਯਾਤਰਾ ਇਨ੍ਹਾਂ ਦੇ ਮੱਥੇ ਦਾ ਸਦੀਵੀ ਨਸੀਬ ਬਣੀ ਬੈਠੀ ਹੋਵੇ। ਅਮੁੱਕ ਯਾਤਰਾ ਦੇ ਇਹ ਯਾਤਰੀ ਰੁਕਣ ਤਾਂ ਭਲਾਂ ਕਦੋਂ ਰੁਕਣ? ਰੁਕਣ ਤਾਂ ਭਲਾਂ ਕਿੱਥੇ ਰੁਕਣ?

ਜਜ਼ਬੇ ਹੀ ਹਨ ਜਿਹੜੇ ਮੁਹੱਬਤ ਦੇ ਬੂਹੇ ’ਤੇ ਦਸਤਕ ਦੇਣ ਤੋਂ ਗੁਰੇਜ਼ ਨਹੀਂ ਕਰਦੇ। ਇਨ੍ਹਾਂ ਦੀ ਨਾਜ਼ੁਕਤਾ ਤੇ ਮਧੁਰਤਾ ਅੱਗੇ ਬੂਹਾ ਵੀ ਖੁੱਲ੍ਹਣ ਤੋਂ ਨਾਂਹ ਨਹੀਂ ਕਰਦਾ। ਖਤਰਿਆਂ ਦੇ ਰਾਹ ’ਤੇ ਤੁਰਨਾ ਪੈ ਜਾਵੇ ਤਾਂ ਵੀ ਨਹੀਂ ਘਾਬਰਦੇ, ਖਤਰਨਾਕ ਪੈੜਾਂ ਵੀ ਇਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕ ਨਹੀਂ ਸਕਦੀਆਂ। ਜਾਨ ਬਚ ਜਾਏ ਤਾਂ ਵੀ ਭਲੀ, ਜਾਂਦੀ ਰਹੇ ਤਾਂ ਵੀ ਵਾਹਵਾ ਭਲੀ। ਇਹ ਤਾਂ ਜ਼ਿੰਦਗੀ ਦੇ ਰੰਗ ਨੇ ਜਿਨ੍ਹਾਂ ਵੱਲ ਇਹ ਪਿੱਠ ਨਹੀਂ ਕਰਦੇ।

ਸਦਾ ਇੱਕ ਚਾਲ ਨਹੀਂ ਰਹਿੰਦੇ ਵਲਵਲੇ। ਕਦੇ ਹਲਚਲ ਭਰੇ ਹਨੇਰੀ ਵਰਗੇ। ਕਦੇ ਤੇਜ ਕਦੇ ਮੱਠੇ। ਤੇਜੀ ’ਚ ਤਾਂ ਇਹ ਕਦੇ ਠਹਿਰਨ ਦਾ ਨਾਂ ਤੱਕ ਨਹੀਂ ਲੈਂਦੇ, ਪਰ ਜਦ ਮੱਠੇ ਪੈ ਜਾਣ ਤਾਂ ਇਨ੍ਹਾਂ ਦੀ ਪਹਿਲਾਂ ਵਰਗੀ ਵੁੱਕਤ ਨਹੀਂ ਰਹਿੰਦੀ, ਪਹਿਲਾਂ ਵਰਗਾ ਦਿਲ ਦਾ ਆਲਮ ਨਹੀਂ ਰਹਿੰਦਾ। ਮੱਠੇ ਪੈ ਜਾਣ ਨਾਲ ਇਨ੍ਹਾਂ ਵਿੱਚ ਉਹ ਅਥਾਹ ਤੇ ਅਲਬੇਲੀ ਤਾਕਤ ਅਤੇ ਸਮਰੱਥਾ ਹੀ ਨਹੀਂ ਰਹਿੰਦੀ, ਜਿਹੜੀ ਪਹਿਲਾਂ ਟਿਕ ਕੇ ਬੈਠਣ ਹੀ ਨਹੀਂ ਸੀ ਦਿੰਦੀ।

ਠੰਢੇ ਹੋ ਜਾਣ ਜਾਂ ਮੱਠੇ ਪੈ ਜਾਣ ਤਾਂ ਵੀ ਵਲਵਲਿਆਂ ਵਿੱਚ ਥੋੜਾ ਬਹੁਤਾ ਸੇਕ, ਨਿੱਕੀ-ਮੋਟੀ ਤਾਕਤ ਤੇ ਮਾੜਾ-ਮੋਟਾ ਵਹਾਅ ਤਾਂ ਬਣਿਆ ਹੀ ਰਹਿਣਾ ਚਾਹੀਦਾ। ਜੋਰਾਂ ਸ਼ੋਰਾਂ ਨਾਲ ਲਹਿਰ ਚੱਲਦੀ ਹੈ ਤਾਂ ਕਦੇ ਜਿੱਤ ਹੋ ਜਾਂਦੀ ਹੈ ਤੇ ਕਦੇ ਹਾਰ। ਜਿੱਤ ਹੋਣ ’ਤੇ ਤਾਂ ਜਲਵਾ ਹੀ ਹੋਰ ਦਾ ਹੋਰ ਹੁੰਦਾ, ਪਰ ਹਾਰ ਹੋਣ ਦੀ ਸੂਰਤ ਵਿੱਚ ਜਜ਼ਬੇ ਅਜਿਹੇ ਮੁਰਝਾਉਂਦੇ ਹਨ ਕਿ ਕਈ ਵਾਰ ਸਿਰ ਚੁੱਕਣ ਜੋਗੇ ਨਹੀਂ ਰਹਿੰਦੇ। ਅਜਿਹੀ ਹਾਲਤ ਵਿੱਚ ਵੀ ਦਿਲ ਤਕੜਾ ਰੱਖਣ ਦੇ ਜਤਨ ਕਰਨੇ ਚਾਹੀਦੇ ਹਨ ਤਾਂ ਕਿ ਉਸ ਵਿੱਚ ਬੈਠੇ ਜਜ਼ਬਿਆਂ ਵਿੱਚ ਅੱਗ ਮੱਘਦੀ ਰਹੇ। ਅੱਗ (ਸੇਕ) ਹੀ ਮਰ ਗਈ, ਬੁੱਝ ਗਈ ਤਾਂ ਜਜ਼ਬੇ ਕੇਹੇ?

ਠੰਢੇ ਪੈ ਜਾਣ ’ਤੇ ਵੀ ਜਜ਼ਬਿਆਂ ਨੂੰ ਹੱਲਾਸ਼ੇਰੀ ਮਿਲਦੀ ਰਹੇ ਤਾਂ ਉਡਾਰੀਆਂ ਲਈ ਮੇਚ ਦੇ ਅੰਬਰ ਲੱਭਦੇ ਰਹਿਣਗੇ, ਜਿੱਥੇ ਦਿਲ ਬੇਮੁਹਾਰਾ ਆਪਣੀਆਂ ਮੌਜਾਂ ਵਿੱਚ ਮਸਤ ਰਹੇਗਾ।

ਉਡਾਰੀ ਭਰਦੇ ਵਲਵਲੇ,
ਦਿਲ ਕਾਬੂ ਹੀ ਨਾ ਰਹੇ
ਕਦੇ ਵਗਦਾ ਪਾਣੀ ਵਾਂਗਰਾਂ,
ਕਦੇ ਪੌਣਾਂ ਵਾਂਗ ਵਹੇ

ਕਰਨ ਕਲੋਲਾਂ ਵਲਵਲੇ,
ਸਮਾਂ ਕੋਲ ਖੜ੍ਹਾ ਨਾ ਰਹੇ
ਇਹ ਲੰਘਦਾ ਜਾਏ ਅਵੱਲੜਾ
ਨਾ ਰੁਕੇ ਨਾ ਰੁਕਣ ਕਹੇ।

ਅੱਗ ਮੱਘਦੀ ਰਹੇਗੀ ਤਾਂ ਭਵਿੱਖ 'ਚ ਜਜ਼ਬੇ ਮੁੜ ਸੁਰਜੀਤ ਹੋਣ ਦੀ ਆਸ ਬਣੀ ਰਹੇਗੀ ਤੇ ਲਹਿਰਾਂ ਦੀ ਛੱਤਰੀ ਸਮਾਜ ਦੀਆਂ ਪਰਤਾਂ 'ਤੇ ਤਣੀ ਰਹੇਗੀ।

♦♦♦



# 31

## ਚਾਪਲੂਸੀ ਕਿਉਂ ਕਰਦੀ ਹੈ ਹਰ ਖੇਤਰ ਵਿੱਚ ਹਮਲਾ

ਕਿਸੇ ਦੀ ਤੂਤੀ ਬਣਨਾ, ਉਸ ਦੇ ਹੱਕ ਵਿੱਚ ਉਲਾਰ ਹੋ ਕੇ ਖਲੋਣਾ, ਕਿਸੇ ਲਈ ਨਗਾਰਾ ਖੜਕਾਉਣਾ ਅਤੇ ਦਰਬਾਰੀ ਭਾਸ਼ਾ ਦੇ ਲਹਿਜ਼ੇ ਵਿੱਚ ਬੋਲਣਾ ਹੈ ਚਾਪਲੂਸੀ। ਕਿਸੇ ਦੀ ਗੁਲਾਮੀ ਕਰਨ ਦੀ ਤਰਜ਼ 'ਤੇ ਤੁਰਨਾ, ਕਿਸੇ ਦੀ ਹਸਤੀ 'ਚ ਗੁਬਾਰੇ ਵਾਂਗ ਫੂਕ ਭਰਨੀ ਅਤੇ ਕਿਸੇ ਅੱਗੇ ਬਿਨਾ ਕਿਸੇ ਕਾਰਨੋਂ ਵਿਛੀ ਜਾਣਾ ਗੁਲਾਮੀ ਜਾਂ ਚਾਪਲੂਸੀ ਨਹੀਂ ਤਾਂ ਹੋਰ ਕੀ ਹੋ ਸਕਦੈ। ਚਮਚਾਗਿਰੀ, ਚਾਪਲੂਸੀ ਦਾ ਦੂਜਾ ਨਾਂ ਹੈ ਜਿਸ ਨੂੰ ਬੰਦੇ ਦੇ ਸੁਭਾਅ ਤੇ ਵਿਵਹਾਰ 'ਚੋਂ ਸਹਿਜੇ ਹੀ ਦੇਖਿਆ ਜਾ ਸਕਦੈ।

ਚਾਪਲੂਸੀ ਦੇ ਹੱਥਾਂ ਵਿੱਚ ਹਮੇਸ਼ਾ ਹਾਰ ਹੁੰਦੇ ਹਨ ਜਾਂ ਟਿੱਕੇ ਜਿਹੜੇ ਹਮੇਸ਼ਾ ਗਲ਼ਾਂ ਤੇ ਮੱਥਿਆਂ ਦੀ ਭਾਲ਼ ਕਰਦੇ ਰਹਿੰਦੇ ਹਨ ਤਾਂ ਕਿ ਪਸੰਦ ਦੇ ਗਲੇ ਵਿੱਚ ਹਾਰ ਪਾਏ ਜਾ ਸਕਣ ਤੇ ਪਸੰਦੀਦਾ ਮੱਥੇ 'ਤੇ ਟਿੱਕਾ ਲਾਇਆ ਜਾ ਸਕੇ। ਹੋ ਨਹੀਂ ਸਕਦਾ ਕਿ ਦਰਬਾਰੀ ਸੱਭਿਆਚਾਰ ਕੇਵਲ ਵਫਾਦਾਰੀ ਤੱਕ ਹੀ ਟਿਕਿਆ ਰਹੇ। ਹਰ ਵਫਾਦਾਰ ਆਪੋ ਆਪਣੀ ਵਫਾਦਾਰੀ ਦੇ ਮੱਥੇ 'ਤੇ ਚਾਪਲੂਸੀ ਦਾ ਤਾਜ ਪਹਿਨਾਉਣਾ ਨਹੀਂ ਭੁੱਲਦਾ।

ਸਵਾਲ ਇਹ ਉੱਠਦਾ ਹੈ ਕਿ ਹਰ ਖੇਤਰ ਵਿੱਚ ਹੀ ਚਾਪਲੂਸੀ ਹਮਲਾਵਰ ਕਿਉਂ? ਹਮਲਾ ਵੀ ਪੂਰਾ ਤੇ ਕਾਮਯਾਬ। ਬਹੁਤੀਆਂ ਕੁਰਸੀਆਂ ਤੇ ਸੱਜੇ ਬੈਠੇ ਚਾਪਲੂਸ। ਖਾਸ ਕਰ ਵੱਡੀਆਂ ਕੁਰਸੀਆਂ 'ਤੇ ਚਾਪਲੂਸਾਂ ਦਾ ਭਰਵਾਂ ਮੇਲਾ ਜਿਸ ਵਿੱਚ ਕੁਰਸੀਆਂ ਵੀ ਗੁਆਚੀਆਂ ਹੋਈਆਂ ਅਤੇ ਕਾਰਗੁਜ਼ਾਰੀ ਦਾ ਸਾਰਾ ਸਿਲਸਿਲਾ ਵੀ।

ਚਾਪਲੂਸੀ ਦਾ ਕੰਮ ਚਾਪਲੂਸ ਤੋਂ ਬਿਨਾ ਚੱਲ ਹੀ ਨਹੀਂ ਸਕਦਾ। ਜਿੰਨਾ ਵੱਡਾ ਚਾਪਲੂਸ ਹੋਏਗਾ ਉੱਨੇ ਹੀ ਵੱਧ ਗੋਡੇ ਟੇਕ ਸਕੇਗਾ, ਸਿਰ ਝੁਕਾ ਸਕੇਗਾ। ਦਾਸ ਹੋ ਕੇ ਵਿਚਰਨ ਲਈ ਤਿਆਰ ਹੋ ਸਕੇਗਾ, ਆਪਣਾ ਮਨ ਮਾਰ ਕੇ ਬੇਅਰਥ ਫੂਕ ਦੇਣ ਦੀ ਕਿਰਿਆ ਵਿੱਚ ਮੋਹਰੀ ਭੂਮਿਕਾ ਨਿਭਾਅ ਸਕੇਗਾ। ਚਾਪਲੂਸੀ ਇਸ ਕਰਕੇ ਹਮਲਾ ਕਰਦੀ ਹੈ ਕਿਉਂਕਿ ਕੋਈ ਵੀ ਖੇਤਰ ਇਸ ਦੀ ਲੋੜ ਤੋਂ ਮੁਨਕਰ ਨਹੀਂ। ਇਹ ਹਰ ਖੇਤਰ ਵਿੱਚ ਥਾਂ ਬਨਾਉਣਾ ਜਾਣਦੀ ਹੈ ਕਿਉਂਕਿ ਇਸ ਨੂੰ ਜੀ-ਆਇਆਂ ਦੀ ਕਮੀ ਨਹੀਂ ਅਤੇ ਚਾਪਲੂਸੀ ਦੇ ਨਾਲ ਨਾਲ ਚਾਪਲੂਸ ਵੀ ਵਧਦਾ-ਫੁਲਦਾ ਜਾ ਰਿਹੈ। ਚਾਪਲੂਸੀ ਦੀ ਕਲਾ ਉਹ ਥਾਂ ਹਥਿਆ ਲੈਂਦੀ ਹੈ ਜਿਹੜੀ ਕਦੇ

ਹੱਥ ਨਹੀਂ ਆਉਣੀ ਹੁੰਦੀ। ਯੋਗਤਾ ਵੀ ਕਈ ਵਾਰ ਉੱਨੀ ਕਾਰਗਰ ਸਾਬਤ ਨਹੀਂ ਹੁੰਦੀ ਜਿੰਨੀ ਚਾਪਲੂਸੀ ਦੀ ਕਾਰੀਗਰੀ। ਚਾਪਲੂਸੀ ਵਿੱਚ ਏਨਾ ਦਮ-ਖ਼ਮ ਹੁੰਦਾ ਹੈ ਕਿ ਕਿਸੇ ਤਰ੍ਹਾਂ ਦੀ ਕਾਬਲੀਅਤ ਤੋਂ ਬਿਨਾਂ ਵੀ ਸਿਖਰਾਂ ਨੂੰ ਛੋਹੇ ਬਿਨਾਂ ਨਹੀਂ ਰਹਿੰਦੀ। ਜਿਸ ਤੋਂ ਕੰਮ ਕਢਵਾਉਣਾ ਹੋਵੇ ਚਾਪਲੂਸੀ ਉਸ ਨੂੰ ਅਜਿਹਾ ਘੇਰਦੀ ਹੈ ਕਿ ਉਹ ਚਾਹੁੰਦਿਆ ਹੋਇਆਂ ਵੀ ਉਸਦੇ ਜਾਲ਼ ਚੋਂ ਬਾਹਰ ਨਹੀਂ ਜਾ ਸਕਦਾ।

ਹਰੇਕ ਵਿੱਚ ਹੀ ਚਾਪਲੂਸੀ ਦੇ ਥੋੜੇ-ਬਹੁਤੇ ਤੱਤ ਤਾਂ ਹੁੰਦੇ ਹੀ ਹਨ ਪਰ ਕਈਆਂ ਵਿੱਚ ਇਹ ਵਧਦੇ-ਫੁਲਦੇ ਉੱਥੇ ਤੱਕ ਪਹੁੰਚ ਜਾਂਦੇ ਹਨ ਜਿੱਥੋਂ ਫੇਰ ਹੇਠ ਨਹੀਂ ਆਉਂਦੇ। ਅਜਿਹਾ ਮਾਨਵ ਸਾਰੇ ਦਾ ਸਾਰਾ ਚਾਪਲੂਸੀ ਦੇ ਰੰਗ ਵਿੱਚ ਹੀ ਰੰਗਿਆਂ ਜਾਂਦਾ ਤੇ ਬਿਨ੍ਹਾਂ ਸੰਗ-ਸੰਕੋਚ, ਸ਼ਰਮ-ਹਯਾ ਸਵਾਰਥ ਪੂਰਾ ਕਰਨ ਵਿੱਚ ਲੱਗਿਆ ਰਹਿੰਦਾ। ਅਜਿਹੀ ਉੱਚੀ ਥਾਂ 'ਤੇ ਜਾ ਬੈਠਦਾ ਕਿ ਸਮਾਂ ਵੀ ਡੰਗਿਆ ਜਾਂਦਾ :

ਚਾਪਲੂਸੀ ਦੇ ਹਮਾਮ 'ਚ
ਸਭ ਦੇ ਸਭ ਹੀ ਨੰਗੇ
ਬਿਨਾਂ ਖ਼ਬਰ ਕੀਤਿਆਂ ਇਹ ਤਾਂ
ਆਪਣੇ ਰੰਗ 'ਚ ਰੰਗੇ
ਕਰਨੇ ਲਈ ਸਵਾਰਥ ਪੂਰਾ
ਜ਼ਰਾ ਮਾਤਰ ਨਾ ਸੰਗੇ
ਮਾਰ ਪਲਾਕੀ ਕੁਰਸੀ ਮੱਲੇ
ਜਾਣ ਸਮੇਂ ਵੀ ਡੰਗੇ

ਭਾਵੇਂ ਦਰਬਾਰੀ-ਸੱਭਿਆਚਾਰ ਸਮਾਜ ਲਈ ਨੁਕਸਾਨਦੇਹ ਹੈ ਪਰ ਕਮਾਲ ਇਸ ਗੱਲ ਦੀ ਹੈ ਕਿ ਇਹ ਕਿਸੇ ਸਮੇਂ ਵਿੱਚ ਵੀ ਗੈਰ-ਹਾਜ਼ਰ ਨਹੀ ਹੋਇਆ। ਚਾਪਲੂਸੀ ਨੇ ਭਾਵੇਂ ਕਦਰਾਂ-ਕੀਮਤਾਂ ਤੇ ਮਿਆਰਾਂ ਨੂੰ ਸਦਾ ਹੀ ਮਲ਼ੀਆਮੇਟ ਕਰਨ ਦਾ ਯਤਨ ਕੀਤਾ ਹੈ ਪਰ ਫੇਰ ਵੀ ਚਾਪਲੂਸਾਂ ਨੇ ਕਦੇ ਆਪਣਾ ਕੰਮ ਬੰਦ ਨਹੀਂ ਕੀਤਾ। ਏਹੀ ਕਾਰਨ ਹੈ ਕਿ ਚਾਪਲੂਸੀ ਕਦੇ ਖਤਮ ਨਹੀਂ ਹੋਈ ਤੇ ਨਾ ਹੀ ਕਦੇ ਹੋਵੇਗੀ ਸਗੋਂ ਸਦਾ ਆਪਣੀ ਤੋਰੇ ਤੁਰਦੀ ਹੋਈ ਆਪਣੀ ਥਾਂ ਬਣਾਈ ਰੱਖਣ ਲਈ ਸਰਗਰਮ ਹੋਈ ਰਹੇਗੀ।

♦♦♦



# 32

## ਰਹਿਣ ਸਦਾ ਹੀ ਪੂਰੇ ਖੁੱਲ੍ਹੇ ਮਨ ਦੇ ਸਭ ਦਰਵਾਜ਼ੇ

ਮਨ ਬੜਾ ਹੀ ਭੇਤ-ਪੂਰਨ ਹੈ ਜਿਹੜਾ ਕਦੇ ਟਿਕ ਕੇ ਨਹੀਂ ਬਹਿੰਦਾ। ਚੰਚਲ ਹੈ ਜਾਂ ਫੇਰ ਚੱਲ ਚੱਲ। ਕਿੰਨੀਆਂ ਦਿਸ਼ਾਵਾਂ ਵੱਲ ਤੁਰਿਆ ਰਹਿੰਦਾ ਪਤਾ ਹੀ ਨਹੀਂ ਲੱਗਣ ਦਿੰਦਾ। ਤੁਰਿਆ ਹੀ ਨਹੀਂ ਬਲਕਿ ਦੌੜਿਆ ਹੀ ਰਹਿੰਦਾ ਕਦੇ ਕਿਸੇ ਪਾਸੇ, ਕਦੇ ਕਿਸੇ ਦਿਸ਼ਾ। ਆਮ ਮਨੁੱਖ ਤਾਂ ਇਸ ਸਾਰੀ ਕਿਰਿਆ ਨੂੰ ਕੁਦਰਤੀ ਵਰਤਾਰਾ ਸਮਝ ਕੇ ਇਸ ਬਾਰੇ ਸੋਚਦਾ ਹੀ ਨਹੀਂ, ਬਲਕਿ ਸੋਚਣ-ਸਮਝਣ ਦੇ ਸਮਰੱਥ ਹੀ ਨਹੀਂ ਹੁੰਦਾ। ਉਹ ਇਸਦੇ ਵੱਸੋਂ-ਬਾਹਰੇ ਝਾਂਸਿਆਂ ਵਿੱਚ ਅਜਿਹਾ ਫਸਕੇ ਰਹਿ ਜਾਂਦਾ ਹੈ ਕਿ ਉਮਰ ਭਰ ਉਸ ਵਿੱਚੋਂ ਨਹੀਂ ਨਿਕਲਦਾ।

ਜਾਗਰਤ ਮਨੁੱਖ ਮਨ ਦੀਆਂ ਪਰਤਾਂ ਵਿੱਚ ਵਿਚਰਦਾ ਹੋਇਆ ਇਸ ਨੂੰ ਸਮਝਣ-ਬੁੱਝਣ ਦੇ ਯਤਨ ਕਰਦਾ ਹੋਇਆ ਕਈ ਰਹੱਸਾਂ ਦੀ ਪਰਿਕਰਮਾਂ ਕਰਨ ਬਾਅਦ ਕਿਸੇ ਰੌਸ਼ਨੀ ਤੱਕ ਵੀ ਪਹੁੰਚ ਜਾਂਦਾ ਹੈ ਤੇ ਕਿਸੇ ਨਤੀਜੇ ਤੱਕ ਵੀ। ਉਹ ਇੱਕੋ ਸਮੇਂ ਕਈ ਦਿਸ਼ਾਵਾਂ ਵਿੱਚ ਦੌੜਦੇ ਮਨ ਦੀਆਂ ਚਾਲਾਂ ਦਾ ਵਿਸਲੇਸ਼ਣ ਕਰਨ ਦਾ ਯਤਨ ਕਰਦਾ ਹੋਇਆ ਇਹ ਜ਼ਰੂਰ ਪਤਾ ਲਾ ਲੈਂਦਾ ਹੈ ਕਿ ਇੱਕ ਦਿਸ਼ਾ ਵੱਲ ਹੀ ਪਿੱਛਾ ਕੀਤਿਆਂ ਕੁੱਝ ਨਹੀਂ ਬਣਨਾ। ਫੇਰ ਵੀ ਉਹ ਮਨ ਦੀਆਂ ਬਾਰੀਕੀਆਂ ਮਗਰ ਤੁਰਨਾ ਕਦੇ ਬੰਦ ਨਹੀਂ ਕਰਦਾ।

ਮਨ ਉਹ ਸਥਾਨ ਹੈ ਜਿੱਥੇ ਸੋਚਾਂ ਨੇ ਤੁਰਨਾ ਹੁੰਦਾ, ਜਿੱਥੋਂ ਜਜ਼ਬਿਆਂ ਨੇ ਫੁਰਨਾ ਹੁੰਦਾ। ਜਿੱਥੋਂ ਇੱਕ ਨਜ਼ਰੀਆ ਬਣਦਾ ਜਿਸ ਦਾ ਬਾਹਰਲੇ ਸੰਸਾਰ ਨਾਲ ਵਾਹ ਪੈਂਦਾ। ਕਿਸ ਤਰ੍ਹਾਂ ਦਾ ਵਾਹ ਪਾਉਣਾ, ਕਿਸ ਤਰ੍ਹਾਂ ਦਾ ਰਾਹ ਚੁਣਨਾ ਇਸ ਵਾਸਤੇ ਸਾਰੇ ਦਾ ਸਾਰਾ ਕੰਮ ਮਨ ਹੀ ਕਰਦਾ। ਮਨ ਦਾ ਰੁਝਾਨ ਜਿਸ ਤਰ੍ਹਾਂ ਦਾ ਹੋਵੇਗਾ, ਮਨ ਦੀਆਂ ਅੱਖਾਂ ਜਿਸ ਤਰ੍ਹਾਂ ਦਾ ਦੇਖਣਗੀਆਂ ਉਸੇ ਤਰ੍ਹਾਂ ਦਾ ਰਾਹ ਪੈਰਾਂ ਹੇਠ ਵਿਛਦਾ ਜਾਵੇਗਾ। ਮਨੁੱਖ ਭਾਵੇਂ ਸੁੱਤਾ ਰਹੇ ਪਰ ਮਨ ਹਮੇਸ਼ਾ ਜਾਗਦਾ ਰਹਿੰਦਾ ਹੈ ਜਿਹੜਾ ਅਕਸਰ ਮਨੁੱਖ ਨੂੰ ਅਵੇਸਲਾ ਨਹੀਂ ਹੋਣ ਦਿੰਦਾ।

ਮਨ ਕਿੱਧਰ ਤੁਰੇ ਦੇ ਮਾਮਲੇ 'ਚ ਇਹ ਬਹੁਤੀ ਕਿਸੇ ਦੀ ਮੰਨਦਾ ਨਹੀਂ। ਬਹੁਤਾ ਕਰਕੇ ਤਾਂ ਇਹ ਹਨੇਰੇ ਵਿੱਚ ਹੀ ਟੱਕਰਾਂ ਮਾਰਦਾ ਰਹਿੰਦਾ। ਹਨੇਰੇ 'ਚ ਵਿਚਰਦੇ ਰਹਿਣ ਕਾਰਣ ਇਸ ਨੂੰ ਕਦੇ ਪ੍ਰਕਾਸ਼ ਦੀ ਕੋਈ ਕਾਤਰ ਤੱਕ ਦਿਖਾਈ ਨਹੀਂ ਦਿੰਦੀ। ਇਹ ਵੀ ਪਤਾ ਨਹੀਂ ਲੱਗਦਾ ਕਿ ਕਿੱਧਰ ਤੁਰਿਆ ਜਾ ਰਿਹਾ ਤੇ

ਕਿਤੇ ਪਹੁੰਚੇਗਾ ਵੀ ਕਿ ਨਹੀਂ। ਅਕਸਰ ਇਹ ਹੁੰਦਾ ਕਿ ਅਜਿਹਾ ਮਨ ਹਨੇਰੇ ਸਫਰ ਵਿੱਚ ਹੀ ਆਪਣੀ ਅਉਧ ਹੰਢਾ ਲੈਂਦਾ। ਨਾ ਕੁੱਝ ਖੱਟੇ ਨਾ ਕੁੱਝ ਗਵਾਏ, ਉਵੇਂ ਹੀ ਮੁੜ ਜਾਏ ਜਿੱਦਾਂ ਆਏ। ਅਜਿਹੇ ਮਨ ਤੋਂ ਕੋਈ ਸਬਕ ਸਿੱਖਿਆ ਜਾ ਸਕੇ ਤਾਂ ਜ਼ਰੂਰ ਸਿੱਖਿਆ ਜਾਣਾ ਚਾਹੀਦਾ।

ਜੇ ਮਨ ਹਨੇਰੇ ਮਗਰ ਹੀ ਤੁਰਦਾ ਰਹੇ ਤਾਂ ਵਕਤ ਅਜਾਈਂ ਜਾਣ ਦੀ ਗੱਲ ਹੋਵੇਗੀ। ਸਾਰਥਕ ਤਾਂ ਹੋਵੇ ਜੇ ਮਨ ਰੌਸ਼ਨੀ ਮਗਰ ਤੁਰੇ। ਇਹ ਨਾ ਵੀ ਦਿਸੇ ਤਾਂ ਇਸ ਦੀ ਤਲਾਸ਼ ਲਈ ਵਕਤ ਲਾਇਆ ਜਾਵੇ। ਇਹ ਔਖਾ ਨਹੀਂ ਕਿ ਭਾਲ ਕੀਤਿਆਂ ਰੌਸ਼ਨੀ ਨਾ ਮਿਲੇ, ਪ੍ਰਕਾਸ਼ ਨਸੀਬ ਨਾ ਹੋਵੇ ਅਤੇ ਸਹੀ ਦਿਸ਼ਾ ਅੱਖਾਂ ਅੱਗੇ ਨਾ ਹੋਵੇ। ਅਜਿਹਾ ਤਾਂ ਹੋ ਸਕਦਾ ਜੇ ਜਾਗਦੇ ਮਨ ਨਾਲ ਜਾਗਿਆ ਜਾਵੇ, ਜਾਗਦੇ ਮਨ ਨਾਲ ਤੁਰਨ ਦਾ ਗੰਭੀਰ ਯਤਨ ਕੀਤਾ ਜਾਵੇ, ਜਾਗਦੇ ਮਨ ਦੇ ਅਸਲ ਸਰੋਤ ਨੂੰ ਲੱਭਣ ਲਈ ਉਪਰਾਲੇ ਅਰੰਭੇ ਜਾਣ ਤੇ ਸਦਾ ਜਾਰੀ ਰੱਖੇ ਜਾਣ।

ਅਜਿਹਾ ਤਾਂ ਹੀ ਸੰਭਵ ਹੈ ਜੇ ਸਦਾ ਹੀ ਮਨ ਦੇ ਦਰਵਾਜੇ ਪੂਰੇ ਖੁੱਲ੍ਹੇ ਰੱਖੇ ਜਾਣ ਅਤੇ ਇਨ੍ਹਾਂ ਵਿੱਚ ਹੁੰਦੀ ਹਰ ਤਰ੍ਹਾਂ ਦੀ ਆਵਾਜਾਈ ’ਤੇ ਪੂਰੀ ਨਜ਼ਰ ਰੱਖੀ ਜਾਵੇ। ਜਿਸ ਮਾਨਵ ਦੇ ਮਨ ਦੇ ਦਰਵਾਜ਼ੇ ਸਦਾ ਹੀ ਪੂਰੇ ਖੁੱਲ੍ਹੇ ਰਹਿੰਦੇ ਹਨ ਉੱਥੇ ਹਨੇਰੇ ਦੇ ਬਣੇ ਰਹਿਣ ਦੀ ਸੰਭਾਵਨਾ ਤੱਕ ਨਹੀਂ ਹੋ ਸਕਦੀ। ਉੱਥੇ ਰੌਸ਼ਨੀ ਦੇ ਜਗਮਗਾਂਦੇ ਰਹਿਣ ਦੀ ਵਿਵਸਥਾ ਵੀ ਬਣੀ ਰਹਿੰਦੀ ਹੈ ਅਤੇ ਮਾਹੌਲ ਵੀ। ਉੱਥੇ ਪੁਰਾਣੇ ਵਿਚਾਰਾਂ ਨੂੰ ਬਿਲਕੁੱਲ ਨਕਾਰਿਆ ਨਹੀਂ ਜਾਂਦਾ ਸਗੋਂ ਉਨ੍ਹਾਂ ’ਚੋਂ ਨਵੇਂ ਅਰਥਾਂ ਨੂੰ ਲੱਭਿਆ ਜਾਂਦਾ ਅਤੇ ਨਵੇਂ ਵਿਚਾਰਾਂ ਦਾ ਬੜੇ ਹੀ ਚਾਅ ਨਾਲ ਸਵਾਗਤ ਕੀਤਾ ਜਾਂਦਾ।

ਜਿਹੜੇ ਮਨ ਦੇ ਬੂਹੇ ਭਿੜੇ ਰਹਿਣਗੇ ਉਹ ਹਨੇਰੇ ਵਿੱਚ ਹੀ ਵਿਚਰਦਾ ਰਹੇਗਾ। ਪਿਛਲੀਆਂ ਸਦੀਆਂ ਦੇ ਗੰਦ-ਮੰਦ ਨੂੰ ਮੋਢਿਆਂ ’ਤੇ ਚੁੱਕੀ ਫਿਰੇਗਾ ਅਤੇ ਉਸੇ ਨੂੰ ਹੀ ਸਿਰ ਦਾ ਤਾਜ ਬਣਾਈ ਰੱਖਣ ਲਈ ਯਤਨਾਂ ਵਿੱਚ ਜੁਟਿਆ ਰਹੇਗਾ। ਜਦਕਿ ਚਾਹੀਦਾ ਤਾਂ ਇਸ ਦੇ ਇੱਕਦਮ ਉਲਟ ਹੈ ਕਿ ਖੁੱਲ੍ਹਾ ਦਿਲ ਤੇ ਖੁੱਲ੍ਹਾ ਮਨ ਨਵੇਂ ਨਿੱਗਰ ਵਿਚਾਰਾਂ ਨੂੰ ਤੁਰਤ ਅਪਣਾਉਂਦਾ ਜਾਵੇ ਤਾਂ ਕਿ ਨਵਾਂਪਣ ਆਉਂਦਾ ਜਾਵੇ ਅਤੇ ਤਾਜ਼ਗੀ ਦੀ ਮਹਿਕ ਬਿਖਰਾਉਂਦਾ ਜਾਵੇ। ਅਜਿਹਾ ਹੋਣ ਨਾਲ ਪਿਛਲੀਆਂ ਸਦੀਆਂ ਦਾ ਹਨੇਰਾ ਵਰਤਮਾਨ ਦੀ ਪਿੱਠ ਨੂੰ ਹਰਗਿਜ਼ ਨਹੀਂ ਢੋਣਾਂ ਪਵੇਗਾ ਅਤੇ ਵਰਤਮਾਨ ਦੇ ਸਫੇ ’ਤੇ ਤਾਜ਼ਾ ਚਾਨਣ ਹੋਵੇਗਾ, ਨਵਾਂ ਪ੍ਰਕਾਸ਼।

ਭਿੜਨ ਕਦੇ ਨਾ ਦਿਲ ਦੇ ਬੂਹੇ
ਜਿਹੜਾ ਕੱਸਦਾ ਰਹੇ ਅਵਾਜ਼ੇ
ਰਹਿਣ ਸਦਾ ਹੀ ਪੂਰੇ ਖੁੱਲ੍ਹੇ
ਮਨ ਦੇ ਸਭ ਦਰਵਾਜ਼ੇ।



ਹਨੇਰੇ ਤੇ ਅਗਿਆਨਤਾ ਦੇ ਜੰਗਲ ਵਿੱਚ ਮਨ ਗੁਆਚਾ ਰਹੇ ਜਾਂ ਫੇਰ ਹਨੇਰੇ ਦਾ ਜੰਗਲ ਮਨ ਵਿੱਚੋਂ ਲੰਘਦਾ ਰਹੇ, ਇਨ੍ਹਾਂ ਦੋਹਾਂ ਹੀ ਹਾਲਤਾਂ ਵਿੱਚ ਮਾਨਵ ਦਾ ਨੁਕਸਾਨ ਹੀ ਨੁਕਸਾਨ ਹੈ ਜਿਸ ਨੂੰ ਨਵੇਂ ਪ੍ਰਕਾਸ਼ ਬਿਨ੍ਹਾਂ ਪੂਰਿਆ ਨਹੀਂ ਜਾ ਸਕਦਾ। ਅੱਜ ਦੇ ਸਾਰੇ ਪਾਸਿਆਂ, ਪੱਖਾਂ ਅਤੇ ਦਿਸ਼ਾਵਾਂ ਨੂੰ ਦੇਖਦੇ ਰਹਿਣ ਵਾਸਤੇ ਅਤਿ ਜ਼ਰੂਰੀ ਹੈ ਕਿ ਮਾਨਵ ਸਰਬਪੱਖੀ-ਜਾਗ ਨੂੰ ਕਲਾਵੇ ਵਿੱਚ ਲਈ ਰੱਖੇ ਅਤੇ ਸਭ ਲਈ ਪੂਰੀ ਸੁਹਿਰਦਤਾ ਨਾਲ ਦੁਆ ਕਰਦਾ ਰਹੇ ਕਿ ਰਹਿਣ ਸਦਾ ਹੀ ਪੂਰੇ ਖੁੱਲ੍ਹੇ ਮਨ ਦੇ ਸਭ ਦਰਵਾਜ਼ੇ।

♦♦♦

## 33

# ਕਿਉਂ ਸਭ ਗੱਪਾਂ ਮਾਰੀ ਜਾਂਦੇ ਵਿਸ਼ਵ ਤਾਂ ਪਿੰਡ ਨਹੀਂ ਬਣਿਆਂ

ਵਿਸ਼ਵ ਹੁਣ ਪਿੰਡ ਬਣ ਗਿਆ, ਵਿਸ਼ਵ ਪਿੰਡ ਬਣ ਗਿਆ। ਜਿਸ ਨੂੰ ਵੀ ਸੁਣੋ ਉਹ ਇਹ ਹੀ ਕਹਿੰਦਾ ਮਿਲੇਗਾ। ਪੁੱਛਣ 'ਤੇ ਤਰਕ ਵੀ ਸੁਣਨ ਨੂੰ ਮਿਲਣਗੇ ਕਿ ਵਿਸ਼ਵ ਪਿੰਡ ਹੋ ਕਿਵੇਂ ਗਿਆ। ਇਹ ਕਿ ਸੰਚਾਰ ਤੇ ਸੰਪਰਕ ਬਹੁਤ ਵੱਧ ਗਿਆ। ਇਹ ਕਿ ਫਾਸਲੇ ਬਹੁਤ ਘਟ ਗਏ। ਇਹ ਕਿ ਫਾਸਲੇ ਤੈਅ ਕਰਨ ਦੀ ਗਤੀ ਬਹੁਤ ਵਧ ਗਈ, ਇਹ ਕਿ ਵੱਖ ਵੱਖ ਮੁਲਕਾਂ ਦੇ ਲੋਕ ਇੱਕ ਦੂਜੇ ਨੂੰ ਵੱਧ ਜਾਨਣ ਲੱਗ ਪਏ ਮੁੱਕਦੀ ਗੱਲ ਕਿ ਦੁਨੀਆਂ ਮੁੱਠੀ 'ਚ ਹੋ ਗਈ।

ਇਹ ਵੀ ਕਿ ਕੁੱਝ ਵੀ ਦੂਰ ਨਹੀਂ ਰਿਹਾ, ਕੁੱਝ ਵੀ ਅਪਹੁੰਚ ਨਹੀਂ ਰਿਹਾ, ਅਜਨਬੀ ਨਹੀਂ ਰਿਹਾ ਅਤੇ ਬੇਪਛਾਣ ਨਹੀਂ ਰਿਹਾ। ਕਲਪਨਾ ਦੀ ਸਕਰੀਨ ਤੇ ਘੁੰਮਣ ਵਾਲੀਆਂ ਘਟਨਾਵਾਂ, ਤਸਵੀਰਾਂ ਤੇ ਚੀਜ਼ਾਂ ਨੂੰ ਹੁਣ ਟੈਲੀਵੀਜ਼ਨ ਅਤੇ ਮੋਬਾਈਲ ਦੀਆਂ ਸਕਰੀਨਾਂ 'ਤੇ ਸਹਿਜੇ ਹੀ ਦੇਖਿਆ ਜਾ ਸਕਦੈ। ਇਹ ਸਾਰਾ ਕੁੱਝ ਦੇਰ ਤੋਂ ਹੋ ਰਹੀਆਂ ਨਵੀਆਂ ਖੋਜਾਂ ਕਾਰਨ ਹੀ ਏਨਾ ਸੌਖਾ ਤੇ ਸੰਭਵ ਹੋ ਸਕਿਆ ਹੈ, ਜਿਨ੍ਹਾਂ ਨੇ ਸਮਿਆਂ ਨੂੰ ਹੈਰਾਨੀ ਵਿੱਚ ਪਾ ਕੇ ਰੱਖ ਦਿੱਤਾ।

ਅਜਿਹੇ ਕੁੱਝ ਨਾਲੋਂ ਵੀ ਹੋਰ ਵੱਧ ਦੱਸਿਆ ਜਾ ਰਿਹਾ ਜਿਸ ਦੇ ਦੱਸਣ ਦਾ ਅਰਥ ਤਾਂ ਇਹੀ ਬਣਦਾ ਕਿ ਵਿਸ਼ਵ ਹੁਣ ਦੂਰ-ਦੁਰਾਡੇ ਬਿਖਰੇ ਹੋਣ ਦੇ ਬਾਵਜੂਦ ਇੱਕ ਪਿੰਡ ਬਣ ਗਿਆ ਤੇ ਦੁਨੀਆਂ ਭਰ ਦੇ ਵੱਖ ਵੱਖ ਖਿੱਤਿਆਂ ਵਿੱਚ ਰਹਿੰਦੇ ਲੋਕ, ਇਸ ਦੇ ਵਾਸੀ ਜਿਨ੍ਹਾਂ ਵਿੱਚ ਦੂਰੀਆਂ ਨਹੀਂ ਰਹੀਆਂ ਤੇ ਆਪਸ ਵਿੱਚ ਘੁਲ-ਮਿਲ ਗਏ। ਇੱਕ ਦੂਜੇ ਦਾ ਸੱਭਿਆਚਾਰ ਅਪਣਾ ਰਹੇ ਹਨ ਅਤੇ ਇੱਕ ਦੂਜੇ ਦੀ ਸੱਭਿਅਤਾ ਵੀ।

ਪਰ ਇਹ ਸਾਰਾ ਕੁੱਝ ਸੱਚ ਨਹੀਂ। ਪਹਿਲਾਂ ਪਹਿਲ 'ਗਲੋਬਲ ਵਿਲੇਜ' ਅਰਨਲਡ ਟਾਇਨਬੀ ਨੇ ਵਰਤਿਆ ਸੀ, ਜਿਸ ਪਿੱਛੋਂ ਹਰ ਕੋਈ ਇਨ੍ਹਾਂ ਦੋ ਸ਼ਬਦਾਂ ਦੀ ਵਰਤੋਂ ਅੰਨ੍ਹੇ-ਵਾਹ ਕਰਨ ਲੱਗ ਪਿਆ। ਸ਼ਾਇਦ ਟਾਇਨਬੀ ਇਹ ਦੋ ਸ਼ਬਦ ਵਰਤ ਕੇ ਦੁਨੀਆਂ ਨੂੰ ਤਾਂ ਛੋਟੀ ਕਰ ਗਿਆ ਪਰ ਦੁਨੀਆਂ ਭਰ ਦੇ ਲੋਕਾਂ ਦੀ ਨਜ਼ਰ ਵਿੱਚ ਖੁਦ ਵੱਡਾ ਬਣ ਕੇ ਦੁਨੀਆਂ ਤੋਂ ਵਿਦਾ ਹੋਇਆ।



ਪਿੰਡ ਤਾਂ ਪਿੰਡ ਹੁੰਦਾ। ਪਿੰਡ ਦਾ ਆਪਣਾ ਪਿੰਡਾ, ਵਿਲੱਖਣ ਤੇ ਮੌਲਿਕ ਚਿਹਰਾ, ਆਪਣੇ ਰਸਮੋ-ਰਿਵਾਜ, ਵੱਖਰਾ ਵਰਤਾਰਾ, ਆਪਣੀ ਰਹਿਤ ਬਹਿਤ ਅਤੇ ਰੰਗ ਬਰੰਗਾ ਵੱਖਰਾ ਸੱਭਿਆਚਾਰ। ਪਿੰਡ ਦੇ ਆਪਣੇ ਰੰਗ, ਆਪਣੇ ਢੰਗ, ਆਪਣੇ ਚੋਜ ਅਤੇ ਆਪਣੀਆਂ ਮੁਹੱਬਤਾਂ ਦਾ ਇਤਿਹਾਸ। ਸਾਝਾਂ, ਰਿਸ਼ਤਿਆਂ ਅਤੇ ਪਵਿੱਤਰਤਾ ਦਾ ਪ੍ਰਤਾਪ ਦੇਖਣਾ ਹੋਵੇ ਤਾਂ ਕਿਸੇ ਵੀ ਪਿੰਡ ਜਾਏ ਬਗੈਰ ਨਹੀਂ ਸਰਨਾ।

ਪੂਰੀ ਦੁਨੀਆਂ ਨੂੰ ਪਿੰਡ ਕਹਿਣਾ ਪਿੰਡ ਨੂੰ ਨਗੇਟ ਕਰਨਾ ਹੈ, ਪਿੰਡ ਦੀ ਪਛਾਣ ਗੁਆਣਾ ਹੈ ਤੇ ਪਿੰਡ ਪਿੰਡ ਦੀ ਹੋਂਦ ਨੂੰ ਖੋਰਨ ਦੇ ਰਾਹ ਤੁਰਨ ਵਾਲੀ ਗੱਲ ਹੈ ਜਿਸ ਨੂੰ ਕੋਈ ਵੀ, ਕਿਧਰੇ ਵੀ, ਕਿਸੇ ਤਰ੍ਹਾਂ ਵੀ ਮਾਫ ਕਰਨ ਲਈ ਤਿਆਰ ਨਹੀਂ ਹੋ ਸਕਦਾ। ਪਿੰਡ ਤਾਂ ਪਿੰਡ ਹੈ ਜਿਸ ਦੇ ਸੁੱਚੇ ਸਿਰਨਾਵੇਂ ਨੂੰ ਮਿਟਾਉਣ 'ਤੇ ਤੁਲੇ ਲੋਕ ਤਾਂ ਮਰ ਜਾਣਗੇ, ਪਰ ਪਿੰਡ ਦਾ ਸਿਰਨਾਵਾਂ ਕਦੇ ਵੀ ਨਹੀਂ ਮਿਟ ਸਕਦਾ।

ਪਿੰਡ ਦੀ ਮਾਂ, ਪਿੰਡ ਦੀ ਛਾਂ, ਸਾਦਗੀ, ਸੱਚਾਈ ਤੇ ਪਾਕੀਜ਼ਗੀ ਕਿੱਥੋਂ ਮਿਲੇਗੀ। ਪੱਕੀਆਂ ਦੋਸਤੀਆਂ ਦੇ ਇਕਰਾਰ ਤੇ ਪਿਆਰ ਦਾ ਰਿਆਜ਼ ਕਰਦੇ ਦਿਲ ਪਿੰਡ ਦੀ ਸਾਦਗੀ ਬਗੈਰ ਕਿਧਰੇ ਨਹੀਂ ਮਿਲਣਗੇ। ਝੂਠੇ-ਮੂਠੇ, ਥੋੜ-ਚਿਰੇ ਦਿਲਾਂ ਦੇ ਰੋਸੇ ਪਿੰਡ ਚੋਂ ਗੈਰ ਹਾਜ਼ਰ ਨਹੀਂ ਹੁੰਦੇ। ਪਰ ਇਹ ਬਹੁਤੀ ਦੇਰ ਆਪਣੀ ਹੋਂਦ ਬਣਾ ਕੇ ਨਹੀਂ ਰੱਖ ਸਕਦੇ ਕਿਉਂਕਿ ਮੁਸਕਾਣਾਂ ਤੇ ਗਲਵਕੜੀਆਂ ਮੁੜ ਆਏ ਬਿਨਾਂ ਨਹੀਂ ਰਹਿੰਦੀਆਂ।

ਜਿਸ ਨੂੰ 'ਗਲੋਬਲ ਪਿੰਡ' ਆਖਿਆ ਜਾ ਰਿਹਾ ਹੈ, ਉਸ ਵਿਸ਼ਵ ਪਿੰਡ ਦਾ ਜ਼ਰਾ ਹਾਲ ਦੇਖੋ ਤਾਂ ਵਿਸ਼ਵ-ਯੁੱਧਾਂ ਦੇ ਚਿਹਰੇ ਦੇਖੋ, ਹੀਰੋਸ਼ੀਮਾਂ ਤੇ ਨਾਗਾਸਾਕੀ ਦੇ ਕਾਰੇ ਦੇਖੋ, ਵੀਅਤਨਾਮ ਦੀ ਧਰਤੀ 'ਤੇ ਵਰ੍ਹੇ ਬੰਬਾਂ ਦੀ ਅੱਗ ਦੇਖੋ, ਅਫਗਾਨਿਸਤਾਨ ਅਤੇ ਤਰੋਤਾਜ਼ਾ ਇਰਾਕ ਦੇ ਪਿੰਡ ਦੇ ਹਮਾਇਤੀਆਂ ਤੇ ਪੈਰੋਕਾਰਾਂ ਨੂੰ ਇਨ੍ਹਾਂ ਸ਼ਬਦਾਂ ਦੀ ਗਹਿਰਾਈ ਸਮਝ ਕੇ ਇਸ ਦਾ ਪੂਰਾ ਅਤੇ ਨਿਰਪੱਖ ਵਿਸਲੇਸ਼ਣ ਕਰਨਾ ਚਾਹੀਦਾ ਹੈ ਕਿ ਧਰਤੀ 'ਤੇ ਵੱਸਦੇ ਰੰਗ-ਬਰੰਗੇ , ਵਨ-ਸੁਵੰਨੇ ਸੰਸਾਰ ਨੂੰ ਅਜਿਹਾ ਲਕਬ ਦੇਣਾ ਜਾਇਜ਼ ਹੈ ਜਿਸ ਦੀ ਛੱਤ ਹੇਠਲੀ ਛਾਂ ਅਤੇ ਸੁੱਖ ਸਭ ਨੂੰ ਨਹੀਂ ਮਿਲਦੇ, ਜਿੱਥੇ ਅਮਨ-ਸ਼ਾਂਤੀ ਸਭ ਨੂੰ ਨਹੀਂ ਮਿਲਦੀ।

♦♦♦

## 34

# ਲਘੂ ਹਸਤੀਆਂ ਦੇ ਮਾਲਕ ਹਾਂ ਪਰ ਸ਼ੋਹਰਤ ਦੇ ਭੁੱਖੇ

ਗੁਣ ਨਾ ਹੋਣ, ਕਲਾ ਨਾ ਹੋਵੇ, ਉੱਚੇ ਵਿਚਾਰ ਨਾ ਹੋਣ, ਉੱਚੀ ਉਡਾਣ ਨਾ ਹੋਵੇ ਤਾਂ ਛੋਟੇ ਪਣ ਤੇ ਲਘੂ-ਅਵਸਥਾ ਦੀ ਪ੍ਰੀਭਾਸ਼ਾ ਕਿਤੋਂ ਬਾਹਰੋਂ ਲੱਭਣ ਦੀ ਲੋੜ ਨਹੀਂ। ਛੋਟਾ-ਪਨ ਆਪਣੇ ਆਪ ਹੀ ਉਜਾਗਰ ਹੋਏ ਬਿਨ੍ਹਾਂ ਨਹੀਂ ਰਹਿੰਦਾ। ਖਾਲੀ ਭਾਂਡੇ ਵਾਂਗ ਖੜਕਦਾ ਹੈ, ਛੁਪਾਇਆਂ ਵੀ ਨਹੀਂ ਛੁਪਦਾ। ਪਰ ਕਮਾਲ ਇਹ ਹੈ ਕਿ ਜਿੰਨੀ ਲਘੂ ਹਸਤੀ ਹੋਵੇਗੀ ਉਨੀ ਹੀ ਉਹ ਵੱਡੀ ਹੋਣ ਦੀ ਇੱਛਾ ਵੀ ਰੱਖੇਗੀ ਅਤੇ ਹਰਦਮ ਦਾਅਵਾ ਵੀ ਕਰੇਗੀ।

ਲਘੂ ਹਸਤੀ ਦੀ ਵੱਡੀ ਪਛਾਣ ਇਹ ਹੁੰਦੀ ਹੈ ਕਿ ਜੋ ਉਸ ਵਿੱਚ ਨਹੀਂ ਹੈ ਉਹ ਬਣਨ ਦਾ ਦਾਅਵਾ ਕਰੇਗੀ। ਜੋ ਹੈ ਹੀ ਨਹੀਂ ਭਲਾਂ ਉਸਦਾ ਦਾਅਵਾ ਕਿਵੇਂ ਕੀਤਾ ਜਾ ਸਕਦੈ? ਅਜਿਹਾ ਦਾਅਵਾ ਕੀਤਾ ਜਾਂਦਾ ਹੈ ਜਿਸ ਦਾ ਨਤੀਜਾ ਸਹੀ ਨਹੀਂ ਨਿਕਲਦਾ। ਆਪਣੇ ਆਪ ਦਾ ਵੱਡਾ ਪਰ ਝੂਠਾ ਵਿਖਾਵਾ ਕਰਨ 'ਤੇ ਕੁੱਝ ਹੱਥ-ਪੱਲੇ ਨਹੀਂ ਪੈਂਦਾ, ਪੈ ਹੀ ਨਹੀਂ ਸਕਦਾ। ਜ਼ਮੀਨ ਹੀ ਪੈਰਾਂ ਹੇਠ ਨਾ ਹੋਵੇ ਤਾਂ ਸਫਰ ਦਾ ਇੱਕ ਕਦਮ ਵੀ ਪੁੱਟਿਆ ਨਹੀਂ ਜਾ ਸਕਦਾ। ਜ਼ੀਰੋ ਦੀ ਪਰਿਕਰਮਾਂ ਦਾ ਕੀ ਫਾਇਦਾ?

ਆਪਣੇ ਆਪ ਨੂੰ ਆਪਣੇ ਤੋਂ ਵੱਧ ਦੱਸਣ ਲਈ ਗੁਬਾਰੇ ਦੀ ਨਕਲ ਕੀਤੀ ਜਾਂਦੀ ਹੈ ਤਾਂ ਕਿ ਆਪਣੀ ਲਘੂ ਹਸਤੀ ਨੂੰ ਏਨਾ ਫੈਲਾਇਆ ਜਾ ਸਕੇ ਕਿ ਪਹਿਲੀ ਲਘੂ-ਅਵਸਥਾ ਦੇ ਨਿਸ਼ਾਨ ਤੱਕ ਦਿਖਾਈ ਨਾ ਦੇਣ। ਝੂਠ, ਦਿਖਾਵੇ ਤੇ ਅਡੰਬਰ ਦੇ ਸਹਾਰੇ ਆਪਣੇ ਆਪ ਦੇ ਕੱਦ-ਬੁੱਤ ਨੂੰ ਏਨਾ ਵਧਾ-ਚੜ੍ਹਾਅ ਲਿਆ ਜਾਵੇ ਕਿ ਦੇਖਣ-ਮਿਲਣ ਵਾਲਾ ਕਿਸੇ ਵੀ ਸੂਰਤ ਵਿੱਚ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ।

ਇਹ ਵੀ ਇੱਕ ਅਲਾਮਤ ਹੀ ਹੈ ਕਿ ਲਘੂ ਹਸਤੀ ਨੂੰ ਆਪਣੇ ਆਪ ਦਾ ਆਪ ਹੀ ਪ੍ਰਚਾਰਕ ਬਣਨਾ ਪੈਂਦਾ ਹੈ ਤਾਂ ਕਿ ਉਹ ਉਨ੍ਹਾਂ ਗੁਣਾਂ ਦਾ ਪ੍ਰਚਾਰ ਕਰ ਸਕੇ ਜੋ ਉਸਦੇ ਅੰਦਰ ਹੁੰਦੇ ਹੀ ਨਹੀਂ। ਉਸ ਕਲਾ ਨੂੰ ਰਬੜ ਵਾਂਗ ਖਿੱਚ ਕੇ ਦੱਸੇ ਜਿਸ ਦੇ ਉਹ ਕਦੇ ਨੇੜਿਉਂ ਵੀ ਨਾ ਲੰਘਿਆ ਹੋਵੇ। ਉਨ੍ਹਾਂ ਵਿਚਾਰਾਂ ਦੀ ਗੱਲ ਕਰੇ ਜਿਹੜੇ ਉਸਨੇ ਕਦੇ ਆਪਣੇ ਅਮਲੀ-ਜੀਵਨ ਦਾ ਹਿੱਸਾ ਨਾ ਬਣਨ ਦਿੱਤੇ ਹੋਣ।

ਜਿੰਨੇ ਅਸੀਂ ਲਘੂ ਹੋਵਾਂਗੇ ਸਾਡੀ ਇੱਛਾ ਓਨੀ ਹੀ ਵੱਡੀ ਹੋਵੇਗੀ। ਸਾਡੀ ਕਲਪਨਾ ਓਨੀ ਹੀ ਵੱਡੀ ਹੋਵੇਗੀ। ਸਾਡੇ ਸੁਪਨੇ ਵਿਸ਼ਾਲ ਅੰਬਰਾਂ ਨੂੰ ਛੋਹਣ ਦਾ



ਦਾਅਵਾ ਕਰਨਗੇ। ਅਸਲ ਵਿੱਚ ਵੱਡੇ ਦਾਈਏ, ਖੋਖਲੇ ਪਰ ਵੱਡੇ ਦਾਅਵੇ ਛੋਟੇ ਮਨੁੱਖ ਦੀ ਖੁਰਾਕ ਹਨ ਜਿਸ ਬਿਨਾ ਉਸ ਦੀ ਭੁੱਖ ਨੂੰ ਕਿਸੇ ਤਰ੍ਹਾਂ ਵੀ ਪੂਰਿਆ ਨਹੀਂ ਜਾ ਸਕਦਾ।

ਲਘੂ-ਹਸਤੀਆਂ ਦੇ ਮਾਲਕ ਹੋਣ ਦੇ ਬਾਵਜੂਦ ਅਸੀਂ ਵੱਡੀਆਂ ਭੁੱਖਾਂ ਲਈ ਬੈਠੇ ਹਾਂ ਜਿਹੜੀਆਂ ਥੋੜੇ ਕੀਤੇ ਮਿਟਾਈਆਂ ਹੀ ਨਹੀਂ ਜਾ ਸਕਦੀਆਂ। ਕਿਸੇ ਵੀ ਖੇਤਰ ਦੀ ਲਘੂ-ਹਸਤੀ ਹੋਵੇ ਉਸ ਦੇ ਅੰਦਰ ਸ਼ੋਹਰਤ ਦੀ ਭੁੱਖ ਸਦਾ ਲੱਗੀ ਰਹਿੰਦੀ ਹੈ ਜੋ ਕਦੇ ਨਹੀਂ ਮਿਟਦੀ। ਉਸ ਨੂੰ ਉਸ ਦੇ ਕੱਦ-ਬੁੱਤ ਨਾਲੋਂ ਵੱਡੀ ਸ਼ੋਹਰਤ ਵੀ ਹਾਸਲ ਹੋ ਜਾਵੇ ਤਾਂ ਵੀ ਤਸੱਲੀ ਨਹੀਂ ਹੁੰਦੀ, ਰੱਜ ਨਹੀਂ ਆਉਂਦਾ ਤੇ ਸੰਤੁਸ਼ਟੀ ਨਹੀਂ ਹੁੰਦੀ।

ਛੋਟਾ ਜਿਹਾ ਇਨਾਮ ਮਿਲ ਜਾਏ, ਅਹੁਦਾ ਮਿਲ ਜਾਏ ਜਾਂ ਕੋਈ ਮੈਂਬਰੀ ਮਿਲ ਜਾਏ ਤੇ ਉਹ ਵੀ ਗਲਤੀ ਨਾਲ ਤਾਂ ਪੂਰੇ ਅਖਬਾਰੀ-ਪੰਨਿਆਂ 'ਤੇ ਉਸ ਦੇ ਸਵਾਗਤੀ ਇਸ਼ਤਿਹਾਰ ਛਪਦੇ ਹਨ ਜਿਨ੍ਹਾਂ ਨੂੰ ਦੇਖ-ਪੜ੍ਹ ਕੇ ਮਾਯੂਸੀ ਹੁੰਦੀ ਹੈ ਮਾਣ ਨਹੀਂ ਹੁੰਦਾ। ਜਿਨ੍ਹਾਂ ਦਾ ਸਵਾਗਤ ਹੋਇਆ ਉਨ੍ਹਾਂ ਤਾਂ ਫੁਲਣਾ ਹੀ ਹੋਇਆ, ਸਵਾਗਤ ਕਰਨ ਵਾਸਤੇ ਇਸ਼ਤਿਹਾਰ ਦੇਣ ਵਾਲੇ ਵੀ ਫੁੱਲੇ ਨਹੀਂ ਸਮਾਉਂਦੇ। ਜੇ ਇਸ ਤਰ੍ਹਾਂ ਦੀ ਹਲਕੀ ਸ਼ੋਹਰਤ ਨੂੰ ਉਹ ਸਮਝ ਲੈਣ ਤਾਂ ਸ਼ਾਇਦ ਆਪਣੇ ਕੀਤੇ 'ਤੇ ਸ਼ਰਮਸਾਰ ਹੋਏ ਬਿਨ੍ਹਾਂ ਨਾ ਰਹਿ ਸਕਣ।

ਆਪਣੇ ਕੰਮ ਮਗਰ ਦੌੜਨਾ ਕਿਤੇ ਬਿਹਤਰ ਹੈ ਤਾਂ ਕਿ ਲਗਨ ਤੇ ਮਿਹਨਤ ਨਾਲ ਹਾਸਲ ਕਮਾਏ ਜਾ ਸਕਣ ਤੇ ਸਿਖਰਾਂ ਛੋਹੀਆਂ ਜਾ ਸਕਣ, ਝੰਡੀ ਗੱਡੀ ਜਾ ਸਕੇ ਅਤੇ ਕਿਸੇ ਬੁਲੰਦੀ ਉੱਤੇ ਪਹੁੰਚਿਆ ਜਾ ਸਕੇ। ਇਨਾਮਾਂ, ਸਨਮਾਨਾਂ ਅਤੇ ਸ਼ੋਹਰਤਾਂ ਮਗਰ ਦੌੜਨਾ ਸਹੀ ਨਹੀਂ। ਹਾਂ ਜੇ ਕਿਸੇ ਸਹੀ ਹਾਸਲਾਂ ਵਾਲੇ ਤੇ ਉੱਚ-ਉਡਾਣ ਭਰਨ ਵਾਲੇ ਦਾ ਮਾਣ-ਸਨਮਾਨ ਹੁੰਦਾ ਹੈ ਤਾਂ ਬਹੁਤ ਸਾਰੇ ਲੋਕ ਤਾੜੀਆਂ ਵੀ ਵਜਾਣਗੇ ਅਤੇ ਅੰਦਰੋਂ-ਬਾਹਰੋਂ ਖੁਸ਼ ਵੀ ਹੋਣਗੇ।

ਸ਼ੋਹਰਤ ਦੀ ਭੁੱਖ ਨਹੀਂ ਹੋਣੀ ਚਾਹੀਦੀ। ਪਰ, ਸਾਨੂੰ ਏਨੀ ਹੋ ਗਈ ਹੈ ਕਿ ਸ਼ਿਕਾਰੀ ਦੇ ਕੁੱਤੇ ਵਾਂਗ ਅਸੀਂ ਏਨੀ ਤੇਜ ਦੌੜ ਵਿੱਚ ਲੱਗੇ ਹੋਏ ਹਾਂ ਕਿ ਇਨਾਮ ਦਾ ਸ਼ਿਕਾਰ ਕੀਤੇ ਬਿਨ੍ਹਾਂ ਨਹੀਂ ਰਹਿ ਸਕਦੇ। ਕੀ ਇਹ ਸਾਡੀ ਸ਼ੋਹਰਤ ਦੀ ਭੁੱਖ ਤਾਂ ਨਹੀਂ? ਕੀ ਇਹ ਸਾਡੇ ਲਘੂ-ਸ਼ਕਤੀ ਹੋਣ ਦੀ ਨਿਸ਼ਾਨੀ ਤਾਂ ਨਹੀਂ?

♦♦♦

## 35

# ਵਾਰ ਵਾਰ ਖੜਕਾਂਦੇ ਰਹੀਏ ਮਨ ਦੇ ਬੂਹੇ ਖੁੱਲ੍ਹਦੇ ਨਾ

ਮਨ ਬੜਾ ਵਚਿੱਤਰ ਹੈ ਜਿਸ ਦਾ ਸਿਰਨਾਵਾਂ ਨਹੀਂ ਲੱਭਦਾ। ਸਿਰਨਾਵੇਂ ਬਿਨ੍ਹਾਂ ਕੋਈ ਗੱਲ ਨਹੀਂ ਬਣਦੀ। ਕੋਈ ਰਾਹ ਨਹੀਂ ਮਿਲਦਾ। ਕੋਈ ਕਦਮ ਕਿੱਥੇ ਧਰੇ? ਇਸ ਲਈ ਮਨ ਦੀ ਸਮਝ ਨਹੀਂ ਪੈਂਦੀ। ਫੇਰ ਵੀ ਦਸਤਕ ਦੇਣ ਵਾਲੇ ਇਸ ਦੇ ਦਰ ਨੂੰ ਸੁੰਨਾ ਨਹੀਂ ਰਹਿਣ ਦਿੰਦੇ। ਭੇਤ ਖੋਲ੍ਹਣ ਲਈ ਉਹ ਵਾਰ ਵਾਰ ਖੜਕਾਂਦੇ ਹਨ ਮਨ ਦੇ ਬੂਹੇ ਪਰ ਉਹ ਖੁੱਲ੍ਹਣ ਦਾ ਨਾਂ ਨਹੀਂ ਲੈਂਦੇ।

ਜੇ ਮਨ ਦੇ ਬੂਹੇ ਖੋਲ੍ਹਣ ਦੀ ਜੁਗਤ ਨਾ ਹੋਵੇ ਤਾਂ ਉਨ੍ਹਾਂ 'ਤੇ ਦਸਤਕ ਦੇਣ ਦਾ ਕੋਈ ਫਾਇਦਾ ਨਹੀਂ। ਸਭ ਬੇਕਾਰ, ਸਭ ਵਿਅਰਥ। ਜਿਸ ਦੇ ਹੱਥ ਜੁਗਤ ਆ ਜਾਵੇ ਉਹ ਹੀ ਬੂਹੇ ਖੜਕਾਣ ਦੇ ਯੋਗ ਹੋ ਸਕਦੈ। ਬਿਨਾ ਯੋਗ ਹੋਇਆਂ ਇਸ 'ਤੇ ਦਸਤਕ ਦੇਣ ਦਾ ਵੀ ਕੋਈ ਫਾਇਦਾ ਨਹੀਂ। ਯੋਗ ਹੋਣ ਵਾਸਤੇ ਇਸ ਦਾ ਸਿਰਨਾਵਾਂ ਹਾਸਲ ਕਰਨ ਦੇ ਯਤਨ ਕਰਨੇ ਪੈਣਗੇ, ਇਸ ਦੀਆਂ ਪਰਤਾਂ ਫੋਲਣੀਆਂ ਪੈਣਗੀਆਂ ਅਤੇ ਇਸ ਦੀਆਂ ਉਡਾਣਾਂ ਮਗਰ ਉੱਡਣਾ ਪਵੇਗਾ।

ਸੁਣਿਆਂ ਹੈ ਕਿ ਮਨ ਇੱਕੋ ਸਮੇਂ ਦਸ ਦਿਸ਼ਾਵਾਂ ਵੱਲ ਦੌੜਦਾ ਹੈ ਜੋ ਅਸਚਰਜ ਵੀ ਹੈ ਤੇ ਨਾ-ਮੰਨਣਯੋਗ ਵੀ। ਪਰ ਜੇ ਅਭਿਆਸ ਦੇ ਰਾਹ ਤੁਰਿਆ ਜਾਵੇ ਤਾਂ ਦਸ ਦਿਸ਼ਾਵਾਂ ਵਾਲੇ ਸੱਚ ਦੀ ਗੱਲ ਦੇ ਨੇੜੇ ਪਹੁੰਚਣਾ ਮੁਸ਼ਕਲ ਨਹੀਂ। ਦਸ ਦਿਸ਼ਾਵਾਂ ਵੱਲ ਦੌੜਦੇ ਮਨ ਨੂੰ ਕਿਹੜੀ ਦਿਸ਼ਾ ਤੋਂ ਰੋਕਿਆ ਜਾਏ, ਕੋਈ ਪਤਾ ਨਹੀਂ ਲੱਗਦਾ। ਇੱਕ ਦਿਸ਼ਾ ਵੱਲ ਇਸ ਦਾ ਪਿੱਛਾ ਕੀਤਾ ਜਾਏ ਤਾਂ ਇਹ ਦੂਜੀ ਤੇ ਤੀਜੀ ਦਿਸ਼ਾ ਵੱਲ ਦੌੜ ਜਾਵੇਗਾ। ਇਹ ਹੀ ਕਾਰਨ ਹੈ ਕਿ ਇਸ ਦਾ ਭੇਤ ਨਹੀਂ ਖੁੱਲ੍ਹਦਾ, ਇਸ ਦੇ ਪਤੇ ਨਹੀਂ ਮਿਲਦੇ ਅਤੇ ਇਹ ਕਾਬੂ 'ਚ ਨਹੀਂ ਆਉਂਦਾ।

ਮਨ ਬਾਰੇ ਬੜੀ ਹੀ ਗਹਿਰਾਈ 'ਚ ਗੱਲਾਂ ਕੀਤੀਆਂ ਗਈਆਂ ਪਰ ਫੇਰ ਵੀ ਹੱਥ-ਪੱਲੇ ਕੁੱਝ ਨਹੀਂ ਪੈਂਦਾ। ਮਨ ਦੀ ਭਾਲ਼ 'ਚ ਤੁਰਿਆ ਖੜ੍ਹੇ ਦਾ ਖੜ੍ਹਾ ਰਹਿ ਜਾਂਦਾ। ਉਹ ਪ੍ਰਾਪਤੀਆਂ ਦੀ ਆਸ ਵਿੱਚ ਰਹਿ ਜਾਂਦਾ ਹੈ ਖਾਲਮ-ਖਾਲੀ:

ਮਨ ਦੀਆਂ ਗੱਲਾਂ ਕਰਨ ਬਥੇਰੇ
ਮਨ ਦਾ ਭੇਤ ਕਿਸੇ ਨਾ ਪਾਇਆ
ਮਨ ਦੀਆਂ ਗ਼ਲੀਆਂ ਫਿਰਿਆ ਜਿਹੜਾ
ਉਸ ਨੇ ਗੀਤ ਇਲਾਹੀ ਗਾਇਆ।



ਇਹ ਗੱਲਾਂ ਅਭਿਆਸੀ ਤੇ ਸਾਧੂ-ਜਨਾਂ ਕੋਲੋਂ ਸੁਣੀਆਂ ਜਾ ਸਕਦੀਆਂ। ਉਨ੍ਹਾਂ ਕੋਲ ਇਹ ਹੁੰਦੀਆਂ ਹਨ ਹਵਾ ਦੀ ਛੋਹ ਵਾਂਗ, ਰੋਸ਼ਨੀ ਦੀ ਚਮਕ ਵਾਂਗ ਤੇ ਸੁਰ ਦੇ ਸੁਹਜ ਵਾਂਗ। ਮਨ ਦੇ ਬੂਹੇ ਐਵੇਂ ਕਿਵੇਂ ਭਲਾਂ/ਕਿੱਦਾਂ ਖੁੱਲ੍ਹ ਜਾਣ? ਜੇ ਅਭਿਆਸ ਦੀ ਸੁਰ ਨਹੀਂ ਤਾਂ ਦਸਤਕ ਸੁਰਹੀਣ ਹੋਵੇਗੀ, ਜੋ ਬੂਹੇ/ਵਕਤ ਦੇ ਮੱਥੇ 'ਤੇ ਸ਼ੋਰ-ਸ਼ਰਾਬਾ ਬਣ ਕੇ ਰਹਿ ਜਾਵੇਗੀ। ਸ਼ੋਰ ਜਾਂ ਰੌਲ਼ਾ-ਰੱਪਾ ਸੌ ਜ਼ੋਰ ਲਾਵੇ ਬੂਹੇ ਨਹੀਂ ਖੁੱਲ੍ਹਣਗੇ। ਕੋਮਲਤਾ, ਨਿਰਮਲਤਾ ਅਤੇ ਨਿਮਰਤਾ ਬਿਨ੍ਹਾਂ ਕੁਝ ਨਹੀਂ ਬਣਨ ਲੱਗਾ।

ਹੰਕਾਰ ਦੀਆਂ ਪੰਡਾਂ ਸਿਰ 'ਤੇ ਚੁੱਕੀ, ਅਹੁਦਿਆਂ ਨੂੰ ਸਿਰ ਤੋਂ ਵੀ ਉੱਪਰ ਉਲਾਰੀ ਤੁਰੀ ਜਾਂਦੇ ਸ਼ਖ਼ਸ ਉਹ ਕੁੱਝ ਕਦੇ ਹਾਸਲ ਨਹੀਂ ਕਰ ਸਕਦੇ ਜਿਸ ਦੀ ਪ੍ਰਾਪਤੀ ਲਈ ਉਹ ਤੁਰੇ ਹੁੰਦੇ ਹਨ ਕਿਉਂਕਿ ਉਹ ਆਪਣੇ ਹੀ ਨਾਂ ਦੀ ਚਮਕ-ਦਮਕ ਬਣਾਈ ਰੱਖਣ ਲਈ ਵਾਹੋ-ਵਾਹ ਵੀ ਹੋਏ ਰਹਿੰਦੇ ਹਨ ਤੇ ਸਾਹੋ-ਸਾਹ ਵੀ। ਅਜਿਹੇ ਹਾਲਾਤ ਵਿੱਚ ਜਿੰਨੀ ਵਾਰ ਮਰਜ਼ੀ ਬੂਹੇ ਖੜਕਾਈਏ ਉਹ ਕਦੇ ਨਹੀਂ ਖੁੱਲਣਗੇ :

ਵਾਰ ਵਾਰ ਖੜਕਾਂਦੇ ਰਹੀਏ
ਮਨ ਦੇ ਬੂਹੇ ਖੁੱਲ੍ਹਦੇ ਨਾ
ਆਪਣਾ ਨਾਂ ਚਮਕਾਂਦੇ ਰਹੀਏ
ਫੇਰ ਵੀ ਝੰਡੇ ਝੁੱਲਦੇ ਨਾ।
ਅਹੁਦੇ ਦੀ ਸਿਰ ਕਲਗੀ ਟੰਗੀ
ਲਾਹੁਣੋਂ ਕਦੇ ਵੀ ਭੁੱਲਦੇ ਨਾ
ਹਉਮੈਂ ਵਿੱਚ ਉਡੇ ਹੋਏ ਬੰਦੇ
ਰਹਿੰਦੇ ਕਿਸੇ ਵੀ ਮੁੱਲ ਦੇ ਨਾ।
ਝਾਕੀਏ ਕਦੇ ਨਾ ਆਪਣੇ ਅੰਦਰ
ਧੁੱਪਾਂ ਦੇ ਰੰਗ ਡੁੱਲਦੇ ਨਾ
ਵਾਰ ਵਾਰ ਖੜਕਾਂਦੇ ਰਹੀਏ
ਮਨ ਦੇ ਬੂਹੇ ਖੁੱਲ੍ਹਦੇ ਨਾ।

ਪੁੱਛਿਆ ਜਾ ਸਕਦੈ ਕਿ ਕੀ ਮਨ ਦੇ ਬੂਹੇ ਖੋਲ੍ਹੇ ਬਿਨ੍ਹਾਂ ਨਹੀਂ ਸਰ ਸਕਦਾ। ਜਵਾਬ ਇਹ ਹੀ ਕਿ ਅੱਖਾਂ ਮੀਚ ਕੇ ਬੈਠਣ ਨਾਲ ਨਹੀਂ ਸਰਦਾ, ਸਰ ਹੀ ਨਹੀਂ ਸਕਦਾ। ਮਨ ਦੇ ਬੂਹੇ ਖੋਲ੍ਹੇ ਜਾਣ ਵਾਲੇ ਯਤਨਾਂ ਤੋਂ ਬੂਹੇ ਖੁੱਲ੍ਹਣ ਤੱਕ ਦਾ ਬਹੁਤ ਲੰਮਾਂ ਪੈਂਡਾ ਹੈ ਜਿਸ ਨੂੰ ਤੈਅ ਕਰਨਾ ਹਰ ਇੱਕ ਦਾ ਨਸੀਬ ਨਹੀਂ ਹੁੰਦਾ, ਪਰ ਹਰ ਕੋਈ ਜੇ ਯਤਨ ਕਰਦਾ ਰਹੇ ਤਾਂ ਕੋਈ ਹਰਜ਼ ਨਹੀਂ। ਕਹਿੰਦੇ ਹਨ ਕਿ ਮਨ ਦੇ ਬੂਹੇ ਖੁੱਲ੍ਹਣ ਨਾਲ ਆਪਣੇ ਦੀਦਾਰ ਹੁੰਦੇ ਹਨ, ਆਲੇ-ਦੁਆਲ਼ੇ ਦਾ ਪਤਾ ਲਗਦੈ ਅਤੇ ਬ੍ਰਹਿਮੰਡ ਤੱਕ ਬੁੱਕਲ਼ ਵਿੱਚ ਆ ਜਾਂਦੈ।

# 36

# ਬੜੇ ਅਡੰਬਰ ਕਰਦੀ ਫਿਰਦੀ ਅੱਜ ਦੀ ਸੱਭਿਅਕ ਦੁਨੀਆਂ

ਬੜਾ ਸ਼ੋਰ ਪੈ ਰਿਹਾ ਹੈ ਕਿ ਦੁਨੀਆਂ ਸੱਭਿਅਕ ਹੋ ਗਈ। ਮਿਆਰਾਂ ਨੂੰ ਅਪਣਾਈ ਗਈ। ਤਰੱਕੀ ਦੇ ਰਾਹ ਤੁਰ ਪਈ। ਬੜੀਆਂ ਕਾਢਾਂ ਕੱਢ ਲਈਆਂ। ਬੜੇ ਅਰਾਮ ਪੈਦਾ ਕਰ ਲਏ। ਚਾਰੇ ਪਾਸੇ ਸਹੂਲਤਾਂ ਹੀ ਸਹੂਲਤਾਂ ਵਗਦੀਆਂ ਮਹਿਕ ਪਰੁੱਤੀਆਂ ਵਾਵਾਂ। ਇਹ ਸੱਚ ਹੈ ਕਿ ਤਰੱਕੀ ਦਾ ਕੋਈ ਅੰਤ ਨਹੀਂ। ਪਹਿਲਾਂ ਨਾਲੋਂ ਬੜੀ ਅੱਗੇ ਚਲੀ ਗਈ ਦੁਨੀਆਂ। ਸਾਲਾਂ ਦਾ ਸਫਰ ਮਹੀਨਿਆਂ 'ਚ, ਮਹੀਨਿਆਂ ਦਾ ਦਿਨਾਂ 'ਚ ਤੇ ਦਿਨਾਂ ਦਾ ਘੰਟਿਆਂ 'ਚ, ਦੁਨੀਆਂ ਹੁਣ ਦੂਰ ਨਹੀਂ ਰਹੀ। ਮੁੱਠੀ 'ਚ ਬੰਦ ਹੋ ਗਈ। ਮੁੱਠੀ ਖੁੱਲ੍ਹੀ ਕਿ ਦਰਸ਼ਨ ਹੋ ਜਾਣਗੇ ਦੁਨੀਆਂ ਦੇ।

ਹਰ ਸਮਾਜ ਦੀ ਆਪਣੀ ਦੁਨੀਆਂ। ਹਰ ਵਰਗ ਦੀ ਆਪਣੀ ਦੁਨੀਆਂ। ਹਰ ਪ੍ਰਾਣੀ ਦੀ ਆਪਣੀ ਦੁਨੀਆਂ। ਇਸ ਨੂੰ ਵੇਖਣ ਦਾ ਵੀ ਆਪੋ-ਆਪਣਾ ਅੰਦਾਜ਼ ਤੇ ਆਪੋ-ਆਪਣਾ ਨਜ਼ਰੀਆ। ਕੋਈ ਦੇਖਦਾ ਸਾਫ ਨਜ਼ਰ ਨਾਲ ਕੋਈ ਦੇਖਦਾ ਤਿਰਛੀ ਨਜ਼ਰੇ। ਇਸੇ ਕਰਕੇ ਇੱਕੋ ਜਹੀ ਦੁਨੀਆਂ ਨਾ ਦਿਸਦੀ। ਦੁਨੀਆਂ ਭਰ ਦੇ ਰੰਗ ਹਜ਼ਾਰ। ਜਿਸ ਰੰਗ ਦਾ ਵੀ ਬੂਹਾ ਖੁੱਲ੍ਹੇ ਉਹੋ ਜਹੀ ਦੁਨੀਆਂ ਬਣ ਜਾਂਦੀ। ਕੋਈ ਤਾਂ ਵਿਚਰੇ ਰੰਗੋ-ਰੰਗ ਮਹੌਲ ਦੇ ਅੰਦਰ ਤੇ ਕਿਸੇ ਦੀ ਸਾਰੀ ਉਮਰ ਹੀ ਕਾਲੇ ਰੰਗ 'ਚੋਂ ਲੰਘਦੀ। ਹਰ ਪਲ ਡੰਗੇ, ਹਰ ਘੜੀ ਸੰਗਦੀ।

ਤਰੱਕੀ ਦੇ ਰੰਗ ਹਰ ਕਿਸੇ ਦੇ ਹਿੱਸੇ ਨਹੀਂ ਆ ਰਹੇ। ਇਨ੍ਹਾਂ 'ਤੇ ਜਿਹੜੇ ਕਾਬਜ਼ ਹੋ ਗਏ ਉਹ ਦੂਜਿਆਂ ਨੂੰ ਨੇੜੇ ਆਉਣ ਹੀ ਨਹੀਂ ਦਿੰਦੇ। ਕਈ ਵੰਡੀਆਂ ਵਿੱਚ ਵੰਡੀ ਦੁਨੀਆਂ ਇੱਕ ਨਾ ਰਹਿ ਕੇ ਟੋਟੇ ਹੋ ਗਈ। ਟੋਟੇ ਟੋਟੇ ਕਰਨ ਵਾਲੀ ਸੋਚ ਅਡੰਬਰੀ ਨਹੀਂ ਤਾਂ ਹੋਰ ਕੀ ਹੋ ਸਕਦੀ ਹੈ? ਇਹ ਸੋਚ ਜੇ ਸੱਭਿਅਕ ਦੁਨੀਆਂ ਦੀ ਹੈ ਤਾਂ ਦੁਨੀਆਂ ਇਸ ਤੋਂ ਬਿਨਾਂ ਹੀ ਚੰਗੀ। ਇਸ ਸੋਚ ਦੀ ਪੈਰਵੀ ਕਰਨਾ ਭਲਿਆਂ ਦਾ ਕੰਮ ਨਹੀਂ ਹੋ ਸਕਦਾ। ਭਲੇ-ਪੁਰਸ਼ਾਂ ਦੇ ਅਤੇ ਅਡੰਬਰ ਦੇ ਰਾਹ ਕਦੇ ਇੱਕ ਨਹੀਂ ਹੁੰਦੇ।

ਕਰੇ ਕੁੱਝ ਹੋਰ, ਦੱਸੇ ਕੁੱਝ ਹੋਰ, ਇਸ ਦੁਨੀਆਂ ਦੇ ਰੰਗ ਨਿਆਰੇ। ਸੋਚੇ ਕੁੱਝ ਹੋਰ ਤੁਰੇ ਹੋਰ ਪਤਾ ਨਾ ਲੱਗਣ ਦਿੰਦੀ ਕੁੱਝ ਵੀ। ਇਸ ਅਡੰਬਰੀ ਦੁਨੀਆਂ



ਅੰਦਰ ਕਿਸ ਕਿਸ ਨੂੰ ਕੋਈ ਟੋਕੇ ਤੇ ਕਿਸ ਕਿਸ ਨੂੰ ਕੋਈ ਕੋਸੇ। ਸਾਹਮਣੇ ਕੁੱਝ ਹੋਰ ਪਿੱਠ ਪਿੱਛੇ ਜ਼ਮਾ ਈ ਹੋਰ। ਪਿੱਠ ਪਿੱਛੇ ਜੇ ਬੜ੍ਹਕ ਮਾਰ ਲਈ ਤਾਂ ਦੂਜੇ ਪਲ ਹੀ ਵਾਪਸ ਲੈ ਲਈ। ਸਮੇਂ ਦੇ ਸਾਏ ਨਿਰੇ ਗਊ ਦੇ ਜਾਏ। ਇਹ ਅਡੰਬਰੀ ਚਾਲਾਂ ਮਾਨਵ ਹੀ ਚੱਲ ਰਿਹਾ। ਇਨ੍ਹਾਂ ਵਿੱਚੋਂ ਕੁੱਝ ਨਾ ਖੱਟਦਾ, ਨਿੱਤ ਹੀ ਖ਼ੁਦ ਆਪਣੇ 'ਚੋਂ ਘੱਟਦਾ।

ਪਦਾਰਥਾਂ 'ਚ ਤਰੱਕੀ, ਸਹੂਲਤਾਂ 'ਚ ਤਰੱਕੀ ਸਾਡਾ ਸਭ ਦਾ ਹਾਸਲ ਪਰ ਮਾਨਵ ਮਨ ਕੋਈ ਤਰੱਕੀ ਨਹੀਂ ਕਰ ਸਕਿਆ। ਇਹ ਪਖੰਡਾਂ ਵਿੱਚ ਪੈ ਗਿਆ ਜਿਹੜਾ ਸਮਾਜ ਨੂੰ ਆਪਣੀਆਂ ਚਤਰਾਈਆਂ ਵਿੱਚ ਲਪੇਟੀ ਫਿਰਦਾ। ਇਸ ਵਿੱਚ ਬੈਠਾ ਅਡੰਬਰ ਚਾਰੇ ਪਾਸੇ ਦੂਰ ਦੂਰ ਤੱਕ ਫੈਲਿਆ ਹੋਇਆ। ਵਿਕਸਤ ਅਤੇ ਸੱਭਿਅਕ ਦੁਨੀਆਂ ਦੇ ਮੱਥੇ ਉੱਤੇ ਕਾਲਾ ਧੱਬਾ। ਖ਼ੁਦ ਵੀ ਚਤਰਾਈਆਂ ਵਿੱਚ ਘਿਰੇ ਮਨ ਨੂੰ ਕੋਈ ਰਾਹ ਨਾ ਲੱਭਦਾ। ਅਡੰਬਰ ਰਾਹ ਲੱਭਣ ਨਹੀਂ ਦਿੰਦੇ। ਜਿਹੜੇ ਅਡੰਬਰਾਂ ਦੇ ਨੇੜੇ ਨਹੀਂ ਗਏ ਜਾਂ ਜਿਨ੍ਹਾਂ ਨੂੰ ਅਡੰਬਰ ਮੋਹ ਨਹੀਂ ਸਕੇ ਉਨ੍ਹਾਂ ਬਾਰੇ ਇਹ ਸਤਰਾਂ ਕੁੱਝ ਏਦਾਂ ਬੋਲਣ :

ਦੱਸਦੇ ਰਹੇ ਰਾਹ ਸਦਾ ਹੀ
ਜੋ ਵੀ ਆਏ ਪੀਰ ਪੈਗੰਬਰ
ਮਨ 'ਚ ਝਾਕੇ ਮਨ 'ਚੋਂ ਬੋਲੇ
ਮੋਹ ਨਾ ਸਕਿਆ ਕੋਈ ਅਡੰਬਰ
ਰੂਹ ਨਾਲ ਗੱਲਾਂ ਕਰਦੇ ਕਰਦੇ
ਮਨ 'ਚੋਂ ਭਰਦੇ ਰਹੇ ਉਡਾਣਾਂ
ਲੱਭਦੇ ਰਹੇ ਸਦਾ ਹੀ ਉਹ ਤਾਂ
ਤਾਰਿਆਂ ਨਾਲ ਚਮਕਦਾ ਅੰਬਰ।

ਅੱਜ ਦੀ ਸੱਭਿਅਕ ਦੁਨੀਆਂ ਨੂੰ ਆਪਣੇ ਅੰਦਰ ਝਾਕਣਾ ਚਾਹੀਦਾ ਹੈ ਤਾਂ ਕਿ ਅੰਦਰਲੀ ਸੱਭਿਅਤਾ ਦੀ ਪੁੱਨਰ-ਸੁਰਜੀਤੀ ਕੀਤੀ ਜਾ ਸਕੇ। ਅੰਦਰਲੇ ਸੱਚ ਨੂੰ ਜਗਾਇਆ ਜਾ ਸਕੇ, ਅਜਿਹਾ ਹੋਣ ਨਾਲ ਹੀ ਬਾਹਰਲੇ ਸੱਭਿਅਕ ਮਿਆਰਾਂ ਦੇ ਹਾਣ ਦੇ ਹੋ ਕੇ ਤੁਰਿਆ ਜਾ ਸਕਦਾ। ਅਖੌਤੀ ਸੱਭਿਅਕ-ਸੱਭਿਆਚਾਰ ਵੱਲ ਪਿੱਠ ਕੀਤੇ ਬਿਨ੍ਹਾਂ ਅਡੰਬਰੀ-ਜਗਤ ਤੋਂ ਮੁਕਤ ਹੋਣਾ ਸੰਭਵ ਨਹੀਂ। ਬਾਹਰਲੀ ਦੁਨੀਆਂ ਮਨ ਦੇ ਹਾਣ ਦੀ ਹੋਵੇ ਤੇ ਮਨ ਬਾਹਰਲੇ-ਜਗਤ ਦੇ ਨਾਲ ਹੋ ਤੁਰੇ ਤਾਂ ਹੀ ਦੁਨੀਆਂ ਦੇ ਸੱਭਿਅਕ ਹੋਣ ਦਾ ਦਾਅਵਾ ਕੀਤਾ ਜਾ ਸਕਦੈ।

♦♦♦

37

# ਕਿਉਂ ਨਾ ਮੰਨੀਏਂ ਹੁਣ ਸਭ ਆਪਾਂ ਬਣ ਬੈਠੇ ਹਾਂ ਪੇਟੂ

ਆਪਾਂ ਦਾ ਭਾਵ ਹੈ ਦੁਨੀਆਂ ਭਰ ਦੇ ਮਨੁੱਖ, ਵੱਖ-ਵੱਖ ਤਰ੍ਹਾਂ ਦੇ ਲੋਕ। ਵੰਨ-ਸੁਵੰਨੀਆਂ ਧਰਤੀਆਂ ਦੇ ਬਾਸ਼ਿੰਦੇ। ਧਰਤੀਆਂ ਦੀ ਗਿਣਤੀ ਤਾਂ ਹੋ ਸਕਦੀ ਹੈ ਬੰਦਿਆਂ ਦੀ ਨਹੀਂ। ਹਰ ਘੜੀ ਘਟਦੇ, ਹਰ ਛਿਣ ਵਧਦੇ। ਕਿਤੇ ਡੰਡੀ ਨਹੀਂ ਪਾਈ ਜਾ ਸਕਦੀ। ਕਿਸੇ ਵੀ ਨੁਕਤੇ 'ਤੇ ਗਿਣਤੀ ਬੰਦ ਨਹੀਂ ਕੀਤੀ ਜਾ ਸਕਦੀ। ਕਿਧਰੇ ਧਰਤੀ ਹਜਾਰਾਂ ਮੀਲਾਂ ਤੱਕ ਖਾਲੀ ਪਈ ਹੈ ਤੇ ਕਿਧਰੇ ਤਿਲ ਧਰਨ ਨੂੰ ਥਾਂ ਤੱਕ ਨਹੀਂ ਮਿਲਦੀ। ਜਿੰਨੀਆਂ ਧਰਤੀਆਂ ਓਨੇ ਹੀ ਕੌਤਕ।

ਜਿੱਥੇ ਵੱਧ ਲੋਕ ਵੱਸਦੇ ਉੱਥੇ ਤਕਲੀਫਾਂ ਤੇ ਮੁਸੀਬਤਾਂ। ਜਿੱਥੇ ਘੱਟ ਵੱਸਦੇ ਉਹ ਵੀ ਦੁੱਖਾਂ ਤਕਲੀਫਾਂ ਤੋਂ ਰਹਿਤ ਨਹੀਂ। ਕਿਸੇ ਵੀ ਧਰਤੀ 'ਤੇ ਆਉਣ ਦਾ ਅਰਥ ਹੀ ਹੈ ਘੁੰਮਣ-ਘੇਰੀਆਂ 'ਚ ਘਿਰਨਾ। ਇੱਥੋਂ ਹੀ ਪੈਰਾਂ ਨੂੰ ਕਈ ਰਾਹ ਲੱਭ ਪੈਂਦੇ ਨੇ । ਸ਼ਾਇਦ ਹੀ ਕੋਈ ਰਾਹ ਹੋਵੇ ਜਿਸ 'ਤੇ ਤਲਖੀਆਂ ਦੇ ਵਿੰਗ-ਵਲ਼ੇਵੇਂ ਨਾ ਹੋਣ, ਜਿਹੜੇ ਜੀਵਨ ਨੂੰ ਸਾਵਾਂ-ਪੱਧਰਾ ਨਹੀਂ ਰਹਿਣ ਦਿੰਦੇ। ਸ਼ੁਰੂ ਹੋ ਜਾਂਦੀ ਹੈ ਵਿੰਗ-ਵਲੇਵੀਂ ਤੋਰ। ਏਥੋਂ ਹੀ ਛਿੜ ਪੈਂਦਾ ਹੈ ਬੇਢੰਗੇ ਤੇ ਗਲਤ ਕੰਮਾਂ ਦਾ ਸਿਲਸਿਲਾ।

ਗਲਤ ਕੰਮ ਮਨੁੱਖ ਦੀ ਅਕਲ ਨੂੰ ਕੰਨੋਂ ਅਜਿਹਾ ਫੜਦੇ ਹਨ ਕਿ ਉਸਦੇ ਹੱਥ-ਵੱਸ ਕੁਝ ਨਹੀਂ ਰਹਿੰਦਾ। ਉਸ 'ਤੇ ਛਾ ਜਾਂਦਾ ਹੈ ਗਲਤ ਵਿਵਹਾਰ ਜਿਹੜਾ ਬੰਦੇ ਨੂੰ ਠੀਕ ਰਾਹ 'ਤੇ ਤੁਰਨ ਹੀ ਨਹੀਂ ਦਿੰਦਾ। ਗਲਤ ਰਾਹਾਂ ਦਾ ਵੀ ਅੰਤ ਨਹੀਂ। ਇੱਕ ਰਾਹ ਬੰਦ ਹੁੰਦਾ ਦੂਜਾ ਖੁੱਲ੍ਹ ਜਾਂਦਾ। ਇਹ ਰਾਹ ਹੀ ਹਨ ਜੋ ਮੋਹ ਮਾਇਆ ਵਲ ਲੈ ਜਾਂਦੇ ਹਨ ਜਾਂ ਫੇਰ ਲੋਭ ਲਾਲਚ ਵੱਲ। ਇਨ੍ਹਾਂ ਵਿੱਚ ਫਸਿਆ ਤੇ ਵੱਸਿਆ ਬੰਦਾ ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ। ਹਰ ਪਾਸੇ ਬਸ ਘੁੰਮਣਘੇਰੀ।

ਲਾਲਚ ਦੇ ਵੱਸ ਪਿਆ ਆਦਮੀ ਸੰਤੁਲਨ 'ਚ ਨਹੀਂ ਰਹਿੰਦਾ। ਹਰ ਵਸਤੂ 'ਤੇ ਨਜ਼ਰ ਰੱਖਦਾ ਹੋਇਆ ਉਸ ਵੱਲ ਖਿੱਚਿਆ ਚਲਾ ਜਾਂਦਾ। ਯਤਨ ਕੀਤਿਆਂ ਵੀ ਉੱਧਰੋਂ ਨਹੀਂ ਮੁੜਦਾ। ਹਰ ਚੀਜ਼ ਨੂੰ ਆਪਣੇ ਘਰ ਲੈ ਆਉਣੀ ਚਾਹੁੰਦਾ। ਉਸ ਵਾਸਤੇ ਕੇਵਲ ਯਤਨ ਹੀ ਨਹੀਂ ਕਰਦਾ ਸਗੋਂ ਏਨਾ ਤਾਣ ਲਾਉਂਦਾ ਹੈ ਕਿ ਉਸ ਨੂੰ ਪ੍ਰਾਪਤ ਕੀਤੇ ਬਿਨਾ ਨਹੀਂ ਰਹਿੰਦਾ, ਉਸ ਦੀ ਲੋੜ ਹੋਵੇ ਜਾਂ ਨਾ ਹੋਵੇ ਇਸ ਬਾਰੇ ਉਹ ਸੋਚਣ ਦੀ ਲੋੜ ਹੀ ਨਹੀਂ ਸਮਝਦਾ। ਉਸ ਦੀ ਇੱਛਾ ਇਹ ਹੀ ਹੁੰਦੀ ਹੈ ਕਿ ਜਿਸ ਚੀਜ਼ ਲਈ ਮਨ ਲਲਚਾ ਗਿਆ ਉਹ ਹਰ ਹੀਲੇ ਉਸ ਦੀ ਹੋ ਜਾਵੇ।



ਇਸ ਕਿਰਿਆ ਦੇ ਅਭਿਆਸ ਨੇ ਹਰ ਬੰਦੇ ਨੂੰ ਲਾਲਚੀ ਬਣਾ ਦਿੱਤਾ। ਲਾਲਚ ਏਨਾ ਕਿ ਕੋਈ ਤੋਪਾਂ ਖਾ ਰਿਹਾ, ਕੋਈ ਪਸ਼ੂਆਂ ਦਾ ਚਾਰਾ। ਕੋਈ ਨੋਟਾਂ ਦੀਆਂ ਬੋਰੀਆਂ ਭਰ ਰਿਹਾ, ਕੋਈ ਤਰ੍ਹਾਂ ਤਰ੍ਹਾਂ ਦੇ ਬੁਰੇ ਕੰਮ ਕਰ ਰਿਹਾ। ਭਲਾਂ ਸ਼ਹੀਦ ਫੌਜੀਆਂ ਲਈ ਤਿਆਰ ਕੀਤੇ ਕੱਫ਼ਣ ਖਾ ਜਾਣੇ ਬੁਰਾ ਕੰਮ ਨਹੀਂ ਹੈ ਤਾਂ ਹੋਰ ਕੀ ਹੈ? ਕੋਈ ਦੇਸ਼ ਭਰ ਵਿੱਚ ਟਿਕਟਾਂ ਵੇਚ ਕੇ ਕਰੋੜਾਂ 'ਚ ਖੇਲ੍ਹਣ ਲੱਗ ਪਿਆ। ਮੰਤਰੀਆਂ-ਸੰਤਰੀਆਂ ਦੇ ਹੱਦੋਂ ਅਤੇ ਹੱਕੋਂ ਵੱਧ ਲਾਲਚੀ ਹੋ ਜਾਣ ਦੇ ਕਿੱਸੇ ਲੋਕਾਂ ਦੀ ਨਜ਼ਰ ਤੇ ਜਾਣਕਾਰੀ ਤੋਂ ਬਾਹਰ ਨਹੀਂ।

ਜਾਇਦਾਦ, ਜਨਾਨੀ ਅਤੇ ਧਨ-ਦੌਲਤ ਦੀ ਪ੍ਰਾਪਤੀ ਲਈ ਆਪਣੇ ਹੀ ਪ੍ਰੀਵਾਰ ਦੇ ਜੀਆਂ ਦੇ ਜੀਅ ਮਾਰ ਦੇਣ ਦੇ ਕਿੱਸੇ ਤਾਂ ਨਿੱਤ ਦਿਨ ਦੀਆਂ ਖਬਰਾਂ ਦੇ ਪੇਟ ਭਰਨ ਤੋਂ ਗੁਰੇਜ਼ ਨਹੀਂ ਕਰਦੇ। ਜੇ ਗਰੀਬ-ਗੁਰਬੇ ਛੋਟੀ-ਮੋਟੀ ਚੋਰੀ ਕਰਦੇ ਹਨ ਤੇ ਡਾਕੂ ਵੱਡੇ ਵੱਡੇ ਡਾਕੇ ਮਾਰਦੇ ਹਨ ਤਾਂ ਅਧਿਕਾਰੀ ਵੀ ਇਸ ਦੌੜ ਵਿੱਚ ਕਿਸੇ ਤੋਂ ਪਿੱਛੇ ਨਹੀਂ। ਬਿਨ੍ਹਾਂ ਝਿਜਕ ਕਮਿਸ਼ਨ ਵਸੂਲ ਕੇ ਵੀ ਨਹੀਂ ਰੱਜਦੇ। ਪੇਟ ਦੀ ਭੁੱਖ ਏਨੀ ਵੱਧ ਗਈ ਕਿ ਹਜ਼ਾਰਾਂ-ਲੱਖਾਂ ਦੀ ਰਿਸ਼ਵਤ ਲੈਣੀ ਨਿੱਤ ਦਾ ਕਾਰਜ ਹੋ ਗਿਆ।

ਵੱਡਾ ਦੇਸ਼ ਛੋਟੇ ਨੂੰ ਖਾ ਰਿਹਾ। ਕਿੰਨੇ ਸਾਲ ਬੰਬ ਵਰ੍ਹਦੇ ਰਹੇ ਪਰ ਫੇਰ ਵੀ ਵੀਅਤਨਾਮ ਖਾਧ੍ਹਾ ਨਾ ਗਿਆ। ਪਰ ਦੇਰ ਮਗਰੋਂ ਦੇਸ਼ ਖਾਣ ਵਾਲੇ ਮੁਲਕ ਨੇ ਅਫਗਾਨਿਸਤਾਨ ਝੁਕਾ ਲਿਆ, ਇਰਾਨ ਜੇਬ 'ਚ ਪਾ ਲਿਆ ਅਤੇ ਇਰਾਕ ਖਾ ਲਿਆ। ਲਾਲਚ ਦਾ ਏਨਾ ਵੱਡਾ ਪੇਟ ਕਿ ਭਰਨ ਦਾ ਨਾਂ ਹੀ ਨਹੀਂ ਲੈ ਰਿਹਾ। ਇੱਛਾ, ਤ੍ਰਿਸ਼ਨਾ ਤੇ ਹਿਰਸ ਨੇ ਦੁਨੀਆਂ ਮਾਰ ਲਈ ਜਿਸ ਕਾਰਨ ਲਾਲਚੀ ਪੇਟ ਦੇ ਹੱਦ ਬੰਨੇ ਹੀ ਨਹੀਂ ਰਹੇ। ਵੱਡੇ, ਭੁੱਖੇ ਤੇ ਲਾਲਚੀ ਪੇਟ ਨੂੰ ਭਰਨਾ ਸੌਖਾ ਨਹੀਂ।

ਹੁਣ ਸੋਚਣਾ ਬਣਦਾ ਹੈ ਕਿ ਜਿਸ ਪੇਟ ਵਿੱਚ ਏਨਾ ਕੁੱਝ ਭਰ ਹੁੰਦਾ ਰਹੇ ਤਾਂ ਉਸ ਪੇਟ ਵਾਲੇ ਨੂੰ ਪੇਟੂ ਕਿਹਾ ਜਾਣਾ ਅਸਲੀਅਤ ਦਾ ਜ਼ਿਕਰ ਕਰਨਾ ਹੀ ਹੈ ਗਲਤ ਬਿਆਨੀ ਕਰਨਾ ਨਹੀਂ। ਜੇ ਭੁੱਖ ਨਹੀਂ ਮਰਦੀ, ਜੇ ਤਮਾਂ ਖਤਮ ਨਹੀਂ ਹੁੰਦੀ, ਜੇ ਤ੍ਰਿਸ਼ਨਾ ਨਹੀਂ ਮਿਟਦੀ ਤਾਂ ਆਪਣੇ ਆਪ ਨੂੰ ਆਪਾਂ ਪੇਟੂ ਕਿਉਂ ਨਹੀਂ ਮੰਨਦੇ? ਪ੍ਰਾਈਵੇਟ ਹੋਵੇ ਭਾਵੇਂ ਸਰਕਾਰੀ ਆਦਮੀ ਤਾਂ ਆਦਮੀ ਹੈ ਜਿਸ ਨੂੰ ਹੁਣ ਸੱਚ ਦਾ ਸਾਹਮਣਾ ਕਰਦਿਆਂ ਹੀਲ-ਹੁੱਜਤ ਨਹੀਂ ਕਰਨੀ ਚਾਹੀਦੀ ਕਿ ਬਿਨ੍ਹਾਂ ਸ਼ੱਕ ਹੁਣ ਉਹ ਪੇਟੂ ਹੋ ਕੇ ਰਹਿ ਗਿਆ। ਭਲਾਂ ਇਸ ਸਚਾਈ ਨੂੰ ਨਾ ਮੰਨਣਾ ਗਲਤ ਨਹੀਂ? ਜੇ ਉੱਤਰ ਹਾਂਅ ਵਿੱਚ ਹੋਵੇ, ਜੋ ਕਿ ਹੋਣਾ ਚਾਹੀਦਾ ਹੈ ਤਾਂ ਆਉ ਆਪਾਂ ਖੁੱਲ੍ਹੇ ਦਿਲ ਅਤੇ ਵਿਸ਼ਾਲ ਸੋਚ ਨਾਲ ਇਹ ਮੰਨ ਲਈਏ ਕਿ ਆਪਾਂ ਥਾਏਂ ਖੜ੍ਹੇ ਪੇਟੂ ਹੋ ਗਏ ਹਾਂ। ਅਸੀਂ ਕਿਤੇ ਗਏ ਨਹੀਂ, ਸਾਡੇ ਕੋਲ ਕੋਈ ਆਇਆ ਵੀ ਨਹੀਂ, ਫੇਰ ਪੇਟੂ ਕਿਵੇਂ ਹੋ ਗਏ?

ਸਵਾਲ ਤਾਂ ਨਿੱਤ ਮੱਥੇ ਦੇ ਦੁਆਰ 'ਤੇ ਦਸਤਕ ਦਿੰਦੇ ਰਹਿੰਦੇ ਹਨ, ਪਰ ਇਨ੍ਹਾਂ ਬਾਰੇ ਸੋਚਦੇ ਸਾਰੇ ਨਹੀਂ। ਜੇ ਸਾਰਿਆ ਦੇ ਨਾਂ ਸਹੀ ਪਰ ਬਹੁਮਤ ਦੇ ਜ਼ਿਹਨ 'ਚ ਚਰਾਗ ਜਗ ਪੈਣ ਤਾਂ ਪੇਟੂ ਬਣਨ ਦੀ ਰਫ਼ਤਾਰ ਨੂੰ ਠੱਲ੍ਹ ਪਾਉਣੀ ਔਖੀ ਗੱਲ ਨਹੀਂ। ਹੁਣ ਦਾ ਸੱਚ ਇਹੀ ਹੈ ਕਿ ਪਾਪਾ ਤੋਂ ਲੈ ਕੇ ਬੇਟੇ ਤੱਕ, ਭੇਟ ਸਵੀਕਾਰ ਕਰਨ ਵਾਲੇ ਤੋਂ ਭੇਟੂ ਤੱਕ ਅਤੇ ਨਿੱਤ ਇਸ ਵਿੱਚ ਫਸਣ ਵਾਲਿਆਂ 'ਚੋਂ ਕੋਈ ਅਜਿਹਾ ਨਹੀਂ ਜਿਹੜਾ ਗਲਤੀਆਂ ਦੇ ਅਸ਼ਵਮੇਧੀ ਘੋੜਿਆਂ ਨੂੰ ਰੋਕ ਸਕੇ। ਇਸ ਲਈ ਆਪਾਂ ਸਾਰਿਆਂ ਨੂੰ ਬਿਨ੍ਹਾਂ ਸੰਕੋਚ ਇਹ ਮੰਨ ਲੈਣਾ ਚਾਹੀਦਾ ਕਿ ਆਪਾਂ ਸਭ ਦੇ ਸਭ ਬਣ ਬੈਠੇ ਹਾਂ ਪੇਟੂ :-

ਲਾਲਚ ਦੇ ਵਿੱਚ ਸਭ ਹੀ ਰੁਲ ਗਏ
ਕਿਆ ਪਾਪਾ ਕਿਆ ਬੇਟੂ
ਗਲਤ ਹੈ ਲੈਣਾ ਭੇਟ ਦੇ ਰੂਪ 'ਚ
ਉਹ ਵੀ ਗਲਤ ਜੋ ਭੇਟੂ
ਭੇਡ ਚਾਲ ਵਿੱਚ ਨਿੱਤ ਸਭ ਵਸਦੇ
ਕੌਣ ਇਹ ਗਲਤੀ ਮੇਟੂ
ਕਿਉਂ ਨਾ ਮੰਨੀਏ ਹੁਣ ਸਭ ਆਪਾਂ
ਬਣ ਬੈਠੇ ਹਾਂ ਪੇਟੂ

♦♦♦



# 38

# ਕਿਉਂ ਹਰੇਕ ਖੁਸ਼ੀ ਲਈ ਭੱਜਿਆ, ਦੁੱਖ ਕੋਈ ਨਾ ਚਾਹਵੇ

ਮਨ ਇੱਛਤ ਹੋ ਜਾਵੇ, ਉਹ ਕੁੱਝ ਹੋ ਜਾਵੇ ਜੋ ਸੋਚਿਆ ਹੋਵੇ, ਕੋਈ ਹਾਸਲ ਪੱਲੇ ਆ ਪਵੇ, ਕੁੱਝ ਅਚਾਨਕ ਅੱਛਾ ਵਾਪਰੇ, ਕੋਈ ਸਫਲਤਾ ਸਾਹਮਣੇ ਆ ਖਲੋਵੇ ਅਤੇ ਮਨ ਦੀ ਸੰਤੁਸ਼ਟੀ ਮੁਤਾਬਕ ਕੁੱਝ ਵਾਪਰ ਜਾਵੇ ਤਾਂ ਖੁਸ਼ੀ ਜਨਮ ਧਾਰੇ ਬਿਨ੍ਹਾਂ ਨਹੀਂ ਰਹਿੰਦੀ। ਹਰ ਪਲ ਹੀ ਖੁਸ਼ੀ ਦਾ ਸੋਮਾ ਬਣ ਸਕਦਾ ਹੈ, ਪਰ ਉਸ ਲਈ ਜਿਹੜਾ ਇਨ੍ਹਾਂ ਤੋਂ ਚਾਅ ਹਾਸਲ ਕਰਨ ਦੇ ਹਾਲਾਤ ਪੈਦਾ ਕਰ ਸਕੇ। ਅਜਿਹਾ ਮਹੌਲ ਪੈਦਾ ਕਰ ਦੇਵੇ ਜਿੱਥੇ ਖੁਸ਼ੀ ਬਿਨਾ ਹੋਰ ਕੁੱਝ ਦਾਖਲ ਹੀ ਨਾ ਹੋ ਸਕੇ। ਖੁਸ਼ੀ ਆਏ ਕਿ ਮਨ ਉਡਿਆ ਫਿਰੇ ਤੇ ਸੋਚਾਂ ਉਡਾਰੀਆਂ ਭਰਦੀਆਂ ਫਿਰਨ। ਕਲਪਨਾਵਾਂ 'ਚ ਸਤਰੰਗੀਆਂ ਪੀਂਘਾਂ ਪੈਣ ਦਾ ਅਹਿਸਾਸ ਹੋਵੇ। ਖੁਸ਼ੀ ਧਰਤੀ 'ਤੇ ਪੈਰ ਨਹੀਂ ਲੱਗਣ ਦਿੰਦੀ। ਪਲ ਫੁੱਲੇ ਨਹੀਂ ਸਮਾਉਂਦੇ। ਮੋਰ ਤਾਂ ਭਾਵੇਂ ਨਹੀਂ ਬਣਦਾ ਮਨੁੱਖ ਪਰ ਪੈਲਾਂ ਪਾਏ ਬਗੈਰ ਨਹੀਂ ਰਹਿੰਦਾ। ਖੁਸ਼ੀ 'ਚ ਖੀਵਾ ਹੋਇਆ ਮਾਨਵ ਆਪਣੇ ਹੀ ਮੋਢਿਆ 'ਤੇ ਸਵਾਰ ਹੋਇਆ ਫਿਰਦਾ ਰਹਿੰਦਾ।

ਖੁਸ਼ੀ ਦਾ ਸੋਮਾ ਮਨ ਹੈ ਜਾਂ ਫੇਰ ਆਲਾ-ਦੁਆਲਾ। ਬਹੁਤੀਆਂ ਇਛਾਵਾਂ ਦਾ ਤਾਣਾ ਬਾਣਾ ਨਾ ਬੁਣਨਾ ਵੀ ਖੁਸ਼ੀ ਵੱਲ ਜਾਂਦਾ ਰਾਹ ਹੈ ਜਿਹੜਾ ਕਦੇ ਬੰਦ ਨਹੀਂ ਹੁੰਦਾ। ਪਲ ਪਲ ਨੂੰ ਜੀਊਣਾ, ਕੁੱਝ ਨਵਾਂ ਸਿਰਜਦੇ ਰਹਿਣ ਵਿੱਚ ਲੀਨ ਰਹਿਣਾ ਅਜਿਹੇ ਜੀਊਂਦੇ ਜਾਗਦੇ ਯਤਨ ਹਨ ਜਿਹੜੇ ਪ੍ਰਸੰਨਤਾ ਨੂੰ ਪੱਲੇ 'ਚੋਂ ਕਿਰਨ ਨਹੀਂ ਦਿੰਦੇ। ਖੁਸ਼ ਰਹਿਣ ਦੀ ਕੋਸ਼ਿਸ਼ ਕਰਨ ਵਾਸਤੇ ਜੁਟੇ ਰਹਿਣ ਨਾਲ ਵੀ ਖੁਸ਼ੀ ਦੂਰ ਨਹੀਂ ਰਹਿੰਦੀ।

ਖੁਸ਼ੀ ਉਦੋਂ ਸਾਥ ਨਹੀਂ ਦਿੰਦੀ ਜਦੋਂ ਬੇਮਤਲਬ ਹੀ ਮੁਕਾਬਲੇਬਾਜ਼ੀ ਦਾ ਰਾਹ ਅਪਣਾ ਲਿਆ ਜਾਂਦਾ ਅਤੇ ਦੂਜਿਆਂ ਨੂੰ ਆਪਣੇ ਆਪ ਤੋਂ ਪਿੱਛੇ ਛੱਡਣ ਦਾ ਸੋਚ ਲਿਆ ਜਾਂਦਾ ਪਰ ਇਸ ਵਿੱਚ ਸਫਲਤਾ ਨਹੀਂ ਮਿਲਦੀ ਤੇ ਬੰਦਾ ਦੁੱਖ ਦੀ ਖਾਈ ਵਿੱਚ ਅਜਿਹਾ ਡਿੱਗਦਾ ਹੈ ਕਿ ਮੁੜ ਉਸਨੂੰ ਬਾਹਰ ਨਿਕਲਣ ਦਾ ਰਾਹ ਹੀ ਨਹੀਂ ਲੱਭਦਾ। ਨਾ ਤਾਂ ਨਾਂਹ-ਪੱਖੀ ਮੁਕਾਬਲੇਬਾਜ਼ੀ ਵਿੱਚ ਖੁਸ਼ੀ ਹੈ ਤੇ ਨਾ ਹੀ ਦੂਜਿਆਂ ਕੋਲ, ਖੁਸ਼ੀ ਤਾਂ ਆਪਣੇ ਆਪ ਤੋਂ ਬਾਹਰ ਹੁੰਦੀ ਹੀ ਨਹੀਂ, ਜੇ ਹੋਵੇ ਤਾਂ ਉਹ ਵੀ ਨਿਰੀ ਝੂਠੀ।

ਦੂਜਿਆਂ ਤੋਂ ਖੁਸ਼ੀ ਲੈਣਾ ਆਸਾਨ ਕੰਮ ਨਹੀਂ ਤੇ ਉਨ੍ਹਾਂ ਨੂੰ ਖੁਸ਼ੀ ਦੇਣਾ ਹੋਰ ਵੀ ਔਖਾ। ਦੂਜਿਆਂ ਨੂੰ ਖੁਸ਼ੀ ਦੇਣ ਲਈ ਕਿਹਾ ਨਹੀਂ ਜਾ ਸਕਦਾ ਸਗੋਂ ਉਨ੍ਹਾਂ ਅੱਗੇ ਅਜਿਹੀ ਦਿਸ਼ਾ ਪੈਦਾ ਕਰਨੀ ਪੈਂਦੀ ਜਿਹੜੀ ਖੁਸ਼ੀ ਨੂੰ ਖਿੱਚ ਲਿਆਵੇ। ਖੁਸ਼ੀ ਖੋਹ ਕੇ ਨਹੀਂ ਲਿਆਂਦੀ ਨਹੀਂ ਜਾ ਸਕਦੀ। ਦੂਜਿਆਂ ਨੂੰ ਵੀ ਖੁਸ਼ੀ ਉਹ ਹੀ ਦੇ ਸਕਦਾ ਹੈ ਜਿਸ ਕੋਲ ਖੁਸ਼ੀ ਦਾ ਖਜ਼ਾਨਾ ਹੋਵੇ ਅਤੇ ਨਾਲ ਹੀ ਉਹ ਦਰਿਆ ਦਿਲ ਵੀ ਹੋਵੇ। ਹਰ ਪਲ ਨੂੰ ਸੰਤੁਸ਼ਟੀ ਨਾਲ ਜੀਊਣ ਵਾਲਾ ਅਤੇ ਜੀਵਨ ਨੂੰ ਇੱਕ ਖੇਲ ਦੀ ਸਪਿਰਟ ਨਾਲ ਲੈਣ ਵਾਲਾ ਖੁਸ਼ ਨੁਮਾ ਅਤੇ ਚਾਅ ਮੱਤਾ ਜੀਵਨ ਜੀਅ ਸਕਦਾ ਹੈ ਅਤੇ ਦੂਜਿਆਂ ਲਈ ਪੱਥ-ਪ੍ਰਦਰਸ਼ਕ ਬਣ ਸਕਦੈ। ਬੀਤੇ ਸਮੇਂ ’ਤੇ ਝੂਰਦੇ ਰਹਿਣਾ ਅਤੇ ਭਵਿੱਖ ਦੇ ਫਿਕਰ ਵਿੱਚ ਪਏ ਰਹਿਣ ਵਾਲਾ ਖੁਸ਼ੀ ਦੇ ਰਾਹ ਦੀ ਤਲਾਸ਼ ਨਹੀਂ ਕਰ ਸਕਦਾ।

ਖੁਸ਼ੀ ਸੁੱਖ ਦਿੰਦੀ ਹੈ, ਮਨ ਵਿੱਚ ਚਾਅ-ਮਲ੍ਹਾਰ ਪੈਦਾ ਕਰਦੀ ਹੈ ਜਿਸ ਕਾਰਨ ਮਨੁੱਖ ਦੀ ਸਾਰੀ ਦੌੜ ਖੁਸ਼ੀ ਵੱਲ ਲੱਗੀ ਰਹਿੰਦੀ ਹੈ ਜਾਂ ਸੁੱਖਾਂ ਦੇ ਸੰਸਾਰ ਵੱਲ। ਉਹ ਨਹੀਂ ਚਾਹੁੰਦਾ ਕਿ ਉਸ ਦੀ ਖੁਸ਼ੀ ਦੇ ਰਾਹ ਵਿੱਚ ਕੋਈ ਅੜਿੱਕਾ ਡਾਹੇ। ਉਹ ਤਾਂ ਸੌ ਪਾਪੜ ਵੇਲ ਕੇ ਵੀ ਖੁਸ਼ੀ ਹਾਸਲ ਕਰਨ ਦੇ ਰਾਹੇ ਪਿਆ ਰਹਿੰਦਾ, ਕਿਉਂਕਿ ਉਹ ਤਾਂ ਸੁਪਨਿਆਂ ਵਿੱਚ ਵੀ ਦੁੱਖਾਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੁੰਦਾ। ਅਜਿਹਾ ਸੁੱਖਾਂ ’ਚ ਰਹਿਣ ਵਾਲਾ ਮਨੁੱਖ ਦੁੱਖਾਂ ਬਾਰੇ ਸੋਚਣ ਲਈ ਵੀ ਤਿਆਰ ਨਹੀਂ ਹੁੰਦਾ, ਪਰ ਜਦ ਉਸਨੂੰ ਦੁੱਖਾਂ ਦਾ ਸੇਕ ਲੱਗਣ ਲੱਗਦਾ ਹੈ ਤਾਂ ਉਹ ਉਨ੍ਹਾਂ ਨੂੰ ਸਹਿ ਨਹੀਂ ਸਕਦਾ। ਪੀੜੋਂ ਪੀੜ ਹੋਇਆ ਚੀਖਦਾ ਹੈ, ਪਰ ਹੋਰ ਕੁੱਝ ਨਹੀਂ ਕਰ ਸਕਦਾ।

ਹਰੇਕ ਖੁਸ਼ੀ ਵੱਲ ਭੱਜਿਆ ਫਿਰ ਰਿਹਾ ਕਿਉਂਕਿ ਇਸ ਵਿੱਚ ਪ੍ਰਸੰਨ ਚਿੱਤ ਹੋਇਆ ਆਦਮੀ ਫਿਕਰ ਫਾਕਿਆਂ ਤੋਂ ਵੀ ਮੁਕਤ ਹੁੰਦਾ ਹੈ ਅਤੇ ਦੁੱਖਾਂ ਦੇ ਦਰਿਆ ਤੋਂ ਵੀ। ਏਹੀ ਕਾਰਨ ਹੈ ਕਿ ਉਹ ਖੁਸ਼ੀ ਵੱਲ ਭੱਜਦੇ ਹਨ, ਦੁੱਖਾਂ ਵੱਲ ਤਾਂ ਜਾਣ ਦਾ ਨਾਂ ਤੱਕ ਨਹੀਂ ਲੈਂਦੇ। ਉਂਝ ਖੁਸ਼ੀ ਤੇ ਗਮੀ ਜਾਂ ਦੁੱਖ ਤੇ ਸੁੱਖ ਜੀਵਨ ਦੇ ਅੰਗ ਹਨ ਤੇ ਇਨ੍ਹਾਂ ਰੰਗਾਂ ਨਾਲ ਹੀ ਜੀਵਨ ਦੀ ਸਮੁੱਚਤਾ ਨੂੰ ਜਾਣਿਆਂ ਵੀ ਜਾ ਸਕਦਾ ਹੈ ਤੇ ਮਾਣਿਆਂ ਵੀ।

♦♦♦



## 39

# ਕਿਉਂ ਬਚਾਈਏ ਆਪੋ-ਆਪਣੇ? ਦੇਸ਼ ਨੂੰ ਕੌਣ ਬਚਾਊ?

ਹੱਦ ਹੋ ਗਈ। ਕੋਈ ਆਪਣੇ ਦਾਇਰੇ ‘ਚੋਂ ਬਾਹਰ ਨਿਕਲਣ ਵਾਸਤੇ ਤਿਆਰ ਹੀ ਨਹੀਂ। ਕੋਈ ਆਪਣੇ ਸਵਾਰਥ ਦੀ ਸੀਮਾ ਤੋਂ ਬਾਹਰ ਸੋਚਣ ਲਈ ਤਿਆਰ ਹੀ ਨਹੀਂ। ਏਨੀ ਤੰਗ-ਦਿਲੀ ਕਿੱਥੋਂ ਆ ਗਈ? ਏਨਾ ਛੋਟਾਪਣ ਮਨੁੱਖ ਦੇ ਸਿਰ ਅੰਦਰ ਕਿਉਂ ਤਣ ਗਿਆ? ਕਿਉਂਕਿ ਸਾਰੇ ਦਾ ਸਾਰਾ ਕੁਝ ਕੇਵਲ ਆਪੇ ਦੁਆਲੇ ਹੀ ਲਿਪਟ ਕੇ ਰਹਿ ਗਿਆ? ਇਹ ਸਾਰੇ ਸੋਚਣ ਵਾਲੇ ਸਵਾਲ ਨੇ, ਜਿਨ੍ਹਾਂ ਦੇ ਉੱਤਰ ਹਰੇਕ ਨੂੰ ਲੱਭਣੇ ਪੈਣਗੇ।

ਦੇਸ਼-ਧਰੋਹੀ ਨੂੰ ਦੇਸ਼ ਨਾਲ ਪ੍ਰੇਮ ਨਹੀਂ ਹੁੰਦਾ। ਉਸ ਦਾ ਧਰਮ ਕੋਈ ਹੋ ਹੀ ਨਹੀਂ ਸਕਦਾ। ਮਾਨਵਤਾ ਵਿਰੁੱਧ ਚੱਲਣ ਵਾਲੇ ਕੋਲ ਕੋਮਲ ਦਿਲ ਨਹੀਂ ਹੁੰਦਾ, ਚੰਗੀ ਸੋਚ ਨਹੀਂ ਹੁੰਦੀ। ਇਹੋ ਕਾਰਨ ਹੈ ਕਿ ਉਸ ਨੂੰ ਜ਼ੁਲਮ ਦੀ ਹਵਾ ‘ਤੇ ਸਵਾਰ ਹੁੰਦਿਆਂ ਡਰ ਨਹੀਂ ਲੱਗਦਾ। ਉਹ ਦੂਜਿਆਂ ਨੂੰ ਮੌਤ ਦੇ ਰਾਹ ਪਾਉਣ ਤੋਂ ਜ਼ਰਾ-ਮਾਤਰ ਵੀ ਗੁਰੇਜ਼ ਕਰਨ ਲਈ ਤਿਆਰ ਨਹੀਂ ਹੁੰਦਾ। ਇਸ ਘਿਨਾਉਣੇ ਕਰਮ ਨਾਲ ਉਹ ਆਪੇ ਨੂੰ ਵਡਿਆਉਂਦਾ ਹੈ, ਛੁਟਿਆਉਂਦਾ ਨਹੀਂ।

ਜਦੋਂ ਕੋਈ ਕਿਸੇ ਦੂਜੇ ‘ਤੇ ਹੱਲਾ ਬੋਲਦਾ ਹੈ, ਕਿਸੇ ਕੌਮ ‘ਤੇ ਵਾਰ ਕਰਦਾ ਹੈ ਜਾਂ ਫੇਰ ਕਿਸੇ ਫ਼ਿਰਕੇ ‘ਤੇ ਹਮਲਾ ਕਰਦਾ ਹੈ ਤਾਂ ਉਸ ਨੂੰ ਆਪਣੇ ਦੇਸ਼ ਤੇ ਫ਼ਿਰਕਿਆਂ ਦਾ ਚੇਤਾ ਨਹੀਂ ਰਹਿੰਦਾ। ਉਹ ਚੇਤਾ ਰੱਖਦਾ ਹੀ ਨਹੀਂ, ਕਿਉਂਕਿ ਉਸ ਦੇ ਸਿਰ ‘ਤੇ ਕਿਸੇ ਨਾ ਕਿਸੇ ਤਰ੍ਹਾਂ ਦਾ ਕੱਟੜਵਾਦ ਸਵਾਰ ਹੋਇਆ ਹੁੰਦਾ ਹੈ, ਜਿਸ ਤੋਂ ਆਸਾਨੀ ਨਾਲ ਮੁਕਤ ਹੋਣਾ ਉਸ ਦੇ ਵੱਸ ਦਾ ਰੋਗ ਹੀ ਨਹੀਂ ਰਹਿੰਦਾ। ਉਹ ਤੁਰਿਆ ਰਹਿੰਦਾ ਹੈ ਆਪਣੀ ਕੱਟੜ-ਚਾਲ।

ਬਾਹਰੋਂ ਜਾਂ ਦੇਸ਼ ਦੇ ਅੰਦਰੋਂ ਜਿਹੜਾ ਵੀ ਮਨੁੱਖਤਾ ‘ਤੇ ਹਮਲਾਵਰ ਬਣਦਾ ਹੈ, ਉਸ ਦੀ ਪਛਾਣ ਛੁਪਦੀ ਨਹੀਂ, ਉਸ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਈ ਜਾ ਸਕਦੀ। ਹਮਲਾ ਕਰਨ ਵਾਲੇ ਦਾ ਕਿਉਂਕਿ ਕੋਈ ਧਰਮ ਨਹੀਂ ਮੰਨਿਆ ਜਾ ਸਕਦਾ, ਫੇਰ ਵੀ ਉਸ ਦੇ ਫ਼ਿਰਕੇ, ਧਰਮ ਜਾਂ ਸੋਚ ਵਾਲੇ ਉਸ ਦੀ ਹਮਾਇਤ ਵਿੱਚ ਬੋਲਦੇ ਹਨ ਤਾਂ ਉਹਨਾਂ ਨੂੰ ਵੀ ਹੋਏ ਅਪਰਾਧ ਤੋਂ ਪਰ੍ਹੇ ਨਹੀਂ ਸਮਝਿਆ ਜਾ ਸਕਦਾ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜੇ ਚਾਨਣੇ ਮੌਸਮਾਂ ਅਤੇ ਜਾਗਦੇ ਸਮਿਆਂ ਵਿੱਚ ਵੀ ਹਮਲਾ ਕਰਨ ਵਾਲਿਆਂ ਨੂੰ ਆਪੋ ਆਪਣੇ ਫ਼ਿਰਕਿਆਂ ਦੇ

ਸਮਝ ਕੇ ਉਹਨਾਂ ਦੀ ਹਮਾਇਤ ਹੁੰਦੀ ਰਹੀ,ਉਹਨਾਂ ਨੂੰ ਬਚ ਬਚਾਉਣ ਦਾ ਸਿਲਸਿਲਾ ਜਾਰੀ ਰਿਹਾ ਤਾਂ ਦੇਸ਼ ਦਾ ਬੇਰੋਕ ਨੁਕਸਾਨ ਹੁੰਦਾ ਰਹੇਗਾ ਅਤੇ ਮਾਨਵਤਾ ਦਾ ਘਾਣ ਵੀ। ਅਜਿਹੇ ਹਾਲਾਤ ਵਿੱਚ ਜੇ ਰਹਿਬਰਾਂ ਨੇ ਕੁਝ ਚੰਗਾ ਨਾ ਸੋਚਿਆ ਤਾਂ ਸਮਾਂ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ।

ਅਪਰਾਧ ਕਰਨ ਵਾਲੇ ਨੂੰ ਆਪਣਾ ਸਮਝਣਾ ਕਤਈ ਠੀਕ ਨਹੀਂ। ਉਸ ਦੇ ਪਾਪ ਦੀ ਹਮਾਇਤ ਕਰਨਾ, ਉਸ ਦਾ ਪੱਖ ਪੂਰਨਾ ਉਸ ਦੇ ਕੰਮ ਵਿੱਚ ਸ਼ਾਮਲ ਹੋਣ ਦੇ ਬਰਾਬਰ ਹੈ, ਜਿਸ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ। ਨਾ ਤਾਂ ਕਿਸੇ ਤਰ੍ਹਾਂ ਇਸ ਨੂੰ ਸਹਿਮਤੀ ਦਿੱਤੀ ਜਾ ਸਕਦੀ ਹੈ ਤੇ ਨਾ ਹੀ ਪ੍ਰਵਾਨਗੀ। ਜੇ ਦੇਸ਼ ਉੱਤੇ ਹਮਲਾ ਕਰਨ ਵਾਲਿਆਂ, ਮਾਨਵਤਾ ਦਾ ਘਾਣ ਕਰਨ ਵਾਲਿਆਂ ਨੂੰ ਆਪੋ-ਆਪਣੇ ਸਮਝ ਕੇ ਬਚਾਇਆ ਜਾਣ ਲੱਗ ਪਿਆ ਤਾਂ ਦੇਸ਼ ਨੂੰ ਕੌਣ ਬਚਾਊ? ਇਹ ਕਹਿਣਾ ਹੀ ਠੀਕ ਰਹੇਗਾ :

ਕਿਉਂ ਬਚਾਈਏ ਆਪੋ-ਆਪਣੇ,ਦੇਸ਼ ਨੂੰ ਕੌਣ ਬਚਾਊ?
ਕਿਉਂ ਲਗਾਈਏ ਅੱਗਾਂ ਹਰ ਥਾਂ, ਆ ਕੇ ਕੌਣ ਬੁਝਾਊ?
ਜੇ ਰਿਹਾ ਨਾ ਪ੍ਰੇਮ ਦਿਲਾਂ ਵਿੱਚ, ਦਿਲਾਂ ਨੂੰ ਕੌਣ ਮਿਲਾਊ?
ਭਾਈਚਾਰੇ ਦਾ ਗੀਤ ਭਲਾ ਫੇਰ, ਮਾਨਵਤਾ ਕਿੰਜ ਗਾਊ?

♦♦♦



# 40

## ਕਿਉਂ ਬਦਲੇ ਦੀ ਅੱਗ ਲਈ ਫਿਰਦਾ ਇਹ ਸਾਰਾ ਸੰਸਾਰ

ਜੈਸੇ ਨੂੰ ਤੈਸਾ। ਇੱਟ ਦਾ ਜਵਾਬ ਪੱਥਰ। ਇਹ ਹੈ ਬਦਲਾ ਅਤੇ ਬਦਲੇ ਦੀ ਭਖਦੀ ਅੱਗ। ਹੱਲੇ ਦਾ ਉੱਤਰ ਜਿੰਨਾ ਚਿਰ ਦੇ ਨਾ ਲਿਆ ਜਾਵੇ, ਬਦਲੇ ਦੀ ਭਾਵਨਾ ਖ਼ਤਮ ਨਹੀਂ ਹੁੰਦੀ। ਇਹੋ ਕਾਰਨ ਹੈ ਕਿ ਹਰ ਕੋਈ ਬਦਲੇ ਦੀ ਅਗਨ ਵਿੱਚ ਭੁੱਜਦਾ ਕਦੇ ਇਸ ਤੋਂ ਮੁਕਤ ਨਹੀਂ ਹੁੰਦਾ।

ਦੇਸਾਂ ਨੇ ਦੂਜੇ ਦੇਸਾਂ ਨਾਲ ਜਿਹੜੀ ਵਧੀਕੀ ਕੀਤੀ ਹੁੰਦੀ ਹੈ, ਉਸ ਨਾਲ ਬਦਲਾ ਜਨਮ ਧਾਰ ਕੇ ਹਾਕਮਾਂ ਨੂੰ ਟਿਕਣ ਤੱਕ ਨਹੀਂ ਦਿੰਦਾ। ਇੱਥੋਂ ਤੱਕ ਕਿ ਇਹ ਅੱਗ ਦੇਸ਼ਵਾਸੀਆਂ ਦੇ ਧੁਰ ਦਿਲਾਂ ਤੱਕ ਪਹੁੰਚਣ ਤੋਂ ਵੀ ਨਹੀਂ ਰੁਕਦੀ, ਜਿਸ ਕਾਰਨ ਨਤੀਜੇ ਕਦੇ ਵੀ ਚੰਗੇ ਨਹੀਂ ਨਿਕਲਦੇ।

ਜ਼ੁਲਮ ਦੀ ਇੰਤਹਾ ਅਤੇ ਬੇਕਸੂਰਾਂ ਉੱਤੇ ਤਸ਼ੱਦਦ ਨਾਲ ਬਦਲੇ ਦੀ ਅਗਨੀ ਅਜਿਹੀ ਭੱਖਦੀ ਹੈ, ਜਿਸ ਨੂੰ ਕਾਬੂ ਕਰਨਾ ਆਸਾਨ ਨਹੀਂ ਹੁੰਦਾ। ਇਹ ਉਦੋਂ ਤੱਕ ਠੰਢੀ ਨਹੀਂ ਹੁੰਦੀ, ਜਦੋਂ ਤੱਕ ਜ਼ਾਲਮਾਂ ਨੂੰ ਸਬਕ ਸਿਖਾ ਕੇ ਬਦਲਾ ਲੈ ਨਾ ਲਿਆ ਜਾਵੇ। ਹਿਸਾਬ ਚੁਕਤਾ ਨਾ ਕਰ ਲਿਆ ਜਾਵੇ।

ਸਮਾਜ ਤੇ ਮਾਨਵ ਦਾ ਕੋਈ ਵੀ ਖੇਤਰ ਬਦਲੇ ਦੀ ਭਾਵਨਾ ਤੋਂ ਮੁਕਤ ਨਹੀਂ। ਅਜਿਹਾ ਸੁਭਾਵਕ ਤੇ ਕੁਦਰਤੀ ਵਰਤਾਰਾ ਹੈ, ਕਿਉਂਕਿ ਕਿਸੇ ਤਰ੍ਹਾਂ ਦੇ ਜ਼ੁਲਮ ਅੱਗੇ ਬਹੁਤੀ ਦੇਰ ਤੱਕ ਚੁੱਪ ਨਹੀਂ ਰਿਹਾ ਜਾ ਸਕਦਾ। ਬਹੁਤੀ ਦੇਰ ਤੱਕ ਜ਼ੁਲਮ ਨੂੰ ਖੁੱਲ੍ਹ ਖੇਡਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

ਸਮਾਜ ਦੇ ਵਰਤਾਰਿਆਂ ਵਿੱਚ ਏਨਾ ਅਸਾਵਾਂਪਣ ਅਤੇ ਵਿਤਕਰੇਬਾਜ਼ੀ ਹੈ, ਜਿਸ ਨਾਲ ਕਮਜ਼ੋਰ ਧਿਰ ਦਾ ਤਵਾਜ਼ਨ ਕਾਇਮ ਨਹੀਂ ਰਹਿੰਦਾ। ਪੱਖਪਾਤ ਤੇ ਘਿਰਣਾ ਦੇ ਹਨੇਰੇ ਦੀ ਮਾਰ ਝੱਲਦੀ ਉਹ ਧਿਰ ਅੰਦਰੋ-ਅੰਦਰ ਬਲਦੀ ਰਹਿੰਦੀ ਹੈ ਅਤੇ ਜਦੋਂ ਪੂਰੀ ਭੱਖ ਜਾਂਦੀ ਹੈ ਤਾਂ ਬਦਲਾ ਲਏ ਬਿਨਾਂ ਸ਼ਾਂਤ ਨਹੀਂ ਹੁੰਦੀ।

ਧਰਮ, ਜਿਸ ਨੇ ਮਨੁੱਖਾਂ ਵਿਚ ਪਿਆਰ ਤੇ ਬਰਾਬਰੀ ਪੈਦਾ ਕਰਨੀ ਹੁੰਦੀ ਹੈ, ਵੀ ਵਖਰੇਵਿਆਂ ਅਤੇ ਊਣਤਾਈਆਂ ਤੋਂ ਉੱਪਰ ਨਹੀਂ ਉੱਠਦਾ। ਇਹੋ ਕਾਰਨ ਹੈ ਕਿ ਰੂਹਾਨੀਅਤ ਵੱਲ ਲਿਜਾਣ ਵਾਲਾ ਧਰਮ ਧੜਿਆਂ ਤੇ ਵੰਡਾਂ ਕਾਰਨ ਕਮਜ਼ੋਰ ਵਰਗਾਂ 'ਤੇ ਅਜਿਹੇ ਜ਼ੁਲਮ ਕਰਨ ਵੱਲ ਤੁਰ ਪੈਂਦਾ ਹੈ, ਜਿਨ੍ਹਾਂ ਕਾਰਨ ਬਦਲੇ ਦੀ ਪ੍ਰਕਿਰਿਆ ਜਨਮ ਧਾਰਨ ਬਿਨ੍ਹਾਂ ਨਹੀਂ ਰਹਿੰਦੀ।

ਵਿੱਦਿਆ ਦਾ ਖੇਤਰ ਅੱਖਾਂ ਵਾਲਾ ਵੀ ਹੁੰਦਾ ਹੈ ਤੇ ਰੋਸ਼ਨੀ ਵਾਲਾ ਵੀ। ਵਾਪਰ ਰਹੇ ਵਰਤਾਰੇ ਨੂੰ ਭਲੀ-ਭਾਂਤ ਦੇਖ ਵੀ ਸਕਦਾ ਹੈ ਅਤੇ ਘੋਖ ਵੀ। ਪਰ ਕਮਾਲ ਇਹ ਹੈ ਕਿ ਸਮਾਜ ਦਾ ਬੁਰਾਈ ਵਾਲਾ ਵਰਤਾਰਾ ਇਸ ਖੇਤਰ ਨੂੰ ਵੀ ਮੁਆਫ਼ ਨਹੀਂ ਕਰਦਾ, ਜਿਸ ਕਾਰਨ ਇਹ ਖੇਤਰ ਵੀ ਬਦਲੇ ਦੀ ਭਾਵਨਾ ਪੈਦਾ ਕਰਨ ਤੋਂ ਮੁਕਤ ਨਹੀਂ ਹੁੰਦਾ।

ਹੋਰ ਵੀ ਖੇਤਰਾਂ ਵਿੱਚ ਜ਼ੁਲਮੋਂ-ਸਿਤਮ ਗ਼ੈਰ-ਹਾਜ਼ਰ ਨਹੀਂ ਹੁੰਦਾ। ਇਹੋ ਕਾਰਨ ਹੈ ਕਿ ਜਿਸ ਨੂੰ ਇਹ ਨਿਰੰਤਰ ਸਹਿਣਾ ਪੈਂਦਾ ਹੈ, ਉਹ ਇਸ ਨੂੰ ਬਹੁਤੀ ਦੇਰ ਨਹੀਂ ਝੱਲ ਸਕਦਾ। ਜਦੋਂ ਹੱਦ ਹੋ ਜਾਂਦੀ ਹੈ, ਪਾਣੀ ਪੁਲਾਂ ਉੱਪਰੋਂ ਵਗਣ ਲੱਗ ਪੈਂਦਾ ਹੈ,ਤਾਂ ਜ਼ੁਲਮ ਦਾ ਸ਼ਿਕਾਰ ਹੋਣ ਵਾਲਾ ਬਦਲਾ ਲਏ ਬਿਨ੍ਹਾਂ ਨਹੀਂ ਰਹਿੰਦਾ। ਉਸ ਕੋਲ ਹੋਰ ਕੋਈ ਚਾਰਾ ਵੀ ਨਹੀਂ ਹੁੰਦਾ। ਬਦਲੇ ਬਿਨ੍ਹਾਂ ਉਸ ਨੂੰ ਚੈਨ ਨਹੀਂ ਆਉਂਦਾ।

ਸੋਚਣ ਵਾਲੀ ਗੱਲ ਇਹ ਜ਼ਰੂਰ ਹੈ ਕਿ ਏਨੇ ਧਰਮਾਂ-ਕਰਮਾਂ ਦੇ ਹੁੰਦਿਆਂ ਇਹ ਸੰਸਾਰ ਬਦਲੇ ਦੀ ਅੱਗ ਵਿੱਚ ਕਿਉਂ ਭੁੱਜੀ ਜਾ ਰਿਹਾ ਹੈ ਤੇ ਕਿਉਂ ਨਹੀਂ ਇਹ ਰਾਹ ਛੱਡ ਸਕਦਾ? ਹਰ ਖੇਤਰ ਦੇ ਰਹਿਬਰਾਂ ਅੱਗੇ ਫ਼ਰਿਆਦ ਕਰਨੀ ਪਵੇਗੀ ਕਿ ਉਹ ਮਾਨਵ ਦੇ ਸਿਰ 'ਤੇ ਆਪਣੀ ਖ਼ਤਰਨਾਕ ਖੇਡ ਨਾ ਖੇਡਣ, ਸਗੋਂ ਦਿਲ 'ਚ ਇਹ ਦੁਆ ਕਰਨ ਕਿ ਜਗਤ ਜਲੰਦਾ ਰੱਖ ਲੈ ਆਪਣੀ ਕਿਰਪਾ ਧਾਰ।

♦♦♦



# 41

## ਰੰਗ ਨਸਲ ਦੀ ਗੱਲ ਕਿਉਂ ਹੋਵੇ, ਪੁੱਛਦਾ ਫਿਰੇ ਉਬਾਮਾ

ਕਿਸੇ ਜੀਵ ਦਾ ਜਨਮ ਉਸ ਦੀ ਚੋਣ ਨਹੀਂ ਹੁੰਦੀ। ਨਸਲ, ਰੰਗ ਤੇ ਖਿੱਤਾ ਉਸ ਨੂੰ ਪੁੱਛ ਕੇ ਨਹੀਂ ਦਿੱਤੇ ਜਾਂਦੇ। ਇਹ ਸਭ ਕੁਝ ਕੁਦਰਤ ਦੇ ਵਹਾਅ ਦਾ ਨਤੀਜਾ ਹੈ, ਜਿਸ ਵਿੱਚ ਕਿਸੇ ਦੀ ਵੀ ਮਰਜ਼ੀ ਨਹੀਂ ਚੱਲਦੀ। ਇਹ ਸਭ ਕੁਝ ਉਦੋਂ ਹੁੰਦਾ ਹੈ, ਜਦੋਂ ਜੀਵ ਨੂੰ ਤਾਂ ਸੁਰਤ ਹੀ ਨਹੀਂ ਹੁੰਦੀ। ਅਜਿਹੀ ਸੂਰਤ 'ਚ ਜੇ ਕੋਈ ਕਿਸੇ ਨਾਲ ਕਿਸੇ ਤਰ੍ਹਾਂ ਦੀ ਵੀ ਨਫ਼ਰਤ ਤੇ ਵਿਤਕਰਾ ਕਰਦਾ ਹੈ ਤਾਂ ਇਹ ਉਸ ਨਾਲ ਧੱਕਾ ਵੀ ਹੈ ਤੇ ਮਹਾਂ-ਬੇਇਨਸਾਫ਼ੀ ਵੀ।

ਜਦੋਂ ਕਿਸੇ ਮਨੁੱਖ ਨੂੰ ਦੂਜੇ ਮੁਲਕ ਦੇ ਓਪਰੇ ਲੋਕਾਂ ਨਾਲ ਵਾਹ-ਵਾਸਤਾ ਪੈਂਦਾ ਹੈ ਤਾਂ ਉਸ ਨਾਲ ਹੁੰਦਾ ਨਸਲੀ ਵਿਤਕਰਾ ਉਸ ਤੋਂ ਸਹਿ ਨਹੀਂ ਹੁੰਦਾ, ਜਦੋਂ ਕਿ ਉਹ ਆਪਣੇ ਦੇਸ ਵਿੱਚ ਰਹਿੰਦਾ ਹੋਇਆ ਆਪਣੇ ਹੀ ਲੋਕਾਂ ਨਾਲ ਅਜਿਹੇ ਵਿਤਕਰੇ ਕਰਨ ਤੋਂ ਕਦੇ ਵੀ ਬਾਜ਼ ਨਹੀਂ ਆਇਆ ਹੁੰਦਾ। ਨਸਲ ਦੇ ਉੱਚੇ-ਨੀਵੇਂ ਹੋਣ ਦਾ ਭੂਤ ਜਿਹੜਾ ਆਪਣੇ ਆਲੇ-ਦੁਆਲੇ ਚੰਬੇੜ ਲੈਂਦਾ ਹੈ, ਉਹ ਪੂਰੀ ਉਮਰ ਉਸ ਦੀ ਲਪੇਟ ਤੋਂ ਬਾਹਰ ਨਹੀਂ ਆਉਂਦਾ।

ਆਲੇ-ਦੁਆਲੇ ਚੱਲਦੀ ਵਿਚਾਰਾਂ ਦੀ ਤਾਜ਼ੀ ਹਵਾ 'ਚ ਵੀ ਜਿਹੜਾ ਉਸ ਰੁਖ਼ ਵਗਣ ਲਈ ਤਿਆਰ ਨਹੀਂ ਹੁੰਦਾ, ਉਹ ਸਮੇਂ ਦੇ ਹਾਣ ਦੀ ਤਰੱਕੀ ਨਹੀਂ ਕਰ ਸਕਦਾ, ਸਗੋਂ ਸਮੇਂ ਦੇ ਹੈਂਗਰ 'ਤੇ ਹੀ ਲਟਕਿਆ ਰਹਿ ਜਾਂਦਾ । ਅਜਿਹੇ ਮਨੁੱਖ ਦੇ ਦੁਆਰ ਸੂਝ-ਬੂਝ ਵੱਲ ਨਹੀਂ ਖੁੱਲ੍ਹਦੇ। ਉਹ ਕਦੇ ਸੜੀਆਂ-ਬੁੱਸੀਆਂ ਰੀਤਾਂ-ਰਸਮਾਂ, ਰਵਾਇਤਾਂ ਅਤੇ ਮਨੌਤਾਂ ਦੇ ਹਨੇਰੇ ਤੇ ਬਦਬੂਦਾਰ ਜੰਗਲ ਵਿੱਚੋਂ ਬਾਹਰ ਨਹੀਂ ਆਉਂਦਾ।

ਸੂਝ-ਬੂਝ ਕਿਸੇ ਖ਼ਾਸ ਨਸਲ ਦੀ ਰਖੇਲ ਨਹੀਂ। ਇਹ ਕਿਸੇ ਕੋਲ ਵੀ ਆ ਸਕਦੀ ਹੈ ਅਤੇ ਦੂਰ-ਦ੍ਰਿਸ਼ਟੀ ਵਾਲਾ ਤੇ ਮਿਹਨਤੀ ਇਸ ਤੋਂ ਦੂਰ ਨਹੀਂ ਰਹਿ ਸਕਦਾ। ਜਿਹੜਾ ਵਕਤ ਦੇ ਸਫ਼ੇ 'ਤੇ ਵਿਚਰਦੀ ਤਾਜ਼ਗੀ ਅਤੇ ਮਿਆਰਾਂ ਦਾ ਸਿਮਰਨ ਕਰਦਾ ਹੈ, ਉਸ ਲਈ ਰੰਗ-ਨਸਲ ਦੇ ਮਸਲੇ ਕੋਈ ਅਰਥ ਨਹੀਂ ਰੱਖਦੇ। ਇਹ ਸਿਰਫ਼ ਮਨ ਦੇ ਦੰਭ ਹਨ ਜਾਂ ਫੇਰ ਫੋਕੀ ਆਨ-ਸ਼ਾਨ ਦੇ ਲਿਫ਼ਾਫ਼ੇ।

ਸਾਰੀ ਧਰਤੀ ਮਨੁੱਖ ਦੀ ਹੈ ਤੇ ਮਨੁੱਖ ਸਾਰੀ ਧਰਤੀ ਦਾ ਵਾਸੀ। ਮੁਲਕਾਂ ਦਰਮਿਆਨ ਵਾਹੀਆਂ ਲਕੀਰਾਂ ਵੀ ਅਕਸਰ ਬਦਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੀ ਪੱਕੀ ਮਿਆਦ ਕਦੇ ਮਿੱਥੀ ਨਹੀਂ ਜਾ ਸਕਦੀ। ਕਿਸੇ ਧਰਤੀ ਦਾ ਮਨੁੱਖ ਜਦੋਂ

ਦੂਜੀ ਧਰਤੀ ਦੇ ਨਸਲੀ ਵਿਤਕਰਿਆਂ ਦੇ ਇਮਤਿਹਾਨ 'ਚੋਂ ਲੰਘ ਕੇ ਮਾਰਕ ਉਬਾਮਾ ਬਣ ਜਾਂਦਾ ਹੈ, ਉਦੋਂ ਪਤਾ ਲੱਗਦਾ ਹੈ ਕਿ ਅਕਲ ਕੇਵਲ ਗੋਰਿਆਂ ਦੀ ਹੀ ਬੈ-ਖ਼ਰੀਦ ਨਹੀਂ। ਉਹ ਦੁਨੀਆਂ ਭਰ 'ਚ ਚਮਕ ਪੈਂਦਾ ਹੈ ਆਪਣੀ ਬੁੱਧ-ਵਿਵੇਕ ਨਾਲ, ਦਲੀਲਾਂ ਨਾਲ ਅਤੇ ਉਰੇਟਰੀ (ਤਕਰੀਰੀ ਅਦਾ) ਦੇ ਮਾਅਰਕੇ ਨਾਲ।

ਆਪਣੀ ਸਿਆਣਪ ਤੇ ਦਲੇਰੀ ਨਾਲ ਉਬਾਮਾ ਦੁਨੀਆਂ ਭਰ ਵਿੱਚ ਬੈਠੇ ਉਬਾਮਿਆਂ ਦੇ ਮਨਾਂ ਵਿੱਚ ਬਹਾਦਰੀ ਦੀ ਲਾਗ ਵੀ ਲਗਾਉਂਦਾ ਹੈ ਅਤੇ ਆਤਮ-ਵਿਸ਼ਵਾਸ ਦੀ ਨਿੱਗਰ ਨੀਂਹ ਰੱਖੇ ਬਿਨ੍ਹਾਂ ਵੀ ਨਹੀਂ ਰਹਿੰਦਾ। ਹਰ ਮਨ ਵਿੱਚ ਅਫ਼ਰੀਕੀ-ਅਮਰੀਕੀ ਅਤੇ ਕਾਲੇ-ਗੋਰੇ ਰੰਗਾਂ ਨੂੰ ਇੱਕ-ਮਿੱਕ ਕਰਦਾ ਇਹ ਸਵਾਲ ਉਠਾਉਂਦਾ ਪ੍ਰਤੀਤ ਹੁੰਦਾ ਹੈ ਕਿ ਕਿਉਂ ਕਰਦੇ ਹੋ ਰੰਗ ਦੀ ਗੱਲ ਤੇ ਕਿਉਂ ਛੇੜਦੇ ਹੋ ਨਸਲ ਦਾ ਰਾਗ? ਕਿਉਂ ਨਹੀਂ ਲਾਉਂਦੇ ਮੁਹੱਬਤ ਦਾ ਬੂਟਾ ਤੇ ਕਿਉਂ ਨਹੀਂ ਲਾਉਂਦੇ ਤਰੱਕੀ ਦਾ ਬਾਗ?

ਉਮੀਦ ਕਰਨੀ ਬਣਦੀ ਹੈ ਕਿ ਉਬਾਮਾ ਦੁਨੀਆਂ ਭਰ ਦੇ ਲੋਕਾਂ ਲਈ ਇਤਿਹਾਸ ਦੇ ਵਰਕੇ 'ਤੇ ਨਵੀਂ-ਨਿਵੇਕਲੀ ਇਬਾਰਤ ਲਿਖੇਗਾ ਅਤੇ ਉਨ੍ਹਾਂ ਲਈ ਆਸਾਂ ਦੇ ਦੀਵੇ ਜਗਾਵੇਗਾ, ਜਿਹੜੇ ਫ਼ਿਰਕੇ-ਵਰਗਾਂ ਨੂੰ ਨਹੀਂ ਮੰਨਦੇ, ਜਿਹੜੇ ਰੰਗਾਂ-ਨਸਲਾਂ ਨੂੰ ਨਹੀਂ ਮੰਨਦੇ ਅਤੇ ਜਿਹੜੇ ਕਿਸੇ ਵੀ ਕਿਸਮ ਦੀਆਂ ਹੱਦਾਂ-ਸਰਹੱਦਾਂ ਨੂੰ ਮਾਨਤਾ ਦੇਣ ਲਈ ਤਿਆਰ ਨਹੀਂ ਹੁੰਦੇ।

ਉਬਾਮਾ ਪਹਿਲਾ ਅਜਿਹਾ ਵਿਅਕਤੀ ਹੈ, ਜਿਹੜਾ ਗੋਰੀ ਧਰਤੀ 'ਤੇ ਉਸ ਰੰਗ ਨੂੰ ਸਰਵੋਤਮ ਮਾਨਤਾ ਦਿਵਾ ਰਿਹਾ ਹੈ, ਜਿਸ ਨੂੰ ਸਦੀਆਂ ਤੋਂ ਨਕਾਰਿਆ ਜਾਂਦਾ ਰਿਹਾ ਅਤੇ ਪਛਾੜਿਆ ਜਾਂਦਾ ਰਿਹਾ । ਅਜਿਹੀ ਮਾਨਤਾ ਹਰ ਮੱਥੇ 'ਚ ਇਸ ਖ਼ਿਆਲ ਦੀ ਜੋਤ ਜਗਾਉਣ ਵਿੱਚ ਸਹਾਈ ਹੋਵੇਗੀ, ਜਿਸ ਵਿੱਚ ਵਾਰ-ਵਾਰ ਇਹ ਪ੍ਰਸ਼ਨ ਉੱਭਰਦਾ ਰਹੇਗਾ ਕਿ ਮਾਨਵਤਾ ਵਿੱਚ ਦੁਫੇੜਾਂ ਕਿਉਂ, ਜਦੋਂ ਕਿ ਇੱਕ ਹੀ ਜਾਮਾ, ਰੰਗ-ਨਸਲ ਦੀ ਗੱਲ ਕਿਉਂ ਹੋਵੇ, ਪੁੱਛਦਾ ਫਿਰ ਉਬਾਮਾ।

♦♦♦



## 42

# ਹੋਇਆ ਕਿਉਂ ਨਹੀਂ ਚਾਨਣ ਅਜੇ ਵੀ ਮਾਨਵ ਸਿਰਾਂ ਦੇ ਅੰਦਰ

ਹਨੇਰਾ, ਹਨੇਰਾ, ਹਨੇਰਾ। ਅਜੇ ਵੀ ਘੋਰ ਹਨੇਰਾ। ਕਿਸੇ ਵੀ ਖੇਤਰ ਵਿੱਚ ਝਾਕਿਆ ਜਾਵੇ, ਹਨੇਰੇ ਨੇ ਅਜੇ ਤੱਕ ਪਿੱਛਾ ਨਹੀਂ ਛੱਡਿਆ। ਹਨੇਰੇ ਦੇ ਜੰਗਲ। ਜੰਗਲ 'ਚ ਡਰ। ਡਰ ਵੀ ਅਜਿਹਾ ਕਿ ਕਿਸੇ ਵੀ ਪਾਸੇ ਕੁਝ ਨਾ ਦਿੱਸਦਾ, ਪੈਰ ਧਰਨ ਨੂੰ ਥਾਂ ਨਾ ਮਿਲਦਾ। ਕੀ ਕਰੇ ਤੇ ਕਿੱਥੇ ਜਾਵੇ, ਮਾਨਵ ਥਾਂ ਲੱਭਦਾ-ਲੱਭਦਾ ਤਰਲੇ ਪਾਵੇ।

ਪੰਝੀ ਸਦੀਆਂ ਪਹਿਲਾਂ ਚਾਨਣ ਹੋਇਆ, ਸਭ ਨੇ ਦੇਖਿਆ, ਪਰ ਕੋਈ ਉਸ ਦੇ ਮਗਰ ਨਾ ਤੁਰਿਆ। ਹੌਲੀ ਹੌਲੀ ਚਾਨਣ ਖੁਰਿਆ। ਪੰਜ ਸਦੀਆਂ ਪਹਿਲਾਂ ਵੀ ਇੱਕ ਚਾਨਣ ਨੇ ਉਜਾਲਾ ਸੀ ਕੀਤਾ । ਪਾਖੰਡਾਂ ਦਾ ਉੱਡ ਗਿਆ ਸੀ ਫੀਤਾ। ਇੱਕ ਨੂਰ ਦੀ ਗੱਲ ਹੋਈ ਸੀ, ਬਿਖਰ ਗਿਆ ਸੀ ਚਾਨਣ, ਸਾਰੇ-ਮਨ ਦੇ ਅੰਬਰ ਉਤੇ ਤਾਰੇ।

ਅੱਜ ਦਾ ਮਾਨਵ ਅਜੇ ਹਨੇਰੇ ਵਿੱਚ ਹੀ ਫਿਰਦਾ ਹੈ। ਰੋਜ਼ ਹੀ ਆਪਣੇ ਆਪੇ 'ਚੋਂ ਕਿਰਦਾ ਹੈ। ਸਮਝ-ਸੂਝ ਤੋਂ ਦੂਰ ਖੜਾ ਹੈ, ਆਖੇਪਰ ਚਾਨਣ ਤਾਂ ਬੜਾ ਹੈ। ਹਨੇਰੇ ਅੰਦਰ ਖੜਾ-ਖੜਾ ਹੀ ਉਹ ਚਾਨਣ ਦੇ ਸੁਫ਼ਨੇ ਲੈਂਦਾ ਹੈ। ਅੱਜ ਦਾ ਮਾਨਵ ਰੋਜ਼ ਹੀ ਪੁੱਠੇ ਰਾਹ ਪੈਂਦਾ ਹੈ। ਇਸੇ ਕਾਰਨ ਲਘੂ-ਮਨੁੱਖ ਵੀ ਸਿਰ 'ਤੇ ਅੰਬਰ ਤਾਣੀ ਫਿਰਦਾ, ਇੱਕ ਰੱਬ ਨਹੀਂ, ਕਈ ਰੱਬਾਂ ਨੂੰ ਜਾਣੀ ਫਿਰਦਾ।

ਪੜ੍ਹਿਆ-ਲਿਖਿਆ, ਬੁੱਧ-ਬਿਬੇਕੀ ਅਤੇ ਵਿਗਿਆਨਕ ਸੋਚ ਨੂੰ ਸਿਰ 'ਤੇ ਲੱਦੀ ਅੱਜ ਦਾ ਮਾਨਵ ਵੱਡੇ ਦਾਅਵੇ ਕਰਦਾ ਹੈ, ਉੱਚ-ਉਡਾਣਾਂ ਦਾ ਦਮ ਭਰਦਾ ਹੈ, ਪਰ ਨਾ ਘਾਟ ਦਾ, ਨਾਹੀਂ ਘਰ ਦਾ। ਕਾਰਨ? ਸੋਮੇ ਨਾਲੋਂ ਟੁੱਟਿਆ, ਅਡੰਬਰਾਂ ਵਿੱਚ ਫਜ਼ੂਲ ਵਿਚਰਦਾ, ਰੀਤਾਂ-ਰਸਮਾਂ ਦੇ ਘੁੰਗਰੂ ਪੈਰਾਂ ਨਾਲ ਬੰਨ੍ਹ ਕੇ ਨੱਚੀ ਜਾਵੇ, ਬੇਮਤਲਬ ਹੰਕਾਰ ਦੀ ਅੱਗ ਵਿੱਚ ਮੱਚੀ ਜਾਵੇ।

ਏਨੇ ਸੰਜੀਦਾ ਸਿਰਲੇਖ ਹੇਠ ਕੇਵਲ ਕਵਿਤਾ-ਨੁਮਾ ਗੱਲਾਂ ਨਾਲ ਨਹੀਂ ਸਰ ਸਕਦਾ। ਜਦ ਮਿੱਟੀ ਧੁੰਦ ਜਗ ਚਾਨਣ ਹੋਆ' ਦਾ ਹੋਕਾ ਹਰ ਕੰਨ ਵਿੱਚ ਪੈ ਗਿਆ ਤਾਂ ਹਨੇਰੇ ਦੀ ਵੁੱਕਤ ਹੀ ਕੀ ਰਹਿ ਗਈ। ਗੱਲ ਕੰਨ ਵਿੱਚ ਪੈ ਜਾਣੀ ਹੀ

ਕਾਫ਼ੀ ਨਹੀਂ, ਇਸ ਦਾ ਅਸਰ ਜ਼ਰੂਰੀ ਹੈ, ਤਾਂ ਕਿ ਗੱਲ 'ਤੇ ਅਮਲ ਹੋ ਜਾਵੇ- ਮਾਨਵ ਨੂੰ ਚੰਗੇ ਰਾਹ ਪਾਵੇ।

ਮਾਨਵ ਨੇ ਗੱਲ ਸੁਣ ਤਾਂ ਲਈ, ਪਰ ਮੰਨੀ ਨਹੀਂ। ਰਟਨ ਤਾਂ ਕਰ ਲਿਆ, ਪਰ ਕੇਵਲ ਦਿਖਾਵੇ ਲਈ। ਦੂਜਿਆਂ ਨੂੰ ਦਿਖਾਉਣ ਲਈ ਤੇ ਦੁਨੀਆਂ ਨੂੰ ਭਰਮਾਉਣ ਲਈ। ਫੇਰ ਗੱਲ ਨੇਪਰੇ ਕਿਵੇਂ ਚੜ੍ਹਦੀ, ਸਿਰੇ ਕਿਵੇਂ ਲੱਗਦੀ? ਰਟਨ ਰੋਅਬ ਦਾ ਚਿੰਨ੍ਹ ਬਣਾ ਧਰਿਆ, ਪਰ ਅਮਲ ਇਸ ਤ੍ਰਾਸਦੀ 'ਤੇ ਹੱਸਣ ਸਿਵਾ ਹੋਰ ਕੁਝ ਨਾ ਕਰ ਸਕਿਆ।

ਮਾਨਵ ਦੇ ਸਿਰਾਂ ਅੰਦਰ ਚਾਨਣ ਨਾ ਹੋ ਸਕਿਆ, ਕਿਉਂਕਿ ਹਰ ਸਿਰ ਦੂਜੇ ਤੋਂ ਵੱਧ ਹੰਕਾਰੀ ਹੋ ਗਿਆ, ਹਰ ਜਿਸਮ ਦੂਜੇ ਤੋਂ ਵੱਧ ਵਿਭਚਾਰੀ ਹੋ ਗਿਆ, ਹਰ ਖਿਆਲ ਦੂਜੇ ਤੋਂ ਵੱਧ ਭ੍ਰਿਸ਼ਟਾਚਾਰੀ ਹੋ ਗਿਆ। ਇਹੋ ਜਿਹੀ ਹਾਲਤ ਵਿੱਚ, ਇਹੋ ਜਿਹੀ ਦਸ਼ਾ ਵਿੱਚ ਮਾਨਵ ਦੇ ਸਿਰ ਅੰਦਰ ਚਾਨਣ ਭਲਾ ਕਿਵੇਂ ਹੋ ਜਾਂਦਾ? ਨਹੀਂ ਹੋਣਾ ਸੀ, ਨਹੀਂ ਹੋਇਆ, ਅਮਲ ਬਿਨਾਂ ਕਦੇ ਨਹੀਂ ਹੋਣਾ।

♦♦♦



# 43

# ਨਿੱਖਰੇ ਮੌਸਮਾਂ ਅੰਦਰ ਵੀ ਕਿਉਂ ਰਾਜਾਸ਼ਾਹੀ ਕਾਇਮ ਰਹੇ

ਜ਼ੋਰਾਵਰਾਂ ਨੇ ਛੋਟੇ-ਛੋਟੇ ਟੋਲੇ ਬਣਾਏ। ਉਹ ਲੋਕਾਂ ਨੂੰ ਡਰਾਉਂਦੇ ਤੇ ਧਮਕਾਉਂਦੇ ਰਹੇ। ਲੁੱਟਮਾਰ ਕਰਦੇ ਤੇ ਜ਼ਮੀਨਾਂ ਹਥਿਆਉਂਦੇ ਰਹੇ। ਛੋਟੀਆਂ-ਛੋਟੀਆਂ ਜਗੀਰਾਂ ਬਣਾ ਲਈਆਂ। ਜਗੀਰਾਂ ਦੇ ਸਮੂਹ ਨੇਤਾਵਾਂ ਦਾ ਆਗੂ ਉਹ ਬਣ ਗਿਆ, ਜੋ ਸਭ ਤੋਂ ਤਾਕਤਵਰ ਸੀ ਤੇ ਸਭ ਤੋਂ ਰੋਸ਼ਨ ਦਿਮਾਗ। ਇਹ ਛੋਟੀਆਂ-ਛੋਟੀਆਂ ਹਕੂਮਤਾਂ ਦਾ ਸਮੂਹ ਜਿਵੇਂ-ਜਿਵੇਂ ਵੱਡਾ ਹੁੰਦਾ ਗਿਆ, ਹਾਕਮ ਵੀ ਵੱਡੇ ਤੋਂ ਵੱਡਾ ਹੁੰਦਾ ਗਿਆ। ਧਰਤੀ ਦੇ ਜਿਸ ਟੁਕੜੇ 'ਤੇ ਅਜਿਹੇ ਹਾਕਮ ਦਾ ਸਿੱਕਾ ਚੱਲਦਾ, ਉਸ ਦਾ ਉਹ ਰਾਜਾ ਬਣ ਬੈਠਦਾ।

ਸਮਾਂ ਤੁਰਦਾ ਗਿਆ ਤਾਂ ਕਈ ਥਾਵਾਂ 'ਤੇ ਅਜਿਹੇ ਰਾਜੇ ਨੂੰ ਕਦੇ ਭਗਵਾਨ ਦਾ ਰੂਪ ਦਰਸਾਇਆ ਗਿਆ, ਕਦੇ ਕਿਸੇ ਦੇਵਤੇ ਦਾ ਅਤੇ ਕਦੇ ਕਿਸੇ ਦੈਵੀ-ਸ਼ਕਤੀ ਦਾ। ਰਾਜਾ ਆਪਣੀ ਪਰਜਾ ਦਾ ਮਾਈ-ਬਾਪ ਬਣ ਬੈਠਾ। ਉਸ ਨੂੰ ਪੂਜਿਆ ਜਾਣ ਲੱਗ ਪਿਆ ਤੇ ਉਸ ਦੇ ਹੁਕਮਾਂ ਨੂੰ ਰੱਬੀ ਆਦੇਸ਼ ਸਮਝ ਕੇ ਮੰਨਿਆ ਜਾਣ ਲੱਗ ਪਿਆ। ਉਹ ਲੋਕਾਂ ਵਿੱਚੋਂ ਹੁੰਦਾ ਹੋਇਆ ਉਨ੍ਹਾਂ ਤੋਂ ਕਈ ਪੌਡੇ ਉੱਚਾ ਹੋ ਗਿਆ। ਪਰਜਾ ਵਿਚਾਰੀ ਹੋ ਕੇ ਰਾਜੇ ਦੇ ਰਾਜ-ਭਾਗ 'ਤੇ ਹੀ ਨਿਰਭਰ ਹੋ ਕੇ ਰਹਿ ਗਈ।

ਜ਼ਮਾਨਾ ਅਨਪੜ੍ਹ ਸੀ ਤੇ ਜਨਤਾ ਦੇ ਬਹੁਤੇ ਹਿੱਸੇ ਨੂੰ ਤਾਂ ਵਿੱਦਿਆ ਦੀ ਰੋਸ਼ਨੀ ਦੇ ਨੇੜਿਓਂ ਲੰਘਣ ਹੀ ਨਹੀਂ ਸੀ ਦਿੱਤਾ ਜਾਂਦਾ। ਲੋਕ ਸ਼ਰਧਾ ਦੇ ਸਬਕ ਪੜ੍ਹਦੇ ਤੇ ਉਮਰ ਭਰ ਇਹ ਹੀ ਉਨ੍ਹਾਂ ਦਾ ਸਰਮਾਇਆ ਬਣੀ ਰਹਿੰਦੀ। ਰਾਜ ਪਰੋਹਿਤਾਂ ਰਾਹੀਂ ਲੋਕਾਂ ਦੇ ਮਨਾਂ ਉੱਤੇ ਵਹਿਮਾਂ-ਭਰਮਾਂ, ਰੀਤਾਂ-ਰਿਵਾਜਾਂ ਅਤੇ ਲੋੜੀਂਦੇ ਅਡੰਬਰਾਂ ਦਾ ਛਿੱਟਾ ਅਕਸਰ ਦਿੱਤਾ ਜਾਂਦਾ ਰਹਿੰਦਾ, ਤਾਂ ਕਿ ਉਹ ਜਿੱਥੇ ਟਿਕੇ ਹਨ, ਟਿਕੇ ਰਹਿਣ ਤੇ ਉਨ੍ਹਾਂ ਦਾ ਭਰੋਸਾ ਰਾਜੇ ਵਿੱਚ ਬਣਿਆ ਰਹੇ। ਇਹ ਕੁਝ ਜਦੋਂ ਤੱਕ ਹੁੰਦਾ ਰਿਹਾ, ਰਾਜੇ ਤੇ ਉਸ ਦੇ ਰਾਜ-ਭਾਗ ਨੂੰ ਕਿਸੇ ਕਿਸਮ ਦੀ ਚੁਣੌਤੀ ਤੇ ਖ਼ਤਰੇ ਦਾ ਅਹਿਸਾਸ ਤੱਕ ਨਾ ਹੋਇਆ।

ਵਕਤ ਚਲਦਾ ਰਿਹਾ, ਕਰਵਟਾਂ ਭਰਦਾ ਰਿਹਾ ਅਤੇ ਲੋਕਾਂ ਵਿੱਚ ਵਿੱਦਿਆ ਦੀ ਚਾਹਤ ਜਾਰੀ ਰਹੀ। ਲੋਕ ਜਿਉਂ ਜਿਉਂ ਪੜ੍ਹਦੇ ਗਏ, ਜਾਗਰਤ ਹੁੰਦੇ ਗਏ।

ਜਾਗ ਦੀ ਰੋਸ਼ਨੀ ਨੇ ਅਜਿਹਾ ਕੁਝ ਦਿਖਾਇਆ, ਜੋ ਪਹਿਲਾਂ ਕਦੇ ਨਜ਼ਰ ਹੀ ਨਹੀਂ ਸੀ ਆਇਆ। ਰਾਜੇ ਦੇ ਕੀਤੇ ਅਨਿਆਂ ਅਤੇ ਜ਼ੁਲਮਾਂ ਨੂੰ ਚੁਣੌਤੀ ਦਿੱਤੀ ਜਾਣ ਲੱਗ ਪਈ। ਉਸ 'ਚੋਂ ਕਿਸੇ ਦੈਵੀ-ਸ਼ਕਤੀ ਜਾਂ ਭਗਵਾਨ ਦਾ ਦੇਖਣਾ ਬੰਦ ਕਰ ਦਿੱਤਾ ਗਿਆ। ਜਾਰੀ ਵਕਤਾਂ ਸਾਹਮਣੇ ਰਾਜੇ ਨੂੰ ਵਖ਼ਤ ਪੈ ਗਿਆ ਤੇ ਉਸ ਦਾ ਰਾਜ-ਭਾਗ ਖ਼ਤਰੇ ਵਿੱਚ ਪੈ ਗਿਆ।

ਲੋਕਾਂ ਨੂੰ ਜੀਵਨ ਦੀ ਸਮਝ ਪਈ, ਆਪਣੇ ਹੱਕਾਂ ਦੀ ਸੋਝੀ ਹੋਈ। ਉਨ੍ਹਾਂ ਅੰਦਰ ਆਈ ਜਾਗੋ ਨੇ ਉਨ੍ਹਾਂ ਨੂੰ ਉਨ੍ਹਾਂ ਰਾਹਾਂ 'ਤੇ ਤੋਰ ਲਿਆ, ਜਿਹੜੇ ਮਨੁੱਖਤਾ ਦੀ ਆਜ਼ਾਦੀ ਵੱਲ ਵੀ ਜਾਂਦੇ ਸਨ ਤੇ ਭਲਾਈ ਵੱਲ ਵੀ। ਜਾਗੋ ਦੇ ਕਾਫ਼ਲੇ ਨੇ ਦੇਸ ਭਰ 'ਚ ਕਾਫ਼ਲਿਆਂ ਦੇ ਕਾਫ਼ਲੇ ਆਪਣੇ ਨਾਲ ਤੋਰ ਲਏ। ਰਾਜੇ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਲੋਕਾਂ ਨੇ ਮਹਿਲ ਘੇਰ ਲਿਆ ਤੇ ਰਾਜ-ਭਾਗ ਨੂੰ ਚੁਣੌਤੀ ਦੇ ਦਿੱਤੀ ਗਈ। ਅੱਖ ਦੇ ਫੋਰ ਵਿੱਚ ਸਭ ਤਹਿਸ-ਨਹਿਸ ਹੋ ਗਿਆ ਤੇ ਲੋਕ ਰਾਜੇ ਬਣ ਗਏ।

ਅਜਿਹਾ ਇੱਕ ਥਾਂ ਨਹੀਂ, ਬਹੁਤ ਸਾਰੇ ਦੇਸ਼ਾਂ ਵਿੱਚ ਵਾਪਰ ਗਿਆ ਅਤੇ ਰਹਿੰਦਿਆਂ ਵਿੱਚ ਵਾਪਰ ਰਿਹਾ ਹੈ ਅਤੇ ਵਾਪਰ ਕੇ ਹੀ ਰਹੇਗਾ। ਲੋਕਾਂ ਨੂੰ ਇੱਕ ਗਿਆਨ ਹੋ ਗਿਆ ਕਿ ਰਾਜਾ ਤਾਂ ਧੱਕੇ ਨਾਲ ਹੀ ਦੇਸ਼ ਤੇ ਪਰਜਾ ਦਾ ਮਾਲਕ ਬਣਿਆ ਬੈਠਾ ਹੈ, ਜੋ ਜਾਇਜ਼ ਨਹੀਂ। ਇਹ ਹਵਾ ਜਦੋਂ ਵਗੀ ਤਾਂ ਰਾਜਾਸ਼ਾਹੀ ਦੀ ਗੰਦੀ ਬਦਬੂ ਠਹਿਰ ਨਾ ਸਕੀ। ਮੌਸਮ ਨਿੱਖਰਿਆ, ਮਨਾਂ ਦੇ ਅੰਬਰਾਂ 'ਤੇ ਨਿੰਬਲ ਹੋਇਆ ਤਾਂ ਇਹ ਸਵਾਲ ਬੜੇ ਜ਼ੋਰ ਨਾਲ ਸ਼ੂਕਣ ਲੱਗ ਪਿਆ ਕਿ ਨਿੱਖਰੇ ਮੌਸਮਾਂ ਅੰਦਰ ਵੀ ਕਿਉਂ ਰਾਜਾਸ਼ਾਹੀ ਕਾਇਮ ਰਹੇ? ਜਦੋਂ ਇਸ ਸਵਾਲ ਦਾ ਚਾਨਣ ਦੂਰ-ਦੂਰ ਤੱਕ ਫੈਲਿਆ ਤਾਂ ਰਾਜਾਸ਼ਾਹੀ ਨੂੰ ਆਪਣਾ ਬੋਰੀਆ-ਬਿਸਤਰਾ ਗੋਲ ਕਰਨ ਵਿੱਚ ਦੇਰ ਨਾ ਲੱਗੀ।

ਜਿੱਥੇ-ਜਿੱਥੇ ਵੀ ਪਰਜਾ ਦੇ ਮਨਾਂ ਅੰਦਰ ਮੌਸਮ ਚੰਗਾ ਹੁੰਦਾ ਜਾਏਗਾ, ਨਿੱਖਰਦਾ ਰਹੇਗਾ, ਉੱਥੇ-ਉੱਥੇ ਦੇ ਲੋਕ ਜ਼ਰੂਰ ਜਾਗ ਕੇ ਜਾਗੋ ਬਣਨਗੇ ਅਤੇ ਰਾਜਾਸ਼ਾਹੀ ਦੇ ਸਿਸਟਮ ਨੂੰ ਤਹਿਸ ਨਹਿਸ ਕਰਨ ਵਾਸਤੇ ਜਤਨਸ਼ੀਲ ਹੁੰਦੇ ਰਹਿਣਗੇ।

♦♦♦



## 44

# 'ਗੁਰੂ ਦੇ ਨਾਲ' ਕਿਉਂ ਕਹੀ ਜਾਈਏ, ਜਦ ਉਸ ਦੀ ਕੋਈ ਨਾ ਮੰਨੀਏਂ

ਬਹੁਤ ਵਾਰ ਉੱਚੇ ਆਵਾਜ਼ਿਆਂ 'ਚ ਕਿਹਾ ਜਾ ਰਿਹਾ ਹੈ ਕਿ 'ਤਿੰਨ ਸੌ ਸਾਲ ਗੁਰੂ ਦੇ ਨਾਲ', ਪਰ ਕੀ ਇਸ ਨੂੰ ਸਹੀ ਠਹਿਰਾਇਆ ਜਾ ਸਕਦਾ ਹੈ? ਗੁਰੂ ਨੂੰ ਮੰਨਣ ਵਾਲੇ, ਗੁਰੂ ਦੀ ਆਗਿਆ ਦਾ ਪਾਲਣ ਕਰਨ ਵਾਲੇ ਇਸ ਨੂੰ ਗ਼ਲਤ ਮੰਨਣ ਲਈ ਕਤੱਈ ਤਿਆਰ ਨਹੀਂ ਹੋ ਸਕਦੇ। ਜਿਹੜੇ ਗੁਰੂ ਨੂੰ ਤਾਂ ਮੰਨਦੇ ਹਨ, ਪਰ ਗੁਰੂ ਦੀ ਇੱਕ ਵੀ ਮੰਨਣ ਲਈ ਤਿਆਰ ਨਹੀਂ, ਉਹਨਾਂ ਬਾਰੇ ਕੀ ਕਿਹਾ ਜਾਵੇ, ਤੇ ਕੀ ਨਾ ਕਿਹਾ ਜਾਵੇ? ਇਹ ਪ੍ਰਸ਼ਨ ਦੇਰ ਤੋਂ ਧੁੱਖ ਰਿਹਾ ਹੈ ਅਤੇ ਉਦੋਂ ਤੱਕ ਧੁੱਖਦਾ ਰਹੇਗਾ, ਜਦੋਂ ਤੱਕ ਇਸ ਦਾ ਜਵਾਬ ਨਹੀਂ ਮਿਲ ਜਾਂਦਾ।

ਆਪਣਾ ਪੱਲਾ ਚੁੱਕਿਆਂ ਆਪਣਾ ਹੀ ਪੇਟ ਨੰਗਾ ਹੁੰਦਾ ਹੈ, ਪਰ ਸੱਚਾਈ ਨੂੰ ਪ੍ਰਗਟ ਕਰਨ ਲਈ ਪੱਲਾ ਚੁੱਕੇ ਬਿਨਾਂ ਨਹੀਂ ਸਰਨਾ। ਗੁਰੂ ਨੇ ਗੁਰਬਾਣੀ ਵਿੱਚ ਜਿਨ੍ਹਾਂ ਗੱਲਾਂ ਦੀ ਡੰਕੇ ਦੀ ਚੋਟ 'ਤੇ ਵਿਰੋਧਤਾ ਕੀਤੀ ਹੈ, ਗੁਰੂ ਦੇ ਪਿਆਰੇ ਅੱਜ ਤੱਕ ਉਹਨਾਂ ਨੂੰ ਛੱਡਣ ਲਈ ਤਿਆਰ ਨਹੀਂ ਹੋਏ। ਫੇਰ ਵੀ ਉਹ ਦਿਖਾਵੇ-ਮਾਤਰ ਮੁਫ਼ਤੋ-ਮੁਫ਼ਤੀ ਗੁਰੂ ਦੇ ਸਿੱਖ ਬਣੀ ਬੈਠੇ ਹਨ, ਜਦੋਂ ਕਿ ਅਮਲੀ ਤੌਰ 'ਤੇ ਸਿੱਖ ਦੀ ਪਰਿਭਾਸ਼ਾ 'ਤੇ ਕਤੱਈ ਪੂਰੇ ਨਹੀਂ ਉੱਤਰਦੇ। ਸਿੰਘ ਦੀ ਗੱਲ ਛੇੜੀ ਤਾਂ ਮਸਲਾ ਹੋਰ ਵੀ ਬਹੁਤ ਉਰੇ ਹੀ ਰੁਕ ਕੇ ਰਹਿ ਜਾਵੇਗਾ।

ਗੁਰੂ ਦੀ ਗੱਲ 'ਇੱਕ ਰੱਬ' ਤੋਂ ਸ਼ੁਰੂ ਹੁੰਦੀ ਹੈ, ਪਰ ਸ਼ਾਇਦ ਕੋਈ ਵੀ ਅਜਿਹਾ ਸਿੱਖ ਹੋਵੇਗਾ, ਜੋ 'ਇੱਕ ਰੱਬ' ਤੋਂ ਬਿਨ੍ਹਾਂ ਹੋਰ ਕਿਸੇ ਸ਼ਕਤੀ ਨੂੰ ਨਹੀਂ ਮੰਨਦਾ। ਇਹ ਵੀ ਕਿ ਦੂਜਿਆਂ ਵਾਂਗ ਸਿੱਖ ਵੀ ਕਈ ਹੋਰ ਦੇਵੀ-ਦੇਵਤਿਆਂ ਮਗਰ ਦੌੜੀ ਫਿਰਦਾ ਹੈ, ਕਿਉਂਕਿ ਇੱਕ 'ਤੇ ਨਹੀਂ ਟਿਕ ਸਕਿਆ। ਗੁਰਬਾਣੀ ਦਾ ਬਹੁਤਾ ਜ਼ੋਰ ਹੀ ਇਸ ਗੱਲ 'ਤੇ ਹੈ ਕਿ ਇੱਕ ਬਿਨ੍ਹਾਂ ਦੂਜਾ ਹੈ ਹੀ ਕੋਈ ਨਹੀਂ, ਪਰ ਕਿਸੇ ਵੀ ਧਾਰਮਿਕ ਸਥਾਨ 'ਤੇ ਜਾਉ, ਉੱਥੇ ਸਿੱਖ ਗ਼ੈਰ-ਹਾਜ਼ਰ ਨਹੀਂ ਮਿਲੇਗਾ। ਕਾਰਨ ਇਹੀ ਸਮਝਿਆ ਜਾ ਸਕਦਾ ਹੈ ਕਿ ਉਸ ਦਾ ਮਨ ਇੱਕ 'ਤੇ ਨਹੀਂ ਟਿਕ ਸਕਿਆ। ਜਾਤ-ਪਾਤ ਦਾ ਮਸਲਾ ਲਉ ਤਾਂ ਸਿੱਖ ਧਾਰਮਿਕ ਜਥੇਬੰਦੀਆਂ ਦੇ ਵੱਡੇ ਆਗੂਆਂ ਦੇ ਨਾਵਾਂ ਪਿੱਛੇ ਜਾਤ-ਗੋਤ ਦੀਆਂ ਲੰਮੀਆਂ ਪੂਛਾਂ ਪੜ੍ਹਨ-ਸੁਣਨ ਨੂੰ ਆਮ ਮਿਲਣਗੀਆਂ। ਕਿਰਪਾਨਧਾਰੀਆਂ ਨੂੰ ਇਹਨਾਂ ਪੂਛਾਂ ਦੀ ਬਿਲਕੁਲ ਆਗਿਆ

ਨਹੀਂ, ਪਰ ਕਮਾਲ ਇਹ ਹੈ ਕਿ ਉਹਨਾਂ ਦਾ ਇਹਨਾਂ ਬਿਨਾਂ ਸਰਦਾ ਹੀ ਨਹੀਂ। ਇਹਨਾਂ ਪੂਛਾਂ ਨੂੰ ਲਾਹੇ ਬਗ਼ੈਰ ਬਰਾਬਰੀ ਦੇ ਸੰਕਲਪ ਨੂੰ ਅਮਲ ਵਿੱਚ ਲਿਆਉਣ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਸੋਚਣਾ ਤਾਂ ਹੀ ਸੰਭਵ ਹੈ, ਜੇ ਵੱਡੇ ਨੇਤਾ ਇਹਨਾਂ ਪੂਛਾਂ ਨੂੰ ਲਾਹੁਣ ਬਾਰੇ ਸੋਚਣ।

ਫੇਰ ਸੱਚ ਤੇ ਝੂਠ ਵਿੱਚੋਂ ਇੱਕ ਨਾਲ ਦੋਸਤੀ ਵੀ ਨਹੀਂ ਪਈ। ਜੇ ਪੈਣੀ ਹੀ ਹੋਵੇ ਤਾਂ ਸੱਚ ਨਾਲ ਹੀ ਪੈਣੀ ਚਾਹੀਦੀ ਹੈ, ਪਰ ਝੂਠ ਕਦੇ ਪਿੱਛਾ ਛੱਡਣ ਲਈ ਤਿਆਰ ਨਹੀਂ ਹੋਇਆ। ਇਵੇਂ ਹੀ ਇਮਾਨਦਾਰੀ ਤੇ ਬੇਈਮਾਨੀ ਦਾ ਮਾਮਲਾ ਹੈ, ਜਿਨ੍ਹਾਂ ਵਿੱਚੋਂ ਬੇਈਮਾਨੀ ਨਾਲ ਰਿਸ਼ਤਾ ਰੱਖਿਆ ਹੀ ਨਹੀਂ ਜਾ ਸਕਦਾ। ਭ੍ਰਿਸ਼ਟਾਚਾਰ ਦੇ ਪ੍ਰਛਾਵੇਂ ਹੇਠੋਂ ਵੀ ਨਹੀਂ ਲੰਘਣਾ ਚਾਹੀਦਾ, ਪਰ ਕੋਈ ਵੀ ਕਹਿ ਸਕਦਾ ਹੈ ਕਿ ਉਹ ਕਦੇ ਵੀ ਇਸ ਦੇ ਪ੍ਰਛਾਵੇਂ ਹੇਠੋਂ ਨਹੀਂ ਲੰਘਦਾ? ਸ਼ਾਇਦ ਨਹੀਂ। ਇਨ੍ਹਾਂ ਸਾਰੀਆਂ ਅਲਾਮਤਾਂ ਨੇ ਗੁਰੂ ਵਾਲਿਆਂ ਦਾ ਸਾਥ ਨਹੀਂ ਛੱਡਿਆ।

ਜੇ ਏਦਾਂ ਹੈ ਤਾਂ 'ਗੁਰੂ ਦੇ ਨਾਲ' ਕਿੱਥੇ ਤੇ ਕਿਵੇਂ ਹੋਏ? ਗੁਰੂ ਦੇ ਨਾਲ ਹੋਣਾ ਆਸਾਨ ਨਹੀਂ। ਜਿਹੜੇ ਅਜੇ ਵੀ ਸੱਚ ਲਈ ਆਪਣੇ ਗੁਰੂ ਲਈ ਸਾਰਾ ਕੁਝ ਨਿਛਾਵਰ ਕਰਨ ਲਈ ਤਿਆਰ ਹੁੰਦੇ ਹਨ, ਕੇਵਲ ਉਹਨਾਂ ਨੂੰ ਹੀ ਇਹ ਅਧਿਕਾਰ ਹੋ ਸਕਦਾ ਹੈ ਕਿ 'ਗੁਰੂ ਨਾਲ' ਹੋਣਾ ਆਖ ਸਕਣ। ਜਿਹੜੇ ਅਜੇ ਤੱਕ ਮੋਟੀਆਂ-ਮੋਟੀਆਂ ਅਲਾਮਤਾਂ ਨੂੰ ਹੀ ਨਹੀਂ ਛੱਡ ਸਕੇ, ਉਹ ਗੁਰੂ ਦੇ ਸ਼ਬਦੀ ਗਿਆਨ ਅਤੇ ਰੂਹਾਨੀ ਅਨੁਭਵ ਤੱਕ ਤਾਂ ਕਦੇ ਵੀ ਨਹੀਂ ਪਹੁੰਚ ਸਕਦੇ। ਗੁਰੂ ਦੀਆਂ ਗੱਲਾਂ ਮੰਨੇ ਬਿਨਾਂ ਉਸ ਨਾਲ ਨਹੀਂ ਤੁਰਿਆ ਜਾ ਸਕਦਾ। ਫੇਰ ਅਸੀਂ ਕੇਵਲ ਬੋਲਾਂ ਵਿੱਚ ਹੀ ਕਿਉਂ ਆਖੀ ਜਾਂਦੇ ਹਾਂ 'ਗੁਰੂ ਦੇ ਨਾਲ'? ਨਿਮਰਤਾ ਨੇੜੇ ਨਹੀਂ ਆਉਣ ਦਿੰਦੇ, ਹੰਕਾਰ ਦਾ ਟਿੱਲਾ ਨਹੀਂ ਢਾਹੁੰਦੇ, ਫੇਰ ਵੀ ਗੁਰੂ ਅੱਗੇ ਝੂਠ ਬੋਲਣੋਂ ਨਹੀਂ ਹਟਦੇ।

ਨਿਮਰਤਾ ਨੇੜੇ ਆਣ ਨਾ ਦੇਈਏ,
ਨਾ ਹੰਕਾਰ ਦਾ ਭਾਂਡਾ ਭੰਨੀਏ,
ਗੁਰੂ ਦੇ ਨਾਲ ਕਿਉਂ ਕਹੀ ਜਾਈਏ,
ਜਦ ਗੁਰੂ ਦੀ ਇੱਕ ਨਾ ਮੰਨੀਏਂ?

♦♦♦



# 45

## ਕਿਧਰ ਜਾਵੇ ਆਮ ਆਦਮੀ ਠੱਗਦੀ ਫਿਰੇ ਸਿਆਸਤ

ਆਮ ਆਦਮੀ ਸਾਧਾਰਣ ਹੈ, ਆਮ ਹੈ ਖ਼ਾਸ ਨਹੀਂ। ਉਹ ਜਿਹੜਾ ਗ਼ਰੀਬੀ 'ਚ ਵਿਚਰ ਰਿਹਾ। ਉਹ ਜਿਸ ਦੀ ਕੋਈ ਪੁੱਛ ਪ੍ਰਤੀਤ ਨਹੀਂ। ਉਹ ਜਿਸ ਦੇ ਅਧਿਕਾਰ ਤੇ ਫਰਜ਼ ਤਾਂ ਹਨ ਪਰ ਉਸ ਨੂੰ ਪਤਾ ਹੀ ਨਹੀਂ। ਉਹ ਜਿਸ ਦੇ ਅਧਿਕਾਰਾਂ ਦੀ ਕੋਈ ਵੀ ਪਰਵਾਹ ਨਹੀਂ ਕਰਦਾ।

ਆਮ ਆਦਮੀ ਨੂੰ ਹਾਸ਼ੀਏ ਤੋਂ ਅਜਿਹਾ ਬਾਹਰ ਕਰ ਦਿੱਤਾ ਗਿਆ ਕਿ ਉਹ ਜੀਵਨ ਨਿਰਬਾਹ ਵਿੱਚ ਹੀ ਲੱਗਿਆ ਰਹਿੰਦਾ। ਉਸ ਕੋਲੋਂ ਏਨਾ ਕੁਝ ਖੋਹ ਲਿਆ ਜਾਂਦਾ ਕਿ ਉਹ ਨੰਗ-ਮੁਨੰਗ ਹੋ ਕੇ ਹੀ ਰਹਿ ਜਾਂਦਾ। ਨੰਗ-ਮੁਨੰਗਾ ਕੀ ਕਰੇ ਤੇ ਕੀ ਨਾ ਕਰੇ?

ਇਹੋ ਜਿਹੇ ਆਦਮੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਿੱਧਰ ਜਾਵੇ। ਉਹ ਕਿਹੜੇ ਰਾਹ 'ਤੇ ਤੁਰੇ। ਕੀ ਕੀ ਕਰਦਾ ਜਾਵੇ। ਉਸ ਦੀ ਮੰਜ਼ਿਲ ਕੀ ਹੋਵੇ। ਹੋਵੇ ਵੀ ਕਿ ਨਾ? ਇਹ ਸਵਾਲ ਵੀ ਉਸ ਕੋਲ ਨਹੀਂ ਰਹਿੰਦੇ। ਸਵਾਲਾਂ ਬਿਨ੍ਹਾਂ ਉੱਤਰ ਕਿਥੋਂ ਭਾਲੇ।

ਅਸਲ ਵਿੱਚ ਆਮ ਆਦਮੀ ਨੂੰ ਅਜਿਹੀ ਸਥਿਤੀ ਵਿੱਚ ਪਹੁੰਚਾ ਦਿੱਤਾ ਗਿਆ ਹੈ ਜਿੱਥੋਂ ਨਿੱਕਲਣਾ ਉਸ ਦੇ ਵੱਸ ਵਿੱਚ ਹੀ ਨਹੀਂ ਹੁੰਦਾ। ਉਸ ਕੋਲ ਨਾ ਸੂਝ ਹੁੰਦੀ ਹੈ ਨਾ ਸਮਰੱਥਾ। ਇਸੇ ਕਾਰਣ ਸਾਰੀ ਉਮਰ ਜ਼ੀਰੋ ਦੀ ਪਰਿਕਰਮਾ ਕਰਨ ਜੋਗਾ ਹੀ ਰਹਿ ਜਾਂਦਾ।

ਸਵਾਲ ਉਠਦਾ ਹੈ ਕਿ ਆਮ ਆਦਮੀ ਕਿੱਧਰ ਜਾਵੇ। ਓਧਰ ਹੀ ਜਾਵੇਗਾ ਜਿੱਧਰ ਉਸ ਨੂੰ ਕੋਈ ਲੈ ਜਾਵੇ। ਇਸ ਲਈ ਕਿ ਅਜਿਹਾ ਕਰਨਾ ਉਸ ਦੀ ਮਜ਼ਬੂਰੀ ਹੁੰਦੀ ਹੈ ਤੇ ਹੋਰ ਕੋਈ ਬਦਲ ਉਸ ਪਾਸ ਹੁੰਦਾ ਹੀ ਨਹੀਂ। ਬਦਲ ਦੀ ਜਾਗ ਵੀ ਉਸ ਪਾਸ ਨਹੀਂ ਹੁੰਦੀ।

ਆਦਮੀ ਦੇ ਸਿਰ 'ਤੇ ਵਾਅਦਿਆਂ, ਲਾਰਿਆਂ ਤੇ ਲਾਲਚਾਂ ਦੀ ਛੱਤਰੀ ਤਾਣੀ ਜਾਂਦੀ ਹੈ ਤਾਂ ਕਿ ਉਹ ਇਸ ਦੀ ਛਾਂ ਦੇ ਸਹਾਰੇ ਨੂੰ ਆਪਣੀ ਠਾਹਰ ਬਣਾਈ ਰੱਖਣ। ਪਰ ਇਹ ਛਾਂ ਨਹੀਂ ਹੁੰਦੀ ਛਾਂ ਦਾ ਭੁਲੇਖਾ ਹੀ ਹੁੰਦਾ। ਨਾ ਵਾਅਦੇ ਪੂਰੇ ਹੁੰਦੇ ਹਨ ਨਾ ਹੀ ਲਾਰੇ। ਦਿੱਤੇ ਹੋਏ ਲਾਲਚ ਸਿਆਸਤ ਦੀ ਜੇਬ 'ਚੋਂ ਨਿੱਕਲਦੇ ਹੀ ਨਹੀਂ ਕਿਉਂਕਿ ਉਹ ਤਾਂ ਆਮ ਆਦਮੀ ਨੂੰ ਟਿਕਾਉਣ ਲਈ ਹੁੰਦੇ ਹਨ ਕਿ

ਕਿਤੇ ਉਹ ਦੂਜੀ ਧਿਰ ਵੱਲ ਨਾ ਭੱਜ ਜਾਵੇ। ਹੁੰਦੀ ਦੂਜੀ ਧਿਰ ਵੀ ਘੱਟ ਨਹੀਂ। ਉਸ ਕੋਲ ਵੀ ਲਾਲਚਾਂ ਦੇ ਲਾਲੀਪੌਪ ਤੋਂ ਬਿਨਾਂ ਹੋਰ ਕੁਝ ਨਹੀਂ ਹੁੰਦਾ। ਦੋਨਾਂ ਧਿਰਾਂ ਵਿੱਚ ਫਸਿਆ ਰਹਿੰਦਾ ਹੈ ਆਮ ਆਦਮੀ। ਕੱਚੀ ਪਿੱਲੀ ਸਿਆਸਤ ਜਾਂ ਹੇਠਲੇ ਪੱਧਰ ਦੀ ਸਿਆਸਤ ਨਿਘਾਰ ਵਾਲੇ ਕੰਮਾਂ ਤੋਂ ਉੱਪਰ ਨਹੀਂ ਉਠਦੀ ਜਿਸ ਕਾਰਣ ਉਸ ਹੱਥੋਂ ਨਿੱਤ ਜ਼ਿਬਾਹ ਹੁੰਦਾ ਰਹਿੰਦਾ ਹੈ ਆਮ ਮਨੁੱਖ। ਆਮ ਮਨੁੱਖ ਦੀ ਹੋਣੀ ਉਹ ਮੁੱਠੀ ਵਿੱਚ ਬੰਦ ਕਰੀ ਰੱਖਦਾ। ਆਮ ਮਨੁੱਖ ਉਸ ਮੁੱਠੀ ਦੇ ਖੁੱਲ੍ਹਣ ਦੀ ਉਡੀਕ ਵਿੱਚ ਟਿਕਟਿਕੀ ਲਾਈ ਰੱਖਦਾ।

ਕਿਸੇ ਪਾਰਟੀ ਦੇ ਹੱਥ ਆਵੇ, ਕਿਸੇ ਬੰਦੇ ਦੇ ਹੱਥ ਆਵੇ ਜਾਂ ਫੇਰ ਕਿਸੇ ਧੜੇ ਦੇ ਕਾਬੂ ਆਵੇ ਰਾਜ ਭਾਗ ਸਿਆਸਤ ਦਾ ਹੀ ਹੁੰਦਾ। ਸਿਆਸਤ ਦੇ ਆਸਰੇ ਹੀ ਹਕੂਮਤ ਤੱਕ ਪਹੁੰਚਿਆ ਜਾਂਦਾ ਜਿਹੜੀ ਆਪਣੀ ਮਰਜ਼ੀ ਬਗ਼ੈਰ ਪੱਤਾ ਤੱਕ ਹਿੱਲਣ ਨਹੀਂ ਦੇਂਦੀ।

ਲਾਰੇ ਕਦੇ ਅਮਲ 'ਚ ਨਹੀਂ ਆਉਂਦੇ, ਵਾਅਦੇ ਕਦੇ ਵਫ਼ਾ ਨਹੀਂ ਪਾਲਦੇ ਅਤੇ ਲਾਲਚ ਕਦੇ ਨਹੀਂ ਰੱਜਦੇ। ਇਸ ਲਈ ਸਿਆਸਤ ਸਦਾ ਆਮ ਆਦਮੀ ਨੂੰ ਠੱਗਦੀ ਰਹਿੰਦੀ ਹੈ ਜਿਸ ਦਾ ਉਸ ਨੂੰ ਪਤਾ ਹੀ ਨਹੀਂ ਲੱਗਦਾ। ਲੱਗ ਵੀ ਜਾਵੇ ਤਾਂ ਵੀ ਉਹ ਕੁੱਝ ਕਰਨ ਜੋਗਾ ਹੀ ਨਹੀਂ ਹੁੰਦਾ।

ਸਿਆਸਤ 'ਚ ਜਾਗੇ ਲੋਕਾਂ ਨੂੰ ਆਮ ਬੰਦੇ ਦੇ ਹੱਕ ਵਿੱਚ ਨਿੱਤਰਨਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਠੱਗੇ ਜਾਣ ਤੋਂ ਬਚਾਇਆ ਜਾ ਸਕੇ।

♦♦♦

ਪੰਜਾਬੀ ਲਾਇਬ੍ਰੇਰੀ
PUNJABI LIBRARY
Email:PunjabiLibrary@gmail.com

www.PunjabiLibrary.com